13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 18
August 7, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਮੋਰਚਾ ਗੁਰੂ ਕਾ ਬਾਗ- 8 ਅਗਸਤ 1922
(ਵਿਸੇਸ ਲੇਖ ਅੰਦਰ ਦੇਖੋ)



ਸੰਤ ਗੁਰਦੀਪ ਗਿਰੀ ਜੀ, ਪਠਾਨਕੋਟ ਵਾਲੇ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪਹੁੰਚ ਰਹੇ ਹਨ।
ਹੋਰ ਜਾਣਕਾਰੀ ਲਈ ਦੇਖੋ ਸਫਾ 2

## ਸ਼ੇਖ ਹਸੀਨਾ ਦੇ ਮੁਲਕ ਛੱਡਣ ਬਾਅਦ 145 ਲੋਕੀ ਮਾਰੇ ਗਏ

**ਨਵੀਂ ਦਿੱਲੀ (ਬਿਊਰੋ)-** ਬੰਗਲਾਦੇਸ਼ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਤੋਂ ਬਾਅਦ ਦੇਸ਼ ਛੱਡ ਕੇ ਭਾਰਤ ਆਈ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਕੁੱਝ ਸਮੇਂ ਲਈ ਦਿੱਲੀ ਵਿਚ ਰਹੇਗੀ। ਇਹ ਜਾਣਕਾਰੀ ਹਸੀਨਾ ਦੇ ਪੁੱਤਰ ਸਜੀਬ ਵਾਜਿਦ ਜੋਏ ਨੇ ਦਿੱਤੀ। ਜ਼ਿਕਰਯੋਗ ਹੈ ਸ਼ੇਖ ਹਸੀਨਾ ਸੋਮਵਾਰ ਨੂੰ ਦਿੱਲੀ ਦੇ ਨਜ਼ਦੀਕ ਸਥਿਤ ਹਵਾਈ ਸੈਨਾ ਦੇ ਅੱਡੇ 'ਤੇ ਪਹੁੰਚੀ ਸੀ, ਜਿਸ ਨੂੰ ਸੁਰੱਖਿਆ ਕਾਰਨਾਂ ਦੇ ਚਲਦਿਆਂ ਬਾਅਦ ਵਿਚ ਇਕ ਸੁਰੱਖਿਅਤ ਥਾਂ 'ਤੇ ਭੇਜ ਦਿੱਤਾ ਗਿਆ ਸੀ। ਦੇਸ਼ ਭਰ 'ਚ ਅਵਾਮੀ ਲੀਗ ਦੇ 20



ਆਗੂਆਂ ਸਮੇਤ 29 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਢਾਕਾ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਇਹ ਮੌਤਾਂ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫੇ ਅਤੇ ਸੋਮਵਾਰ ਨੂੰ ਦੇਸ਼ ਛੱਡਣ ਤੋਂ ਬਾਅਦ ਹੋਈਆਂ ਹਨ। ਹਿੰਸਾ ਪ੍ਰਭਾਵਿਤ ਸਤਖੀਰਾ ਵਿੱਚ ਘੱਟੋ-ਘੱਟ 10 ਲੋਕ ਮਾਰੇ ਗਏ ਸਨ ਅਤੇ ਕੋਮਿਲਾ ਵਿੱਚ ਭੀੜ ਦੇ ਹਮਲਿਆਂ ਵਿੱਚ 11 ਹੋਰ ਲੋਕਾਂ ਦੀ ਮੌਤ ਹੋਈ ਹੈ। ਅਵਾਮੀ ਲੀਗ ਦੇ ਨੇਤਾਵਾਂ ਅਤੇ ਕਾਰਕੁਨਾਂ ਦੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਦੀ ਵਿਆਪਕ ਭੰਨ-ਤੋੜ ਅਤੇ ਲੁੱਟ-ਖਸੁੱਟ ਹੋਈ ਹੈ।

### ਪੈਰਿਸ ਉਲੰਪਿਕ

## ਬਦਕਿਸਮਤੀ- ਫਾਈਨਲ 'ਚ ਪਹੁੰਚੀ ਵਿਨੇਸ਼ ਫੋਗਾਟ ਅਯੋਗ ਕਰਾਰ



**ਪੈਰਿਸ (ਬਿਊਰੋ)-** ਮਹਿਲਾ ਵਰਗ ਕੁਸ਼ਤੀ ਵਿਚ ਅਯੋਗ ਠਹਿਰਾਏ ਜਾਣ ਤੋਂ ਵਿਨੇਸ਼ ਫੋਗਾਟ ਨੂੰ ਵੱਡਾ ਝਟਕਾ ਲੱਗਾ ਹੈ। ਜਾਣਕਾਰੀ ਅਨੁਸਾਰ ਉਸ ਨੂੰ ਡੀਹ-ਾਈਡ੍ਰੇਸ਼ਨ ਕਾਰਨ ਖੇਡ(ਓਲੰਪਿਕ) ਵਿਲੇਜ ਦੇ ਪੋਲੀਕਲੀਨਿਕ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਪੈਰਿਸ ਓਲੰਪਿਕ ਵਿੱਚ ਕੁਸ਼ਤੀ ਇਵੈਂਟ ਲਈ ਕੁਝ ਗ੍ਰਾਮ ਵੱਧ ਭਾਰ ਹੋਣ ਕਾਰਨ ਵਿਨੇਸ਼ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਸੂਤਰਾਂ ਨੇ ਵਿਨੇਸ਼ ਫੋਗਾਟ ਨੂੰ ਡੀਹਾਈਡ੍ਰੇਸ਼ਨ ਕਾਰਨ ਖੇਡ (ਓਲੰਪਿਕ) ਵਿਲੇਜ ਦੇ ਅੰਦਰ ਹੀ ਪੌਲੀਕਲੀਨਿਕ ਵਿੱਚ ਦਾਖਲ ਕਰਵਾਇਆ ਗਿਆ, ਨਾ ਕਿ ਕਿਸੇ ਹਸਪਤਾਲ ਵਿੱਚ। ਹਾਲਾਂਕਿ ਫੋਗਾਟ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣ ਗਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਵਿਨੇਸ਼, "ਤੁਸੀਂ ਚੈਂਪੀਅਨਾਂ ਵਿੱਚ ਇੱਕ ਚੈਂਪੀਅਨ ਹੋ! ਤੁਸੀਂ ਭਾਰਤ ਦਾ ਮਾਣ ਹੋ ਅਤੇ ਹਰ ਭਾਰਤੀ ਲਈ ਪ੍ਰੇਰਣਾ ਹੋ।"

**ਨੀਰਜ ਚੋਪੜਾ ਜੈਵਲਿਨ ਥਰੋਅ ਦੇ ਫਾਈਨਲ ਵਿੱਚ**

ਮੌਜੂਦਾ ਚੈਂਪੀਅਨ ਭਾਰਤ ਦਾ ਨੀਰਜ ਚੋਪੜਾ ਇੱਥੇ ਗਰੁੱਪ-ਬੀ ਕੁਆਲੀਫਾਇਰ 'ਚ ਆਪਣੀ ਪਹਿਲੀ ਕੋਸ਼ਿਸ਼ 'ਚ 89।34 ਮੀਟਰ ਦੇ ਥਰੋਅ ਨਾਲ ਪੈਰਿਸ ਓਲੰਪਿਕ ਖੇਡਾਂ ਦੇ ਪੁਰਸ਼ ਜੈਵਲਿਨ ਥਰੋਅ (ਨੇਜ਼ਾ ਸੁੱਟਣ) ਦੇ ਮੁਕਾਬਲੇ ਦੇ ਫਾਈਨਲ 'ਚ ਪਹੁੰਚ ਗਿਆ ਪਰ ਕਿਸ਼ੋਰ ਜੇਨਾ ਅੱਗੇ ਜਾਣ 'ਚ ਅਸਫਲ ਰਿਹਾ। ਗਰੁੱਪ-ਬੀ ਕੁਆਲੀਫਾਇਰ ਗੇੜ 'ਚ ਸਭ ਤੋਂ ਪਹਿਲਾਂ ਥਰੋਅ ਕਰਨ ਵਾਲੇ ਨੀਰਜ ਨੇ 89.34 ਮੀਟਰ ਨਾਲ ਸੀਜ਼ਨ ਦਾ ਆਪਣਾ ਸਰਬੋਤਮ ਪ੍ਰਦਰਸ਼ਨ ਕਰਦਿਆਂ 8 ਅਗਸਤ ਨੂੰ ਹੋਣ ਵਾਲੇ ਫਾਈਨਲ ਲਈ ਕੁਆਲੀਫਾਈ ਕੀਤਾ। ਨੀਰਜ ਨੇ ਗਰੁੱਪ-ਏ ਅਤੇ ਬੀ ਦੋਵਾਂ 'ਚ ਸਿਖਰ 'ਤੇ ਰਹਿ ਕੇ ਫਾਈਨਲ 'ਚ ਜਗ੍ਹਾ ਬਣਾਈ ਹੈ।

**ਭਾਰਤ ਨੂੰ ਸੈਮੀ ਫਾਈਨਲ 'ਚ ਜਰਮਨੀ ਤੋਂ ਹਾਰ**

ਭਾਰਤੀ ਪੁਰਸ਼ ਹਾਕੀ ਟੀਮ ਪੈਰਿਸ ਓਲੰਪਿਕ ਦੇ ਸੈਮੀ ਫਾਈਨਲ ਵਿੱਚ ਜਰਮਨੀ ਤੋਂ 2-3 ਨਾਲ ਹਾਰ ਗਈ। ਭਾਰਤੀ ਟੀਮ ਹੁਣ ਕਾਂਸੀ ਦੇ ਤਗ਼ਮੇ ਲਈ 8 ਅਗਸਤ ਨੂੰ ਸਪੇਨ ਖ਼ਿਲਾਫ਼ ਖੇਡੇਗੀ ਜਦੋਂਕਿ ਖ਼ਿਤਾਬੀ ਮੁਕਾਬਲਾ ਜਰਮਨੀ ਤੇ ਨੈਦਰਲੈਂਡਜ਼ ਵਿਚਾਲੇ ਖੇਡਿਆ ਜਾਵੇਗਾ।

## ਸ੍ਰੀ ਗੁਰੂ ਰਵਿਦਾਸ ਗੁਰੂਘਰ ਪਿਟਸਬਰਗ (ਕੈਲੀਫੋਰਨੀਆ) ਵਿਖੇ ਸਵੈਨ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ





**ਪਿਟਸਬਰਗ (ਡੀਡੀਬੀ)-** ਲੰਘੇ ਐਤਵਾਰ 4 ਅਗਸਤ ਨੂੰ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਗੁਰੂਘਰ ਦੇ ਅਨਿਨ ਸੇਵਕ ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਵਜੋਤ ਸਵੈਨ ਵਲੋਂ ਪਰਿਵਾਰ ਦੀ ਚੜ੍ਹਦੀਕਲਾ ਅਤੇ ਵਾਹਿਗੁਰੂ ਦੇ ਸ਼ੁਕਰਾਨਾ ਵਜੋਂ 2 ਅਗਸਤ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 4 ਅਗਸਤ 2024 ਨੂੰ ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੁਰਾਨ ਗੁਰੂਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਨਾਮਵਰ ਰਾਗੀ ਜਥਾ ਭਾਈ ਸਾਹਿਬ ਭਾਈ **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29-30 'ਤੇ)**


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN Broker Realtor RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

## Devoted families are requesting entire Sangat to attend the following functions:

**August 9-10-11, 2024**
**Sant Kabir ji Birth Anniversary**

Sant Kabir Ji's birth anniversary will be celebrated on August 11, 2024. Akhand Path will start on Friday, August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are enshrined in the Holy Scripture, Guru Granth Sahib ji. Jatha of **Bhai Joginder Singh ji Bhai Jagir Singh ji from Dehradun will do the Shabad Kirtan along with Gurughar Jatha of Giani Balwinder Singh ji.**









Fortunately, Sant Gurdip Giri ji from Pathankot are visiting the United States, he will be coming to Gurughar to highlight teachings of Guru Sahib on this day.

**HELP CAMP on**
**August 11, 2024**

Consulate General of India, San Francisco, California will put on a HELP CAMP on August 11, 2024, from 10:00 AM to 1:30 PM to help Sangat with Indian Passport, OCI Card or document attestation etc. Please avail this opportunity to get much needed help from the Consulate Staff. Invite your family and friends so that they can benefit from this Camp. We are very thankful to Honorable Consul General Dr. K. Srikar Reddy and Consul Jaswant Singh for making this possible.

Path and Langar Sewa will be hosted by the devotees. You are humbly requested to come to the celebration and get Guru Sahib's blessings.

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruiravidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita Singh

# ਸਰਹੱਦੀ ਸੁਰੱਖਿਆ ਬਿੱਲ ਖਤਮ ਕਰਨ ਲਈ ਜਿੰਮਵਾਰ ਹੈ ਡੋਨਲਡ ਟਰੰਪ- ਕਮਲਾ ਹੈਰਿਸ ਡੈਮਕਰੈਟਿਕ ਉਮੀਦਵਾਰ ਨੇ ਦਿੱਤੀ ਖੁਲੀ ਬਹਿਸ ਦੀ ਚੁਣੌਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਡੋਨਲਡ ਟਰੰਪ ਨੂੰ ਖੁਲੀ ਬਹਿਸ ਦੀ ਚੁਣੌਤੀ ਦਿੱਤੀ ਹੈ। ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਵਜੋਂ ਰਸਮੀ ਦਾਅਵੇਦਾਰੀ ਪੇਸ਼ ਕਰਨ ਉਪਰੰਤ ਐਟਲਾਂਟਾ (ਜਾਰਜੀਆ) ਵਿਚ ਇਕ ਉਤਸ਼ਾਹ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ ਹੈਰਿਸ ਨੇ ਕਿਹਾ ਕਿ ਮੇਰੇ ਵੱਲੋਂ ਇਸ ਤੋਂ ਪਹਿਲਾਂ ਬਹਿਸ ਲਈ ਦਿੱਤੀ ਚੁਣੌਤੀ ਤੋਂ ਟਰੰਪ ਭੱਜ ਗਿਆ ਸੀ ਤੇ ਉਨਾਂ ਨੇ ਕਿਹਾ ਸੀ ਕਿ ਸੰਭਾਵੀ ਤੌਰ 'ਤੇ ਉਹ ਹੈਰਿਸ ਨਾਲ ਸਤੰਬਰ ਵਿਚ ਬਹਿਸ ਕਰਨਗੇ। ਹੈਰਿਸ ਨੇ ਕਿਹਾ ਬਹੁਤ ਵਧੀਆ ਟਰੰਪ ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਮੰਚ ਉਪਰ ਬਹਿਸ ਬਾਰੇ ਮੁੜ ਵਿਚਾਰ ਕਰੋਗੇ। ਉਨਾਂ ਕਿਹਾ ਜੇਕਰ ਤੁਹਾਡੇ ਕੋਲ ਮੇਰੇ ਲਈ ਕੁਝ ਕਹਿਣ ਲਈ ਹੈ ਤਾਂ ਆਹਮੋ ਸਾਹਮਣੇ ਆ ਕੇ ਕਹੋ। ਇਹ ਐਲਾਨ ਉਨਾਂ ਨੇ ਰੈਲੀ ਵਿਚ ਇਕੱਤਰ ਭੀੜ ਦੀਆਂ ਤਾੜੀਆਂ ਦੀ ਗੜਗੜਾਹਟ ਦਰਮਿਆਨ ਕੀਤਾ। ਹੈਰਿਸ ਨੇ ਵਚਨਬੱਧਤਾ ਪ੍ਰਗਟਾਈ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਆਮ ਸਹਿਮਤੀ ਵਾਲਾ ਇਮੀਗ੍ਰੇਸ਼ਨ ਬਿੱਲ ਲਿਆਉਣਗੇ ਜਿਸ ਬਾਰੇ ਸੈਨੇਟ ਵਿਚ ਬਹਿਸ ਹੋ ਚੁੱਕੀ ਹੈ ਤੇ ਪਾਸ ਹੋ ਚੁੱਕਾ ਹੈ। ਉਨਾਂ ਕਿਹਾ ਦੂਸਰੇ ਪਾਸੇ ਡੋਨਲਡ ਟਰੰਪ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਕਰਦੇ ਹਨ ਜਦ ਕਿ ਹਕੀਕਤ ਇਹ ਹੈ ਕਿ ਰਿਪਬਲੀਕਨਾਂ ਨੇ ਦੋ ਵਾਰ ਬਿੱਲ ਪਾਸ ਨਹੀਂ ਹੋਣ ਦਿੱਤਾ ਕਿਉਂਕਿ ਟਰੰਪ ਨੇ ਰਿਪਬਲੀਕਨ ਸਾਂਸਦਾਂ ਨੂੰ ਇਸ ਦਾ ਵਿਰੋਧ ਕਰਨ ਦੀ ਬੇਨਤੀ ਕੀਤੀ ਸੀ। ਟਰੰਪ ਦਾ ਕਹਿਣਾ ਸੀ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਚੋਣ ਵਾਲੇ ਸਾਲ ਵਿਚ ਬਾਈਡਨ ਦੀ ਜਿੱਤ ਦਾ ਸੰਕੇਤ ਮਿਲੇਗਾ। ਹੈਰਿਸ ਨੇ ਕਿਹਾ ਕਿ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਟਰੰਪ ਨੂੰ ਸਰਹੱਦੀ ਸੁਰੱਖਿਆ ਦੀ ਚਿੰਤਾ ਨਹੀਂ ਹੈ ਤੇ ਉਹ ਕੇਵਲ ਆਪਣੀ ਚਿੰਤਾ ਕਰਦਾ ਹੈ। ਜਦੋਂ ਮੈ ਰਾਸ਼ਟਰਪਤੀ ਬਣਾਂਗੀ ਤਾਂ ਮੈ ਜ਼ਮੀਨੀ ਪੱਧਰ 'ਤੇ ਸਮੱਸਿਆ ਦਾ ਹੱਲ ਕਰਨ ਲਈ ਕੰਮ ਕਰਾਂਗੀ। ਉਨਾਂ ਹੋਰ ਕਿਹਾ ਰਾਸ਼ਟਰਪਤੀ ਦੀ ਚੋਣ ਦੀ ਦੌੜ ਵਿਚ ਹਵਾ ਦਾ ਰੁਖ ਬਦਲ ਰਿਹਾ ਹੈ ਤੇ ਇਸ ਤਰਾਂ ਦੇ ਸੰਕੇਤ ਮਿਲੇ ਹਨ ਕਿ ਡੋਨਲਡ ਟਰੰਪ ਇਸ ਬਦਲੇ ਹਾਲਾਤ ਨੂੰ ਮਹਿਸੂਸ ਕਰ ਰਹੇ ਹਨ। ਉਨਾਂ ਜੁੜੀ ਭੀੜ ਨੂੰ ਕਿਹਾ ਹੋ ਸਕਦਾ ਹੈ ਕਿ ਤੁਸੀਂ ਵੀ ਇਸ ਨੂੰ ਮਹਿਸੂਸ ਕੀਤਾ ਹੋਵੇ। ਆਪਣੇ ਭਾਸ਼ਣ ਦੌਰਾਨ ਹੈਰਿਸ ਨੇ ਜਾਰਜੀਆ ਵੱਲ ਆਪਣੀ ਤਵਜੋਂ ਉਪਰ ਜੋਰ ਦਿੱਤਾ। ਰਾਸ਼ਟਰਪਤੀ ਜੋ ਬਾਈਡਨ 2020 ਦੀਆਂ ਚੋਣਾਂ ਦੌਰਾਨ ਜਾਰਜੀਆ ਵਿਚੋਂ 12000 ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਅਮਰੀਕੀ ਨਸਲ ਦੀ ਗੱਲ ਕਰਨ ਵਾਲੇ ਆਗੂ ਨੂੰ ਨਹੀਂ ਚੁਹੰਦੇ-ਹੋਸਟਨ ਵਿਚ ਇਕ ਵੱਖਰੇ ਸੰਬਧੋਨ ਵਿੱਚ ਕਮਲਾ ਹੋਰਿਸ ਨੇ ਡੋਨਲਡ ਟਰੰਪ ਵੱਲੋਂ ਇਕ ਮੁਲਾਕਾਤ ਦੌਰਾਨ ਉਸ ਦੀ ਨਸਲ ਬਾਰੇ ਝੂਠਾ ਦਾਅਵਾ ਕਰਨ ਬਾਰੇ ਕਿਹਾ ਕਿ ਅਮਰੀਕੀ ਇਸ ਤੋਂ ਉਪਰ ਸੋਚਦੇ ਹਨ ਤੇ ਉਹ ਇਸ ਤੋਂ ਵਧ ਦੇ ਹੱਕਦਾਰ ਹਨ। ਹੈਰਿਸ ਨੇ ਕਿਹਾ ਕਿ ਇਹ ਪੁਰਾਣਾ ਰਾਗ ਹੈ- ਵੰਡ ਪਾਓ ਤੇ ਅਪਮਾਣਤ ਕਰੋ। ਉਨਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਆਗੂ ਚਹੁੰਦੇ ਹਨ ਜੋ ਸੱਚ ਬੋਲੇ ਅਜਿਹਾ ਆਗੂ ਨਹੀਂ ਜੋ ਜਦੋਂ ਤੱਥਾਂ ਦਾ ਸਾਹਮਣਾ ਕਰਨਾ ਪਵੇ ਤਾਂ ਦੁਸ਼ਮਣੀ ਤੇ ਕਰੋਧ ਨਾਲ ਜਵਾਬ ਦੇਵੇ। ਹੈਰਿਸ ਨੇ ਕਿਹਾ ਅਸੀਂ ਅਜਿਹਾ ਆਗੂ ਚਹੁੰਦੇ ਹਾਂ ਜੋ ਇਸ ਸਮਝੇ ਕਿ ਸਾਡੇ ਵਖਰੇਵੇਂ ਸਾਨੂੰ ਵੰਡ ਨਹੀਂ ਸਕਦੇ ਜੋ ਸਾਡੀ ਤਾਕਤ ਲਈ ਜਰੂਰੀ ਸਾਧਨ ਹਨ।



# ਮੈਰੀਲੈਂਡ ਵਿਚ ਬੱਚਿਆਂ ਦੇ ਖੇਡਣ ਵਾਲਾ ਉਛਾਲ ਘਰ ਹਵਾ ਵਿਚ ਉੱਡਿਆ

## ਡਿੱਗਣ ਕਾਰਨ ਇਕ ਬੱਚੇ ਦੀ ਮੌਤ ਤੇ ਇਕ ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਇਕ ਦੁੱਖਦਾਈ ਘਟਨਾ ਵਾਪਰਨ ਦੀ ਖਬਰ ਹੈ ਜਿਸ ਵਿਚ ਇਕ ਬੱਚੇ ਦੀ ਮੌਤ ਹੋ ਗਈ ਤੇ ਇਕ ਹੋਰ ਜ਼ਖਮੀ ਹੋ ਗਿਆ। ਚਾਰਲਸ ਕਾਊਂਟੀ ਦੇ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਘਟਨਾ ਵਾਲਡੋਰਫ ਵਿਚ ਰੀਜੈਂਸੀ ਫਰਨੀਚਰ ਸਟੇਡੀਅਮ ਵਿਚ ਉਸ ਸਮੇ ਵਾਪਰੀ ਜਦੋਂ ਸਟੇਡੀਅਮ ਵਿਚ ਸਾਊਦਰਨ ਮੈਰੀਲੈਂਡ ਬਲਿਊ ਕਰੈਬਸ ਬੇਸਬਾਲ ਟੀਮ ਖੇਡ ਰਹੀ ਸੀ। ਸਟੇਡੀਅਮ ਦੇ ਬਾਹਰ ਇਕ ਉਛਾਲ ਘਰ ਵਿਚ ਕੁਝ ਬੱਚੇ ਮੌਜੂਦ ਸਨ ਕਿ ਹਵਾ ਦਾ ਇਕ ਝੋਂਕਾ ਉਛਾਲ ਘਰ ਨੂੰ 15 ਤੋਂ 20 ਫੁੱਟ ਤੱਕ ਉਡਾ ਕੇ ਲੈ ਗਿਆ। ਬੱਚੇ ਉਛਾਲ ਘਰ ਵਿਚੋਂ ਉਛਲ ਕੇ ਜਮੀਨ ਉਪਰ ਆ ਡਿੱਗੇ। ਮੌਕੇ 'ਤੇ ਮੌਜੂਦ ਡਾਕਟਰੀ ਅਮਲੇ ਨੇ ਬੱਚਿਆਂ ਨੂੰ ਮੁੱਢਲੀ ਸਹਾਇਤਾ ਦਿੱਤੀ।

ਇਕ 5 ਸਾਲ ਦੇ ਬੱਚੇ ਨੂੰ ਤੁਰੰਤ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਜਿਥੇ ਉਹ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਇਕ ਹੋਰ ਬੱਚਾ ਹਸਪਤਾਲ ਵਿਚ ਦਾਖਲ ਹੈ ਜਿਸ ਦੀ ਹਾਲਤ ਸਥਿੱਰ ਹੈ। ਇਸ ਘਟਨਾ ਕਾਰਨ ਖੇਡਿਆ ਜਾਣ ਵਾਲਾ ਮੈਚ ਰੱਦ ਕਰ ਦਿੱਤਾ ਗਿਆ। ਸਾਊਦਰਨ ਮੈਰੀਲੈਂਡ ਬਲਿਊ ਕਰੈਬਸ ਨੇ ਮੈਚ ਰੱਦ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿਚ ਉਹ ਬੱਚਿਆਂ ਦੇ ਪਰਿਵਾਰਾਂ ਨਾਲ ਖੜੇ ਹਨ ਤੇ ਉਨਾਂ ਦੇ ਦੁੱਖ ਵਿਚ ਸ਼ਾਮਿਲ ਹਨ।

ਚਾਰਲਸ ਕਾਊਂਟੀ ਦੇ ਸਰਕਾਰੀ ਕਮਿਸ਼ਨ ਦੇ ਪ੍ਰਧਾਨ ਰੀਬੇਨ ਬੀ ਕੋਲਿਨਸ ਨੇ ਵੀ ਇਕ ਬਿਆਨ ਵਿਚ ਸਬੰਧਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਮੌਕੇ 'ਤੇ ਮੱਦਦ ਲਈ ਪੁੱਜੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੋਨਟਾਨਾ ਰਾਜ ਵਿਚ ਪਹਾੜੀ ਤੋਂ ਨਦੀ ਵਿਚ ਡਿੱਗੇ ਭਾਰਤੀ ਨੌਜਵਾਨ ਦੀ ਲਾਸ਼ ਬਰਾਮਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪਿਛਲੇ ਮਹੀਨੇ ਦੇ ਸ਼ੁਰੂ ਵਿਚ ਅਮਰੀਕਾ ਦੇ ਮੋਨਟਾਨਾ ਰਾਜ ਵਿਚ ਗਲੇਸ਼ੀਅਰ ਨੈਸ਼ਨਲ ਪਾਰਕ ਵਿਖੇ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਗਏ 26 ਸਾਲਾ ਭਾਰਤੀ ਸਿਧਾਂਤ ਵਿਠਲ ਪਾਟਿਲ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਕੈਲੀਫੋਰਨੀਆ ਵਾਸੀ ਪਾਟਿਲ ਆਪਣੇ 7 ਦੋਸਤਾਂ ਨਾਲ ਪਾਰਕ ਵਿਚ ਲੰਬੀ ਸੈਰ 'ਤੇ ਗਿਆ ਸੀ। ਉਹ ਇਕ ਪਹਾੜੀ ਉਪਰ ਖੜਾ ਸੀ ਕਿ ਅਚਾਨਕ ਡਾਵਾਂਡੋਲ ਹੋ ਕੇ ਡੂੰਘੀ ਖੱਡ ਨੁਮਾ ਨਦੀ ਵਿਚ ਜਾ ਡਿੱਗਾ। ਪਾਟਿਲ ਦੇ ਦੋਸਤਾਂ ਤੇ ਮੌਕੇ 'ਤੇ ਮੌਜੂਦ ਹੋਰ ਲੋਕਾਂ ਨੇ ਉਸ ਨੂੰ ਡਿੱਗਦਿਆਂ ਵੇਖਿਆ ਸੀ। ਉਨਾਂ ਨੇ ਹੇਠਾਂ ਜਾ ਕੇ ਪਾਣੀ ਵਿਚ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਗਲੇਸ਼ੀਅਰ ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਡੂੰਘੇ ਪਾਣੀ ਕਾਰਨ ਪਾਟਿਲ ਦੀ ਲਾਸ਼ ਲੱਭਣ ਵਿਚ ਮੁਸ਼ਕਿਲ ਆ ਰਹੀ ਸੀ। ਪਰੰਤੂ ਅੰਤ ਵਿਚ ਉਨਾਂ ਦੀਆਂ ਕੋਸ਼ਿਸ਼ਾਂ ਸਫਲ ਹੋਈਆਂ ਹਨ।

ਪਾਟਿਲ ਦੇ ਚਾਚਾ ਪ੍ਰਤੇਸ਼ ਚੌਧਰੀ ਨੇ ਕਿਹਾ ਹੈ ਕਿ ਯੂ ਐਸ ਰੇਂਜਰ ਅਧਿਕਾਰੀਆਂ ਨੇ ਉਨਾਂ ਨੂੰ ਵਿਠਲ ਦੀ ਲਾਸ਼ ਬਰਾਮਦ ਹੋਣ ਬਾਰੇ ਦਸਿਆ ਹੈ। ਉਨਾਂ ਨੇ ਰੇਂਜਰਾਂ ਦਾ ਧੰਨਵਾਦ ਕੀਤਾ ਹੈ। ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਪਾਟਿਲ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਪਾਟਿਲ ਦੀ ਲਾਸ਼ ਬਰਾਮਦ ਹੋਣ ਨਾਲ ਉਨਾਂ ਨੂੰ ਕੁਝ ਹੌਸਲਾ ਮਿਲੇਗਾ।

# ਕੈਲੀਫੋਰਨੀਆ ਦੇ ਵਾਲਮਾਰਟ ਸਟੋਰ ਵਿਚ ਤਿੱਖੇ ਹਥਿਆਰ ਨਾਲ ਔਰਤ ਦੀ ਹੱਤਿਆ, ਸ਼ੱਕੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਦੇ ਇਕ ਵਾਲਮਾਰਟ ਸਟੋਰ ਵਿਚ ਇਕ ਔਰਤ ਦੀ ਤਿੱਖੇ ਹਥਿਆਰ ਨਾਲ ਹੱਤਿਆ ਕਰ ਦੇਣ ਦੀ ਖਬਰ ਹੈ। ਰਿਵਰਸਾਈਡ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਔਰਤ ਉਪਰ ਹਮਲਾ ਕਰਨ ਦੀ ਘਟਨਾ ਸਵੇਰੇ 7 ਵਜੇ ਦੇ ਕਰੀਬ ਵਾਪਰੀ। ਔਰਤ ਉਪਰ ਖਤਰਨਾਕ ਹਥਿਆਰ ਨਾਲ ਹਮਲਾ ਹੋਣ ਬਾਰੇ ਸੂਚਨਾ ਮਿਲਣ 'ਤੇ ਲੇਕ ਐਲਸਿਨੋਰ ਸ਼ਹਿਰ ਵਿੱਚ ਸਥਿੱਤ ਵਾਲਮਾਰਟ ਸਟੋਰ ਵਿਚ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਪੁਲਿਸ ਅਫਸਰਾਂ ਨੇ ਔਰਤ ਨੂੰ ਡਾਕਟਰੀ ਸਹਾਇਤਾ ਦਿੱਤੀ ਪਰੰਤੂ ਉਹ ਮੌਕੇ ਉਪਰ ਹੀ ਦਮ ਤੋੜ ਗਈ।

ਸ਼ੈਰਿਫ ਦਫਤਰ ਅਨੁਸਾਰ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਸ਼ੈਰਿਫ ਦਫਤਰ ਨੇ ਘਟਨਾ ਸਬੰਧੀ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਾਂਚ ਤੋਂ ਬਾਅਦ ਹੀ ਹੋਰ ਵੇਰਵਾ ਮਿਲ ਸਕੇਗਾ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਕਨੇਡੀਅਨਜ਼ ਕੰਟਰੋਲਾਂ ਵਿੱਚ ਲਿਆ ਪੰਜਾਬੀ ਚੋਬਰਾਂ ਦਾ ਹਿੱਸਾ



**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਛੀਕੇ / ਕੁਲ-ਵੰਤ ਧਾਲੀਆ)-** ਮਾਂਟ ਸੱਤਿਆ, ਸਮੂਹ ਵਿੱਚ 48ਵੀਂ ਕੈਨੇਡੀਅਨਜ਼ ਥੌਨਡੋਰ ਟਰੈਕ ਅਤੇ ਫੀਲਡ ਮੀਟ ਹੋਈ। ਇਸ ਵਿੱਚ ਸ਼ਾਮਲ ਸਨ ਤੋਂ ਅਥਲੀਟ ਵਿੱਚ ਸ਼ਾਮਲ ਸਨ। ਖੇਤਰ ਵਿੱਚ ਖੇਤਰ ਤੋਂ ਪੰਜਾਬੀਆਂ ਨੇ ਹਿੱਸਾ ਲਿਆ। ਇਹ ਫੋਰ ਫਰਿਜਨੋ ਕਾਂਗਰਸ ਗੁਰਬਖਸ਼ ਸਿੰਘ ਨੇ ਹੈਮਰ ਥਰੋਅਅ ਵਿੱਚ ਗੋਲਡ ਮੈਡਲ ਅਤੇ ਵੇਟ ਥਰੋਅਅ ਵਿੱਚ ਗੋਲਡ ਮੈਡਲ ਜਿੱਤਿਆ ਹੈ। ਸ਼ਾਟ ਪੁਟ ਅਤੇਕਸ ਥਰੋਅ ਵਿੱਚ ਕਾਂਸੀ ਦਾ ਤਗਮਾ ਡਿਸਿਆ। ਸਿੰਘ ਫਰਿਜ਼ਨੋ ਸੁਖਨੈਨ ਨੇ ਆਨੰਦ ਛਾਲ ਵਿੱਚ ਸੋਨ ਤਗਮਾ ਪ੍ਰਾਪਤੀ ਅਤੇ ਟ੍ਰਿਪਲ ਜੰਪ ਵਿੱਚ ਵੀ ਸੋਨ ਤਗਮਾ ਲਾਭਿਆ।

ਕਲੀਵਲੈਂਡ, ਓਹੀਓ ਦੇ ਗੁਰਦਿਆਲ ਸਿੰਘ ਨੇ 800 ਮੀਡਿਆ ਦੂਰੀ ਅਤੇ 1500 ਮੀਡਿਆ ਦੂਰੀ ਵਿੱਚ 2 ਸੋਨ ਤਗਮੇ ਭੁਖੇ। ਇਸ ਤੋਂ ਇਲਾਵਾ ਉਸ ਨੇ 4/400 ਮੀਡੀਏ ਰਿਲੇਅ ਦੂਰੀ ਵਿੱਚ ਸੋਨ ਤਗ਼ਮਾ ਕਾਰਨ ਹੈ। 400 ਮੀਡੀਆ, 1500 ਮੀਡੀਆ ਰੇਸ ਵਾਕ ਅਤੇ 10 ਕਿਲੋ ਦੂਰੀ ਵਿੱਚ 3 ਕਾਂਸੀ ਦੇ ਤਗਮੇ ਵੀ ਜਿੱਤੇ।

ਭਾਗਾਂ ਵਿੱਚ ਭਾਗਾਂ ਲਈ ਐਥਲੀਟ ਸਾਂਝ, ਖਬਰੀਲੈਂਡ, ਜਮਾਇਕਾ, ਤ੍ਰਿਦਾਦ, ਅਮਰੀਕਾ ਆਦਿ ਬਹੁਤ ਸਾਰੇ ਇਲਾਕੇ ਤੋਂ ਸ਼ਾਮਲ ਹਨ। ਇਹ ਟ੍ਰੈਕ ਫੀਲਡ ਮੀਟ ਵਿਸ਼ਵ ਭਰ ਦੇ 88 ਅਥਲੀਟਾਂ ਵਿੱਚ ਸ਼ਾਮਲ ਹਨ ਅਤੇ ਇਸ ਵਿੱਚ ਸ਼ਾਮਲ ਹਨ।

# ਜੀ. ਐਚ. ਜੀ. ਅਕੈਡਮੀਂ ਫਰਿਜ਼ਨੋ ਵੱਲੋਂ ਆਪਣੇ ਸਾਰੇ ਕੋਚਾਂ ਅਤੇ ਵਲੰਟੀਅਰਾਂ ਦਾ ਸਨਮਾਨ

**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਛੀਕੇ / ਕੁਲਵੰਤ ਧਾਲੀਆ)-** ਕੈਲੇਫੋਰਨੀਆਂ ਦੀ ਸੈਂ-ਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿੱਚ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਚਲਾਈ ਜਾ ਰਹੀ ਜੀ।ਐਚ।ਜੀ। ਅਕੈਡਮੀਂ ਵੱਲੋਂ ਬੀਤੇ ਦਿਨੀ ਲਾਏ ਗਏ ਬੱਚਿਆਂ ਦੇ ਸਿੱਖਲਾਈ ਕੈਂਪ ਅਤੇ ਅੰਤਰ-ਰਾਸ਼ਟਰੀ ਯੁੱਵਕ ਮੇਲੇ ਦੀ ਸਫਲਤਾਂ ਬਾਅਦ ਸਮੂੰਹ ਕੋਚਾਂ, ਸਹਿਯੋਗੀਆਂ ਅਤੇ ਵਲੰਟੀਅਰਾਂ ਦੇ ਧੰਨਵਾਦ ਵਿੱਚ ਰਾਤਰੀ ਦੇ ਖਾਣੇ ਦੀ ਦਾਅਤ ਦਿੱਤੀ ਗਈ ਸੀ। ਜਿੱਥੇ ਇਸ ਕਾਰਜ ਵਿੱਚ ਹਿੱਸਾ ਲੈਣ ਵਾਲੇ ਵਲੰਟੀਅਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਸਮੇਂ ਚੱਲੇ ਸੰਖੇਪ ਪ੍ਰੋਗਰਾਮ ਦੀ ਸੁਰੂਆਤ ਕਰਦੇ ਹੋਏ ਗੁਰਦੀਪ ਸਿੰਘ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਜਦ ਕਿ ਅਕੈਡਮੀਂ ਦੇ ਪ੍ਰਮੁੱਖ ਮੈਂਬਰਾਂ ਵਿੱਚ ਪਰਮਜੀਤ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਸੁਖਦੇਵ ਸਿੰਘ ਸਿੱਧੂ ਅਤੇ ਹੋਰਨਾਂ ਨੇ ਵਿਚਾਰਾ ਦੀ ਸਾਂਝ ਪਾਉਦੇ ਹੋਏ ਯੋਗ ਉਪਰਾਲਿਆਂ ਦੀ ਸ਼ਲਾਘਾ ਕਰਦੇ ਹੋਏ ਪੰਜਾਬ ਤੋਂ ਬੱਚਿਆਂ ਦੇ ਪੰਜਾਬੀ ਸੱਭਿਆਚਾਰ ਨਾਲ



ਜੁੜਨ 'ਤੇ ਖੁਸ਼ੀ ਪ੍ਰਗਟਾਈ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਰੇਡੀਓ ਪੰਜਾਬ ਦੇ ਸੰਸਥਾਪਿਕ ਸੁਖਦੇਵ ਸਿੰਘ ਢਿੱਲੋਂ ਅਤੇ ਜੀ.ਐਚ.ਜੀ. ਅਕੈਡਮੀਂ ਦੇ ਵਿਦਿਆਰਥੀਆਂ ਰਹਿ ਚੁੱਕੇ ਅਤੇ ਅੱਜ-ਕੱਲ ਗੁਰਸਿੱਖੀ ਸਰੂਪ ਵਿੱਚ ਬਤੌਰ ਸੇਵਾਵਾ ਨਿਭਾ ਰਹੇ ਡਿਪਟੀ ਸ਼ੈਰਫ (ਫਰਿਜ਼ਨੋ) ਇਕਰਾਜ ਸਿੰਘ ਉੱਭੀ, ਸਰਬਜੀਤ ਸਿੰਘ ਸਾਰੰਗੀ ਮਾਸਟਰ ਅਤੇ ਹੋਰ ਸਖਸ਼ੀਅਤਾ ਨੂੰ ਵੀ ਸਨਮਾਨ ਕੀਤਾ ਗਿਆ। ਇਸ ਸਮੇਂ ਬੀਬੀਆਂ ਵੱਲੋਂ ਬੱਚਿਆਂ ਨੂੰ ਯੋਗ ਅਗਵਾਈ ਕਰਦੇ ਹੋਏ ਅਕੈਡਮੀਂ ਦੇ ਵਲੰਟੀਅਰ ਕਾਰਜਾਂ ਵਿੱਚ ਵੱਧ ਚੜ ਕੇ ਹਿੱਸਾ ਸੇਵਾਵਾ ਨਿਭਾਉਣ ਬਦਲੇ ਮਾਣ-ਸਨਮਾਨ ਦਿੱਤਾ ਗਿਆ। ਹਮੇਸ਼ਾ ਦੀ ਤਰਾਂ ਨਸ਼ਿਆਂ ਤੋਂ ਬਚਣ ਅਤੇ ਚੰਗੀ ਸਿਹਤ ਸੰਭਾਲ ਦੀ ਗੱਲ ਹੋਈ। ਇਸੇ ਤਰਾਂ ਅਕੈਡਮੀਂ ਦੇ ਸੀਨੀਅਰ ਕੋਚ ਜਸਪ੍ਰੀਤ ਸਿੰਘ ਸਿੱਧੂ ਨੇ ਵੀ ਜਿੱਥੇ ਬੋਲੀਆਂ ਪਾ ਰੌਣਕਾਂ ਲਾਈਆਂ, ਉੱਥੇ ਸਭ ਦਾ ਧੰਨਵਾਦ ਵੀ ਕੀਤਾ। ਅਗਲੇ ਵਰੇ ਦੇ ਪ੍ਰੋਗਰਾਮਾਂ ਨੂੰ ਉਲੀਕਦੇ ਹੋਏ ਇਹ ਪ੍ਰੋਗਰਾਮ ਰਾਤ ਦੇ ਸੁਆਦਲੇ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।

# ਸੈਂਟਰਲ ਵੈਲੀ ਵੈਟਰਨਜ਼ ਡੇ ਪਰੇਡ ਸੰਸਥਾ ਨੇ ਸਿੱਖ ਕੌਂਸਲ ਦਾ ਧੰਨਵਾਦ ਕੀਤਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿਖੇ ਹਰ ਸਾਲ ਵੈਟਰਨ ਡੇ ਦੌਰਾਨ ਫਰਿਜ਼ਨੋ ਡਾਊਨ ਟਾਊਨ ਵਿੱਚ ਵਿਸ਼ੇਸ਼ ਪਰੇਡ ਕੀਤੀ ਜਾਂਦੀ ਹੈ। ਜਿਸ ਵਿੱਚ ਲੰਘੇ ਸਾਲ 2023 ਨੂੰ ਹੋਈ 104 ਵੀ ਪਰੇਡ ਵਿੱਚ ਸਿੱਖਾ ਦੀ ਸੰਸਥਾ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਵੱਲੋਂ ਆਪਣੇ ਮੈਂਬਰਾਂ ਸਮੇਤ ਹਿੱਸਾ ਲਿਆ ਸੀ। ਜਿੱਥੇ ਸਿੱਖਾਂ ਵੱਲੋਂ ਸਹਿਯੋਗ ਕਰਦੇ ਹੋਏ ਆਪਣੇ ਵੱਲੋਂ ਅਮਰੀਕਾ ਵਿੱਚ ਸਿੱਖ ਫ਼ੌਜੀਆਂ ਦੇ ਇੱਕ ਫਲੋਟ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਜਿਸ ਵਿੱਚ ਅਮਰੀਕਾ ਦੀ ਫੌਜ਼ ਵਿੱਚ ਸੇਵਾ ਨਿਭਾ ਚੁੱਕੇ ਸਥਾਨਿਕ ਸਿੱਖ ਫੌਜੀ ਮਰਦ ਅਤੇ ਔਰਤਾਂ ਸ਼ਾਮਲ ਸਨ। ਇਸ ਤੋਂ ਇਲਾਵਾ ਲੰਘੇ ਕਈ ਸਾਲਾਂ ਤੋਂ ਸਿੱਖ ਭਾਈਚਾਰੇ ਵੱਲੋਂ ਪਰੇਡ ਵਿੱਚ ਸ਼ਾਮਲ ਲੋਕਾਂ ਲਈ ਚਾਹ-ਪਾਣੀ, ਕੌਫੀ ਅਤੇ ਹੋਰ ਖਾਣ ਦੀਆਂ ਵਸਤਾਂ ਦੇ ਲੰਗਰ ਲਾ ਸੇਵਾ ਨਿਭਾਈ ਜਾਂਦੀ ਰਹੀ ਹੈ।



ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਇਸ ਉਤਸਾਹ ਅਤੇ ਸਹਿਯੋਗ ਨੂੰ ਦੇਖਦੇ ਹੋਏ ਵੈਟਰਨਜ਼ ਦੀ ਸੰਸਥਾ ਵੱਲੋਂ ਉਨ੍ਹਾਂ ਦੇ ਵਾਈਸ ਪ੍ਰੈਜ਼ੀਡੈਂਟ ਮਿਸਟਰ ਗੇਬੇ ਵਿਲੇਸਨੋਰ ਨੇ ਵਿਸ਼ੇਸ਼ ਤੌਰ 'ਤੇ ਫਰਿਜ਼ਨੋ ਦੇ ਗੁਰਦੁਆਰਾ ਸ੍ਰੀ ਰਵਿਦਾਸ ਸਭਾ ਚੈਰੀ ਐਵਨਿਊ ਵਿਖੇ ਪਹੁੰਚ ਕੇ ਧੰਨਵਾਦ ਕਰਦੇ ਹੋਏ ਸਿੱਖ ਕੌਸ਼ਲ ਨੂੰ ਸਨਮਾਨ ਦਿੱਤਾ। ਇਸ ਸਮੇਂ ਉਨ੍ਹਾਂ ਦੇ ਨਾਲ ਸਿਮਰਨ ਕੌਰ ਬਰਾੜ ਸਨ। ਜਦ ਕਿ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਸਮੂੰਹ ਮੈਂਬਰ ਮੌਜੂਦ ਸਨ। ਇਸ ਸਮੇਂ ਸਿੱਖ ਕੌਸ਼ਲ ਵੱਲੋਂ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾਂ ਨੇ ਬੋਲਦਿਆਂ ਮਿਸਟਰ ਗੇਬੇ ਅਤੇ ਸਮੂੰਹ ਵੈਟਰਨਜ਼ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਅੱਗੇ ਤੋਂ ਵੀ ਸਹਿਯੋਗ ਦੇਣ ਦੀ ਬਚਨਬੱਧਤਾ ਪ੍ਰਗਟਾਈ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਅਜਿਹੀਆਂ ਸੇਵਾਵਾਂ ਜਿੱਥੇ ਸਾਡੇ ਬੱਚਿਆਂ ਨੂੰ ਅਮਰੀਕਾਂ ਵਰਗੇ ਵਿਸ਼ਾਲ ਦੇਸ਼ ਦੀ ਫੌਜ ਵਿੱਚ ਜਾਣ ਲਈ ਪ੍ਰੇਰਿਤ ਕਰਦੀਆਂ ਹਨ। ਉੱਥੇ ਸਾਡੀ ਸਿੱਖ ਪਹਿਚਾਣ ਨੂੰ ਵੀ ਅੱਗੇ ਵਧਾਉਂਦੀਆਂ ਹਨ। ਅੰਤ ਚੰਗੇ ਵਿਚਾਰਾਂ, ਦੇਸ਼ ਪ੍ਰਤੀ ਪਿਆਰ ਅਤੇ ਆਪਸੀ ਭਾਈਚਾਰਿਆਂ ਵਿੱਚ ਸਾਂਝ ਦੀ ਗੱਲ ਕਰਦਿਆਂ ਇਹ ਵਿਸ਼ੇਸ਼ ਇਕੱਤਰਤਾ ਯਾਦਗਾਰੀ ਹੋ ਨਿਬੜੀ।



# ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਔਕਲੈਂਡ ਪਹੁੰਚੇ-ਵਪਾਰ ਮੰਤਰੀ ਨੇ ਕੀਤਾ ਸਵਾਗਤ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਦੀ ਰਾਸ਼ਟਰਪਤੀ ਮਾਣਯੋਗ ਦਰੋਪਦੀ ਮੁਰਮੂ ਤਿੰਨ ਦਿਨਾਂ ਨਿਊਜ਼ੀਲੈਂਡ ਦੌਰੇ ਉਤੇ ਅੱਜ ਰਾਤ ਫੀਜ਼ੀ ਤੋਂ ਔਕਲੈਂਡ ਪਹੁੰਚ ਗਏ ਹਨ। ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਉਨ੍ਹਾਂ ਦਾ ਸਵਾਗਤ ਨਿਊਜ਼ੀਲੈਂਡ ਦੇ ਵਪਾਰ ਮੰਤਰੀ ਸ੍ਰੀ ਟੌਡ ਮੈਕਲੇ ਨੇ ਕੀਤਾ। ਇਸ ਦੌਰੇ ਦੌਰਾਨ ਉਹ ਔਕਲੈਂਡ ਅਤੇ ਦੇਸ਼ ਦੀ ਰਾਜਧਾਨੀ ਵਲਿੰਗਟਨ ਵਿਖੇ ਸਰਕਾਰੀ ਅਤੇ ਭਾਰਤੀ ਕਮਿਊਨਿਟੀ ਦੇ ਨਾਲ ਮੀਟਿੰਗਾਂ ਅਤੇ ਸਮਾਗਮਾਂ ਦੇ ਵਿਚ ਭਾਗ ਲੈਣਗੇ। ਰਾਜਧਾਨੀ ਵਲਿੰਗਟਨ ਵਿਖੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸਟੋਫਰ ਲਕਸਨ, ਗਵਰਨਰ ਜਨਰਲ ਮੈਡਮ ਸਿੰਡੀ ਕਿਰੋ ਅਤੇ ਵਿਦੇਸ਼ ਮੰਤਰੀ ਸ੍ਰੀ ਵਿੰਸਟਨ ਪੀਟਰਜ਼ ਨੂੰ ਮਿਲਣਗੇ। ਉਨ੍ਹਾਂ ਦੇ ਮਾਣ ਵਿਚ ਰਾਤਰੀ ਭੋਜ ਦਾ ਆਯੋਜਨ ਹੋਵੇਗਾ। ਗਵਰਨਰ ਹਾਊਸ ਵਿਖੇ



ਉਨ੍ਹਾਂ ਦਾ ਰਸਮੀ ਸਵਾਗਤ ਕੱਲ ਸਵੇਰੇ ਕੀਤਾ ਜਾਣਾ ਹੈ। ਉਹ ਰਾਜਧਾਨੀ ਵਿਖੇ ਨਿਊਜ਼ੀਲੈਂਡ ਇੰਟਰਨੈਸ਼ਨਲ ਐਜੂਕੇਸ਼ਨ ਕਾਨਫਰੰਸ ਨੂੰ ਵੀ ਸੰਬੋਧਨ ਕਰਨਗੇ। ਸ਼ੁੱਕਰਵਾਰ ਸ਼ਾਮ ਨੂੰ ਔਕਲੈਂਡ ਸਿਟੀ ਵਿਖੇ ਉਹ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਮਿਲਣਗੇ। ਵਲਿੰਗਟਨ ਰੇਲਵੇ ਸਟੇਸ਼ਨ ’ਤੇ ਲੱਗੇ ਹੋਏ ਮਹਾਤਮਾ ਗਾਂਧੀ ਦੇ ਬੁੱਤ ’ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣ ਦੀ ਵੀ ਉਮੀਦ ਹੈ। ਉਹ ਰਾਜਧਾਨੀ ’ਚ ਪੁਕੇਹੂ ਨੈਸ਼ਨਲ ਵਾਰ ਮੈਮੋਰੀਅਲ ’ਤੇ ਫੁੱਲਮਾਲਾ ਭੇਟ ਕਰਨ ਦੇ ਸਮਾਰੋਹ ’ਚ ਵੀ ਹਿੱਸਾ ਲੈਣਗੇ। ਨਿਊਜ਼ੀਲੈਂਡ ਦੌਰੇ ਤੋਂ ਬਾਅਦ ਉਹ ਫਿਰ ਤਿਮੋਰ ਲੈਸਟੇ (ਟਾਪੂ ਦੇਸ਼) ਲਈ ਰਵਾਨਾ ਹੋਣਗੇ। ਵਰਨਣਯੋਗ ਹੈ ਕਿ ਹੁਣ ਤੱਕ ਦੇ ਇਤਿਹਾਸ ਵਿਚ ਉਹ ਭਾਰਤ ਦੇ ਦੂਜੇ ਰਾਸ਼ਟਰਪਤੀ ਹਨ, ਜੋ ਇਥੇ ਆਏ ਹਨ। ਇਸ ਤੋਂ ਪਹਿਲਾਂ 2016 ਦੇ ਵਿਚ ਭਾਰਤ ਦੇ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਇਥੇ ਆਏ ਸਨ।

# ‘ਆਂਟੀਆਂ ਫਰਿਜ਼ਨੋ ਦੀਆ’ ਨੇ ਰਵਾਇਤੀ ਮਹੌਲ ਰਾਹੀ ਕਾਰਨੀ ਪਾਰਕ ਫਰਿਜ਼ਨੋ ਵਿੱਚ ਲਾਈਆਂ ਰੌਣਕਾਂ







**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸ਼ੱਕ ਪੰਜਾਬ ‘ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ ਤਿੰਨ ਦਹਾਕਿਆਂ ਦੇ ਕਰੀਬ ਸਭ ਤੋਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂੰਹ ਪੰਜਾਬੀ ਔਰਤਾ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਬਹੁਤ ਸੋਹਣੇ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਜਿੰਨ੍ਹਾਂ ਨੂੰ ਆਮ ਤੌਰ ‘ਤੇ ਕਮਰਸੀਅਲ ਢੰਗ ਨਾਲ ਮਨਾਇਆ ਜਾਦਾ ਹੈ। ਜਿਸ ਵਿੱਚ ਰਿਵਾਇਤਾ ਨੂੰ ਛੱਡ, ਮੁਨਾਫੇ, ਦਿਖਾਵੇ ਅਤੇ ਪਹਿਰਾਵੇ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ “ਕਾਰਨੀ ਪਾਰਕ ਵਾਲੀਆਂ ਤੀਆਂ” ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ (ਰਵਾਇਤੀ) ਤਰੀਕੇ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆ ਹਨ। ਇਨ੍ਹਾਂ ਤੀਆਂ ਦੌਰਾਨ ਪਾਰਕ ਵਿੱਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾ ਵਿੱਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ, ਘੱਘਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਹੌਲ ਵਿੱਚ ਹੋਰ ਵੀ ਰੰਗੀਨ ਬਣਾ ਰਹੇ ਸਨ।

ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ।ਜੇ। ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਾਲ ਹਮੇਸ਼ਾ ਵਾਂਗ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਜਿੱਥੇ 500 ਤੋਂ ਵਧੀਕ ਲਾਈਵ ਗਿੱਧੇ ਅਤੇ ਬੋਲੀਆਂ ਰਾਹੀਂ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਸਿੱਜਦਾ ਕਰਦੇ ਹੋਏ ਔਰਤਾਂ ਨੇ ਪਹੁੰਚ ਕੇ ਰੌਣਕਾਂ ਲਾਈਆਂ। ਜੋ ਕਿ ਅਜੋਕੇ ਸਮੇਂ ਅੰਦਰ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ ਲੋੜ ਵੀ ਹੈ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵ-ਾਉਦੇ ਹੋਏ ਜੀਵਤ ਰੱਖਿਆ ਜਾ ਸਕੇ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋ ਅਤੇ ਸਮੂੰਹ ਸਹਿਯੋਗੀਆਂ ਬੀਬੀਆਂ ਨੂੰ ਜਾਦਾ ਹੈ। ਜਿੰਨਾਂ ਨੇ ਆਪਣੇ ਯਤਨਾਂ ਅਤੇ ਅਣਥੱਕ ਮਿਹਨਤ ਰਾਹੀ ਪੰਜਾਬੀ ਸੱਭਿਆਚਾਰ ਦੀ ਇਸ ਰਵਾਇਤ ਨੂੰ ਕਾਇਮ ਰੱਖਦੇ ਹੋਏ, ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ।

ਅੰਤ ਆਪਸੀ ਮੇਲ-ਮਿਲਾਪ ਦੀਆਂ ਸਾਂਝਾਂ ਪਾਉਂਦਾ ਇਹ ਰਵਾਇਤੀ ਤੀਆਂ ਦਾ ਇਕੱਠ ਫਿਰ ਤੋਂ ਅਗਲੇ ਸਾਲ ਇਸ ਤਰ੍ਹਾਂ ਕਾਰਨੀ ਪਾਰਕ ਵਿੱਚ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆਂ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com


ਦੇਸ਼ ਦੁਆਬਾ

# ਡਾ. ਜੱਸੀ ਵੀ ਸਦੀਵੀ ਵਿਛੋੜਾ ਦੇ ਗਏ

ਅੰਬੇਡਕਰੀ ਵਿਚਾਰਧਾਰਾ ਦੀ ਡੂੰਘੀ ਸੂਝ-ਸਮਝ ਰੱਖਣ, ਗਹਿਰਾ ਅਧਿਐਨ ਕਰਨ ਅਤੇ ਪੰਜਾਬ ਵਿਚ ਅੰਬੇਡਕਰੀ ਅੰਦੋਲਨ ਦੀ ਸ਼ੁਰੂਆਤ ਤੇ ਪ੍ਰਗਤੀ ਵਿਚ ਵਿਸ਼ੇਸ਼ ਤੇ ਪ੍ਰਮੁੱਖ ਯੋਗਦਾਨ ਪਾਉਣ ਵਾਲੇ ਦੋ ਮਹਾਨ ਬੁੱਧੀਜੀਵੀ ਚਿੰਤਕ ਪਿਛਲੇ ਇਕ ਸਾਲ ਵਿਚ ਹੀ ਸਦੀਵੀ ਵਿਛੋੜਾ ਦੇ ਗਏ। 2023 ਅਤੇ 2024 ਦਾ ਜੁਲਾਈ ਮਹੀਨਾ ਅੰਬੇਡਕਰੀ ਲਹਿਰ ਦੇ ਦੋ ਉੱਘੇ, ਸਿਰਮੌਰ ਆਗੂਆਂ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਡਾ. ਰਾਮ ਲਾਲ ਜੱਸੀ ਜੀ ਨੂੰ ਹਮੇਸ਼ਾ ਲਈ ਸਾਡੇ ਕੋਲੋਂ ਖੋਹ ਕੇ ਲੈ ਗਿਆ। ਦੋਨੋਂ ਹੀ ਅੰਬੇਡਕਰ ਭਵਨ ਜਲੰਧਰ ਦੇ ਦੋ ਮਜ਼ਬੂਤ ਥੰਮ ਸਨ ਅਤੇ ਦੋਨੋਂ ਹੀ ਨਿਡਰ ਅਤੇ ਬੇਧੜਕ ਬੁਲਾਰੇ ਸਨ। ਦੋਨੋਂ ਹੀ ਬਾਬਾ ਸਾਹਿਬ ਦੀਆਂ ਲਿਖਤਾਂ, ਭਾਸ਼ਣਾਂ ਅਤੇ ਸਾਹਿਤ ਦੇ ਬੇਮਿਸਾਲ ਸੰਦੇਸ਼-ਵਾਹਕ, ਵਿਆਖਿਆਕਾਰ ਅਤੇ ਚਲਦੇ ਫਿਰਦੇ ਸ਼ਬਦ-ਕੋਸ਼ ਸਨ।

ਇਨ੍ਹਾਂ ਦੋਨਾਂ ਪ੍ਰਮੁੱਖ ਵਿਦਵਾਨਾਂ ਨਾਲ ਮੇਰਾ ਸੰਪਰਕ ਫਰਵਰੀ 1967 ਵਿਚ ਉਸ ਵੇਲੇ ਹੋਇਆ ਜਦੋਂ ਸ੍ਰੀ ਲਾਹੌਰੀ ਰਾਮ ਬਾਲੀ ਜਲੰਧਰ ਤੋਂ ਤਤਕਾਲੀਨ ਵਿਦੇਸ਼ ਮੰਤਰੀ ਸ੍ਰੀ ਸਵਰਨ ਸਿੰਘ ਦੇ ਖ਼ਿਲਾਫ਼ ਪਾਰਲੀਮੈਂਟ ਦੀ ਅਤੇ ਸ੍ਰੀ ਪਿਆਰਾ ਰਾਮ ਧੰਨੋਵਾਲੀ ਕਰਤਾਰਪੁਰ ਤੋਂ ਆਰ. ਪੀ. ਆਈ. (ਰਿਪਬਲਿਕਨ ਪਾਰਟੀ ਆਫ ਇੰਡੀਆ) ਦੀ ਟਿਕਟ ਤੇ ਮਾ. ਗੁਰਬੰਤਾ ਸਿੰਘ ਵਿਰੁੱਧ ਪੰਜਾਬ ਵਿਧਾਨ ਸਭਾ ਲਈ ਐਮ. ਐਲ. ਏ. ਦੀ ਚੋਣ ਲੜ ਰਹੇ ਸਨ। ਪੰਜਾਬ ਵਿਚ 20 ਸਾਲ ਤੋਂ ਰਾਜ ਕਰ ਰਹੀ ਕਾਂਗਰਸ ਪਾਰਟੀ ਦਾ ਵਿਧਾਨ ਸਭਾ ਚੋਣਾਂ ਵਿਚ ਮੁਕਾਬਲਾ ਕਰਨ ਲਈ ਪੰਜਾਬ ਵਿਚ 'ਪੰਜਾਬ ਫਰੰਟ' ਨਾਂ ਅਧੀਨ ਚਾਰ ਪਾਰਟੀਆਂ ਦਾ ਗੱਠਜੋੜ ਹੋਂਦ ਵਿਚ ਆਇਆ। ਇਸ ਗੱਠਜੋੜ ਵਿਚ ਰਿਪਬਲਿਕਨ ਪਾਰਟੀ ਸਮੇਤ ਚਾਰ ਪਾਰਟੀਆਂ ਅਕਾਲੀ ਦਲ, ਜਨਸੰਘ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ ਵਿਚਕਾਰ ਹੋਏ ਸਮਝੌਤੇ ਦੇ ਅੰਤਰਗਤ ਆਰ. ਪੀ. ਆਈ. ਨੇ ਖੰਨਾ, ਕਰਤਾਰਪੁਰ ਅਤੇ ਟਾਂਡਾ ਅਰਥਾਤ ਤਿੰਨ ਸੀਟਾਂ ਤੋਂ ਵਿਧਾਨ ਸਭਾ ਚੋਣ ਲੜੀ। ਜਲੰਧਰ ਸੰਸਦੀ ਚੋਣ ਤੋਂ ਬਾਲੀ ਸਾਹਿਬ ਸਫਲ ਨਹੀਂ ਹੋ ਸਕੇ,ਪਰ ਆਰ. ਪੀ. ਆਈ. ਆਪਣੇ ਹਿੱਸੇ ਦੀਆਂ ਤਿੰਨੋਂ ਸੀਟਾਂ ਜਿੱਤ ਗਈ। ਆਰ. ਪੀ. ਆਈ. ਦੀ ਟਿਕਟ ਤੇ ਜਿੱਤੇ ਇਹ ਤਿੰਨੋਂ ਐਮ. ਐਲ. ਏ. ਸਰਵਸ੍ਰੀ ਗੁਰਚਰਨ ਸਿੰਘ (ਖੰਨਾ,), ਪਿਆਰਾ ਰਾਮ ਧੰਨੋਵਾਲੀ (ਕਰਤਾਰਪੁਰ) ਅਤੇ ਡਾ. ਜਗਜੀਤ ਸਿੰਘ (ਟਾਂਡਾ) ਨੂੰ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਬਣੇ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ ਗਿਆ। ਤਿੰਨੋ ਐਮ. ਐਲ. ਏ. ਨੂੰ ਜਿੱਤ ਉਪਰੰਤ ਮੰਤਰੀ ਮੰਡਲ ਵਿਚ ਸਥਾਨ ਮਿਲਣਾ, ਦਰਅਸਲ ਆਰ. ਪੀ. ਆਈ. ਵੱਲੋਂ 1964 ਵਿਚ ਦਲਿਤਾਂ ਲਈ ਜ਼ਮੀਨ ਪ੍ਰਾਪਤੀ ਅਤੇ ਹੋਰ ਮੰਗਾਂ ਲਈ ਲਾਏ ਗਏ ਰਾਸ਼ਟਰ-ਵਿਆਪੀ ਮੋਰਚੇ ਦੀ ਪੰਜਾਬ ਵਿਚ ਇਹ ਸ਼ਾਨਦਾਰ ਪ੍ਰਾਪਤੀ ਸੀ।

ਡਾ. ਰਾਮ ਲਾਲ ਜੱਸੀ ਜੀ ਨਾਲ ਮੇਰਾ ਸੰਪਰਕ ਮਾਰਚ 1967 ਵਿਚ ਹੋਇਆ, ਜਦੋਂ ਉਹ ਪੰਜਾਬ ਦੇ ਤਤਕਾਲੀਨ ਕੈਬਨਿਟ ਮਨਿਸਟਰ ਸ੍ਰੀ ਪਿਆਰਾ ਰਾਮ ਧੰਨੋਵਾਲੀ ਦੇ ਨਾਲ ਪ੍ਰਾਈਵੇਟ ਸੈਕਟਰੀ ਨਿਯੁਕਤ ਹੋ ਕੇ ਮੇਰੇ ਪਿੰਡ ਜੰਡੂ ਸਿੰਘਾ ਵਿਖੇ ਧੰਨਵਾਦੀ ਦੌਰੇ 'ਤੇ ਸਾਡੇ ਘਰ ਆਏ ਸਨ। ਉਸ ਵੇਲੇ ਮੈਂ ਕਾਲਜ ਦਾ ਵਿਦਿਆਰਥੀ ਸੀ। ਸ੍ਰੀ ਲਾਹੌਰੀ ਰਾਮ ਬਾਲੀ ਅਤੇ ਡਾ. ਜੱਸੀ ਜੀ ਦੇ ਭਾਸ਼ਣਾਂ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਅਤੇ ਵਿਚਾਰਧਾਰਕ ਤੌਰ 'ਤੇ ਮੈਂ ਪੂਰੀ ਤਰ੍ਹਾਂ ਅੰਬੇਡਕਰੀ ਲਹਿਰ ਨਾਲ ਜੁੜ ਗਿਆ। ਇਹ ਦੋਨੋਂ ਵਿਦਵਾਨ ਬੁਲਾਰੇ ਮੇਰੇ ਪ੍ਰੇਰਨਾ ਸਰੋਤ ਬਣ ਗਏ।



Late Dr. Ram Lal Jassi

31 ਜੁਲਾਈ 2024 ਨੂੰ ਅੰਬੇਡਕਰ ਭਵਨ ਤੋਂ ਸ੍ਰੀ ਨਿਰਮਲ ਬਿੰਝੀ ਦਾ ਫੋਨ ਆਇਆ ਕਿ ਡਾ. ਰਾਮ ਲਾਲ ਜੱਸੀ ਜੀ ਹਮੇਸ਼ਾ ਲਈ ਵਿਛੋੜਾ ਦੇ ਗਏ ਹਨ। ਥੋੜ੍ਹੇ ਪਲਾਂ ਲਈ ਦਿਮਾਗ ਸੁੰਨ ਜਿਹਾ ਹੋ ਗਿਆ। ਕੁਝ ਦਿਨ ਪਹਿਲਾਂ ਹੀ ਅਸੀਂ ਉਹਨਾਂ ਦੀ ਮਿਜਾਜ਼-ਪੁਰਸ਼ੀ ਲਈ ਸ੍ਰੀ ਗੁਰੂ ਰਵਿਦਾਸ ਹਸਪਤਾਲ, ਫਗਵਾੜਾ ਵਿਖੇ ਗਏ ਸੀ। ਉਹਨਾਂ ਦੀ ਅਤੀ ਗੰਭੀਰ ਸਥਿਤੀ ਤੋਂ ਇਹ ਅੰਦਾਜ਼ਾ ਹੋ ਗਿਆ ਸੀ ਕਿ ਉਹ ਹੁਣ ਹੋਰ ਲੰਮਾ ਅਰਸਾ ਸਾਡਾ ਸਾਥ ਨਹੀਂ ਨਿਭਾਉਣਗੇ।

ਡਾ. ਜੱਸੀ ਅੰਬੇਡਕਰ ਭਵਨ ਜਲੰਧਰ ਦੇ ਸੀਨੀਅਰ ਟਰੱਸਟੀ ਸਨ, ਭਵਨ ਦੇ ਸੰਸਥਾਪਕ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਰਹਿਨੁਮਾਈ ਹੇਠ ਭਵਨ ਦੀਆਂ ਬਹੁਪੱਖੀ ਇਮਾਰਤਾਂ ਉਸਾਰਨ ਵਿਚ ਉਹਨਾਂ ਨੇ ਭਰਪੂਰ ਸਹਿਯੋਗ ਦਿੱਤਾ।

ਕੁਦਰਤ ਨੇ ਉਹਨਾਂ ਨੂੰ ਭਾਸ਼ਣ-ਕਲਾ ਦੀ ਬੇਮਿਸਾਲ ਦਾਤ ਬਖਸ਼ੀ ਹੋਈ ਸੀ। ਅੰਗਰੇਜ਼ੀ ਭਾਸ਼ਾ ਵਿਚ ਲਿਖਣ ਅਤੇ ਬੋਲਣ ਦੀ ਉਹਨਾਂ ਨੂੰ ਪੰਜਾਬੀ ਤੇ ਹਿੰਦੀ ਵਾਂਗ ਹੀ ਲਾਮਿਸਾਲ ਮੁਹਾਰਤ ਹਾਸਲ ਸੀ। ਉਹਨਾਂ ਨੇ ਬਾਬਾ ਸਾਹਿਬ ਦੀਆਂ ਲਿਖਤਾਂ, ਭਾਸ਼ਣਾਂ ਅਤੇ ਫਲਸਫੇ ਦਾ ਬੜਾ ਗਹਿਰਾ ਤੇ ਸੂਖਮ ਅਧਿਐਨ ਕੀਤਾ ਹੋਇਆ ਸੀ। ਉਹ ਵਿਗਿਆਨਕ ਤੇ ਤਰਕਸ਼ੀਲ ਸੋਚ ਦੇ ਧਾਰਨੀ ਸਨ, ਅੰਬੇਡਕਰੀ ਚਿੰਤਨ ਦੇ ਬਹੁਪੱਖੀ ਵਿਸ਼ਿਆਂ ਸਬੰਧੀ ਸਮੇਂ-ਸਮੇਂ ਤੇ ਹੁੰਦੇ ਸੈਮੀਨਾਰਾਂ, ਸਟੱਡੀ ਕੈਂਪਾਂ ਅਤੇ ਕਾਨਫਰੰਸਾਂ ਵਿਚ ਉਹਨਾਂ ਵੱਲੋਂ ਪ੍ਰਸਤੁਤ ਤਰਕ ਅਤੇ ਵਿਚਾਰ ਲਾਜਵਾਬ ਹੁੰਦੇ ਸਨ।

ਅਦਾਰਾ 'ਦੇਸ਼ ਦੁਆਬਾ' ਦੀ ਇਹ ਪ੍ਰਬਲ ਇੱਛਾ ਸੀ ਕਿ ਡਾ. ਜੱਸੀ ਜੀ ਨਾਲ ਉਹਨਾਂ ਦੇ ਸੰਘਰਸ਼ਮਈ ਜੀਵਨ ਅਤੇ ਪੰਜਾਬ ਵਿਚ ਅੰਬੇਡਕਰੀ ਅੰਦੋਲਨ ਵਿਚ ਉਹਨਾਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ ਉਹਨਾਂ ਨਾਲ 'ਦੇਸ਼ ਦੁਆਬਾ' ਟੀ. ਵੀ. ਤੋਂ ਵਿਸ਼ੇਸ਼ ਵਾਰਤਾਲਾਪ ਪ੍ਰਸਾਰਿਤ ਕੀਤੀ ਜਾਵੇ। ਪੰਜਾਬ ਵਿਚ 'ਦੇਸ਼ ਦੁਆਬਾ' ਟੀ. ਵੀ. ਦੇ ਦੁਆਬਾ ਰੀਜਨ ਦੇ ਬਿਊਰੋ ਚੀਫ ਤਰਸੇਮ ਬੱਧਣ ਨੇ ਕੁਝ ਹਫਤੇ ਪਹਿਲਾਂ ਮੇਰੇ ਨਾਲ ਇਸ ਸਬੰਧੀ ਗੱਲਬਾਤ ਕੀਤੀ ਤਾਂ ਉਸ ਵੇਲੇ ਤੱਕ ਡਾ. ਸਾਹਿਬ ਗੱਲਬਾਤ ਕਰਨ ਤੋਂ ਅਸਮਰੱਥ ਹੋ ਚੁੱਕੇ ਸਨ। ਇਸ ਤੋਂ ਪਹਿਲਾਂ 2018 ਵਿਚ ਵੀ ਆਪਣੀ ਭਾਰਤ ਫੇਰੀ ਦੌਰਾਨ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਡਾ. ਜੱਸੀ ਨਾਲ ਵਿਸ਼ੇਸ਼ ਮਿਲਣੀ ਦੁਆਰਾ ਉਹਨਾਂ ਨੂੰ ਬੇਨਤੀ ਕੀਤੀ ਸੀ ਕਿ ਕੈਲੇਫੋਰਨੀਆ ਤੋਂ ਸ਼ੁਰੂ ਕੀਤੇ ਗਏ ਅੰਗਰੇਜ਼ੀ ਪੇਪਰ 'ਅੰਬੇਦਕਰ ਟਾਈਮਜ਼' ਲਈ ਉਹ ਆਪਣਾ ਲਿਖਤੀ ਯੋਗਦਾਨ ਪਾਉਣ। ਪਰ ਸ਼ਾਇਦ ਸਮਾਜਿਕ ਜਾਂ ਸਿਆਸੀ ਸਰਗਰਮੀਆਂ ਵਿਚ ਉਹਨਾਂ ਦੀ ਵਧੇਰੇ ਮਸ਼ਰੂਫੀਅਤ ਕਾਰਨ ਡਾ. ਸਾਹਿਬ ਦੀਆਂ ਲਿਖਤਾਂ 'ਅੰਬੇਦਕਰ ਟਾਈਮਜ਼' ਦੇ ਪੰਨਿਆਂ ਦਾ ਸ਼ਿੰਗਾਰ ਨਹੀਂ ਬਣ ਸਕੀਆਂ।

ਡਾ. ਸਾਹਿਬ ਦੇ ਸਦੀਵੀ ਵਿਛੋੜੇ ਨਾਲ ਪਰਿਵਾਰ ਸਮੇਤ ਸਮੁੱਚੇ ਸਮਾਜ ਨੂੰ ਨਾ ਪੂਰਿਆਂ ਹੋਣ ਵਾਲਾ ਘਾਟਾ ਪਿਆ ਹੈ ਅਤੇ ਅੰਬੇਡਕਰ ਭਵਨ ਟਰੱਸਟ ਨੂੰ ਵਿਸ਼ੇਸ਼ ਤੌਰ ਤੇ ਭਾਰੀ ਸੱਟ ਵੱਜੀ ਹੈ। ਪ੍ਰੰਤੂ ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ ਉਹਨਾਂ ਦੇ ਸੁਯੋਗ ਸਪੁੱਤਰ ਡਾ. ਰਾਹੁਲ ਐਮ. ਐਸ. (ਸੰਚਾਲਕ, ਸ੍ਰੀ ਗੁਰੂ ਰਵਿਦਾਸ ਹਸਪਤਾਲ ਫਗਵਾੜਾ) ਅਤੇ ਸ੍ਰੀ ਤਜਿੰਦਰ ਰਾਹੁਲ ਉਹਨਾਂ ਦੇ ਪਦ-ਚਿਨ੍ਹਾਂ ਤੇ ਚਲਦੇ ਹੋਏ ਅੰਬੇਡਕਰੀ ਅੰਦੋਲਨ ਨੂੰ ਅੱਗੇ ਵਧਾਉਣ ਵਿਚ ਭਰਪੂਰ ਯੋਗਦਾਨ ਪਾ ਰਹੇ ਹਨ। ਡਾ. ਰਾਮ ਲਾਲ ਜੱਸੀ ਜੀ ਦੀ ਯਾਦ ਵਿਚ ਪ੍ਰਬੁੱਧ ਭਾਰਤ ਫਾਊਂਡੇਸ਼ਨ, ਪੰਜਾਬ ਵੱਲੋਂ ਸਰਧਾਂਜਲੀ ਸਮਾਰੋਹ ਐਤਵਾਰ, 11 ਅਗਸਤ 2024 ਨੂੰ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਡਾ. ਅੰਬੇਡਕਰ ਸਕੂਲ ਆਫ ਥੌਟ, ਡੱਲੇਵਾਲ ਰੋਡ, ਗੁਰਾਇਆਂ ਵਿਖੇ ਸ਼ਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ।

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਦੇ ਸਮੂਹ ਸਟਾਫ ਅਤੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੂੰ ਡਾ. ਜੱਸੀ ਜੀ ਦੇ ਸਦੀਵੀ ਵਿਛੋੜੇ 'ਤੇ ਗਹਿਰਾ ਦੁੱਖ ਪਹੁੰਚਿਆ ਹੈ। ਅਸੀਂ ਸਮੁੱਚੇ ਜੱਸੀ ਪਰਿਵਾਰ ਦੇ ਇਸ ਦੁੱਖ ਵਿਚ ਸ਼ਰੀਕ ਹੁੰਦੇ ਹਾਰਦਿਕ ਸੰਵੇਦਨਾ ਪ੍ਰਗਟ ਕਰਦੇ ਹੋਏ ਡਾ. ਰਾਮ ਲਾਲ ਜੱਸੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

**-ਡਾ. ਜੀ. ਸੀ. ਕੌਲ**

# ਡਾ. ਰਾਮ ਲਾਲ ਜੱਸੀ ਦੀਆਂ ਕੁਝ ਯਾਦਗਾਰੀ ਤਸਵੀਰਾਂ

















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕੈਲੀਫੋਰਨੀਆ ਵਿਚ ਲੁੱਟਮਾਰ ਦੇ ਮਾਮਲਿਆਂ ਵਿਚ 8 ਜਣਿਆਂ ਨੂੰ 1 ਤੋਂ 10 ਸਾਲ ਤੱਕ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਵਿਚ 17 ਮਿਲੀਅਨ ਡਾਲਰ ਤੋਂ ਵਧ ਦੇ ਲੁੱਟਮਾਰ ਮਾਮਲਿਆਂ ਵਿਚ 8 ਜਣਿਆਂ ਜਿਨਾਂ ਨੇ ਆਪਣਾ ਗੁਨਾਹ ਮੰਨ ਲਿਆ ਸੀ, ਨੂੰ 1 ਸਾਲ ਤੋਂ ਲੈ ਕੇ 10 ਸਾਲ ਤੋਂ ਵਧ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ ਹਨ।

ਕੈਲੀਫੋਰਨੀਆ ਅਟਾਰਨੀ ਜਨਰਲ ਰਾਬ ਬੋਨਟਾ ਅਨੁਸਾਰ ਸ਼ੱਕੀ ਦੋਸ਼ੀਆਂ ਨੇ ਮਈ 2023 ਤੋਂ ਅਗਸਤ 2023 ਦਰਮਿਆਨ ਯੈਸ ਸੇਂਟ ਲੌਰੈਂਟ (ਵਾਈ ਐਸ ਐਲ), ਨੋਰਡਸਟਰਾਮ ਤੇ ਲੋਇਸ ਵੂਈਟੋਨ ਸਮੇਤ ਹੋਰ ਪ੍ਰਚੂਨ ਸਟੋਰਾਂ ਨੂੰ ਨਿਸ਼ਾਨਾ ਬਣਾਇਆ ਸੀ। ਬੋਨਟਾ ਨੇ ਕਿਹਾ ਕਿ ਇਸ ਕਿਸਮ ਦੇ ਅਪਰਾਧ ਸਾਡੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ ਤੇ ਸਮਾਜ ਲਈ ਗੰਭੀਰ ਖਤਰਾ ਹਨ। ਉਨਾਂ ਕਿਹਾ ਕਿ ਅਸੀਂ ਇਸ ਕਿਸਮ ਦੀਆਂ ਅਪਰਾਧਕ ਗੱਤੀਵਿਧੀਆਂ ਖਤਮ ਕਰਕੇ ਹੀ ਦਮ ਲਵਾਂਗੇ। ਜਿਨਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ

ਉਨਾਂ ਵਿਚ ਜੌਰਡਨ ਹੈਰਿਸ ਨੂੰ ਸਭ ਤੋਂ ਵਧ 10 ਸਾਲ 4 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਿਪ ਹੈਨਰੀ ਨੂੰ 7 ਸਾਲ 4 ਮਹੀਨੇ, ਡੈਵਨ ਪੈਰੀ ਨੂੰ 5 ਸਾਲ 4 ਮਹੀਨੇ, ਜ਼ੀਓਨਾ ਫੈਮਾਸੋ ਨੂੰ 4 ਸਾਲ 4 ਮਹੀਨੇ, ਅਲਾਨਾ ਹਾਰਟ ਨੂੰ 4 ਸਾਲ, ਟਰੇਵੈਲ ਹਮਬਲੈਟ ਨੂੰ 4 ਸਾਲ, ਜੈਸਨ ਸਮਿੱਥ ਨੂੰ 3 ਸਾਲ ਤੇ ਸਭ ਤੋਂ ਘੱਟ ਬਰੀਐਨਾ ਜਿਮਨੇਜ਼ ਨੂੰ 1 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

9 ਵੇਂ ਸ਼ੱਕੀ ਈਵਾਨ ਰਮੀਰੇਜ਼ ਨੂੰ ਅਗਲੇ ਸਾਲ ਸਜ਼ਾ ਸੁਣਾਈ ਜਾਵੇਗੀ ਜੋ ਇਕ ਵੱਡੇ ਡਾਕੇ ਵਿਚ ਸ਼ਾਮਿਲ ਸੀ।

# ਸਾਬਕਾ ਐਫ ਬੀ ਆਈ ਏਜੰਟ ਨੂੰ ਬੱਚੇ ਨਾਲ ਬਦਫੈਲੀ ਦੇ ਮਾਮਲੇ ਵਿਚ ਹੋਈ ਉਮਰ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਸਾਬਕਾ ਐਫ ਬੀ ਆਈ ਏਜੰਟ ਤੇ ਅਲਾਬਾਮਾ ਸਟੇਟ ਸੈਨਿਕ ਨੂੰ ਬੱਚੇ ਨਾਲ ਬਦਫੈਲੀ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ।

ਕ੍ਰਿਸਟੋਫਰ ਬੌਰ (45) ਨੂੰ ਇਕ 12 ਸਾਲ ਤੋਂ ਵੀ ਘੱਟ ਉਮਰ ਦੇ ਬੱਚੇ ਨਾਲ ਤੀਸਰਾ ਦਰਜਾ ਬਦਫੈਲੀ ਤੇ ਸਰੀਰਕ ਸੋਸ਼ਣ ਦੇ ਦੋਸ਼ਾਂ ਤਹਿਤ ਅਲਾਬਾਮਾ ਸਰਕਟ ਕੋਰਟ ਨੇ ਸਜ਼ਾ ਸੁਣਾਈ। ਮੌਂਗੋਮਰੀ ਡਿਸਟ੍ਰਿਕਟ ਅਟਾਰਨੀ ਡੇਰਾਇਲ ਬੇਲੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਗੱਲ ਹਮੇਸ਼ਾਂ ਚੁੱਭਦੀ ਹੈ ਤੇ ਨਿਰ-ਾਸ਼ਾਜਨਕ ਹੈ ਕਿ ਕੋਈ ਵਿਅਕਤੀ ਜਿਸ ਨੇ ਕਾਨੂੰਨ ਦੀ ਰਖਿਆ ਕਰਨੀ ਹੁੰਦੀ ਹੈ, ਉਹ ਹੀ ਲੋਕਾਂ ਵਿਰੁੱਧ ਅਪਰਾਧ ਕਰਦਾ ਹੈ ਜਿਨਾਂ ਨੂੰ ਬਚਾਉਣ ਦੀ ਉਸ ਨੇ ਕਸਮ ਖਾਧੀ ਹੁੰਦੀ ਹੈ। ਉਨਾਂ ਕਿਹਾ ਕਿ ਉਹ ਬੁਰਾ ਵਿਅਕਤੀ ਹੈ, ਇਕ ਦੁਰਾਚਾਰੀ ਰਾਖਸ਼ਸ਼ ਜਿਸ ਨੇ ਆਪਣੀ ਤਾਕਤ ਦੀ ਵਰਤੋਂ ਇਕ ਨਿਰਦੋਸ਼ ਤੇ ਲਾਚਾਰ ਬੱਚੇ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ। ਬੌਰਾ ਨੇ ਆਪਣੀ ਸਜ਼ਾ ਉਪਰ ਕੋਈ ਟਿੱਪਣੀ ਨਹੀਂ ਕੀਤੀ ਤੇ ਨਾ ਹੀ ਅਲਾਬਾਮਾ ਲਾਅ ਇਨਫੋਰਸਮੈਂਟ ਏਜੰਸੀ ਦੇ ਕਿਸੇ ਅਧਿਕਾਰੀ ਨੇ ਸਜ਼ਾ ਉਪਰ ਪ੍ਰਤੀਕਰਮ ਪ੍ਰਗਟ ਕੀਤਾ ਹੈ।

# ਅਮਰੀਕਾ ਵਿਚ ਯਹੂਦੀ ਦੇ ਘਰ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਿਰੁੱਧੀ ਨਫਰਤੀ ਅਪਰਾਧ ਤਹਿਤ ਕਾਰਵਾਈ, ਕੀਤਾ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਬਰੁੱਕਲਿਨ ਆਰਟ ਮਿਊਜੀਅਮ ਡਾਇਰੈਕਟਰ ਦੇ ਘਰ ਨੂੰ ਅਪਮਾਣਜਨਕ ਢੰਗ ਨਾਲ ਨੁਕਸਾਨ ਪਹੁੰਚਾਉਣ ਤੇ ਯਹੂਦੀ ਵਿਰੋਧੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕਰਨ ਦੀ ਖਬਰ ਹੈ। ਇਸ ਸਬੰਧੀ ਜਾਣਕਾਰੀ ਨਿ-ਊਯਾਰਕ ਪੁਲਿਸ ਵਿਭਾਗ ਨੇ ਦਿੱਤੀ ਹੈ। ਪੁਲਿਸ ਵਿਭਾਗ ਦੇ ਡੀਟੈਕਟਿਵ ਗਰੇਗੋਰੀ ਗਰੀਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਾਂਚ ਉਪਰੰਤ ਕੁਈਨਜ ਵਾਸੀ ਟੇਰਲਰ ਪੈਲਟਨ (28) ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਵਿਰੁੱਧ ਬਰੁੱਕਲਿਨ ਮਿਊਜੀਅਮ ਡਾਇਰੈਕਟਰ ਐਨੀ ਪਾਸਟਰਨਕ ਦੇ ਘਰ ਨੂੰ ਨੁਕਸਾਨ ਪਹੁੰਚਾਉਣ ਤੇ ਯਹੂਦੀ ਵਿਰੋਧੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਨਫਰਤੀ ਅਪਰਾਧ ਵਜੋਂ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ। ਸ਼ੱਕੀ ਦੋਸ਼ੀ ਨੇ ਘਰ ਦੇ ਮੋਹਰਲੇ ਦਰਵਾਜ਼ੇ ਤੇ ਖਿੜਕੀਆਂ ਉਪਰ ਲਾਲ ਰੰਗ ਫੇਰ ਕੇ ਇਕ ਤਖ਼ਤੀ ਲਟਕਾ ਦਿੱਤੀ ਸੀ ਜਿਸ ਉਪਰ ਲਾਲ ਅੱਖਰਾਂ ਨਾਲ ਐਨੇ ਪਾਸਟਰਨਕ ਬਰੁੱਕਲਿਨ ਮਿਊਜੀਅਮ ਗੋਰਾ ਫਿਰਕੂ ਯਹੂਦੀ ਲਿੱਖ ਦਿੱਤਾ ਸੀ।

ਇਸ ਤੋਂ ਇਲਾਵਾ ਇਕ ਲਾਲ ਤਿਕੋਨਾ ਚਿੰਨ ਵੀ ਉਕਰ ਦਿੱਤਾ ਸੀ ਜੋ ਚਿੰਨ ਹਮਾਸ ਦੇ ਫੌਜੀ ਵਿੰਗ ਵੱਲੋਂ ਵਰਤਿਆ ਜਾਂਦਾ ਹੈ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਹੋਈ ਗੋਲੀਬਾਰੀ ਵਿੱਚ ਇਕ ਪੁਲਿਸ ਅਫਸਰ ਦੀ ਮੌਤ 2 ਹੋਰ ਜ਼ਖਮੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੇਂਦਰੀ ਫਲੋਰਿਡਾ ਰਾਜ ਵਿਚ ਇਕ ਘਰ ਵਿੱਚ ਕੁਝ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਉਪਰ ਕੀਤੇ ਘਾਤ ਲਾ ਕੇ ਹਮਲੇ ਵਿੱਚ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਲੇਕ ਕਾਊਂਟੀ ਸ਼ੈਰਿਫ ਪੇਟੋਨ ਗ੍ਰਿਨੈਲ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਉਨਾਂ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਰਾਤ 8 ਵਜੇ ਦੇ ਆਸ ਪਾਸ ਓਰੋਲੈਂਡ ਦੇ ਉੱਤਰ ਵਿਚ 40 ਮੀਲ ਦੂਰ ਈਊਸਟਿਸ ਵਿਖੇ ਇਕ ਘਰ ਵਿਚ ਵਾਪਰੀ। ਗ੍ਰਿਨੈਲ ਅਨੁਸਾਰ ਇਕ ਘਰ ਵਿਚ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਥੇ ਮੌਜੂਦ ਕਿਸੇ ਵਿਅਕਤੀ ਨੇ ਕਿਹਾ ਕਿ ਜਿਸ ਘਰ ਵਿਚ ਗੜਬੜ ਹੋਈ ਹੈ, ਉਹ ਹੋਰ ਹੈ। ਜਦੋਂ ਲੇਕ ਕਾਊਂਟੀ ਦੇ ਪੁਲਿਸ ਅਫਸਰ ਦੂਸਰੇ ਘਰ ਪੁੱਜੇ ਤਾਂ ਘਰ ਦੇ ਅੰਦਰ ਹੰਗਾਮਾ ਹੋ ਰਿਹਾ ਸੀ। ਪੁਲਿਸ ਅਫਸਰ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਏ ਤਾਂ ਉਨਾਂ ਨੂੰ ਅਗਿਊਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਇਕ ਪੁਲਿਸ ਅਫਸਰ ਅੰਦਰ ਹੀ ਫਸ ਗਿਆ ਜਦ ਕਿ ਇਕ ਹੋਰ ਬਾਹਰ ਆਉਣ ਵਿੱਚ ਸਫਲ ਹੋ ਗਿਆ। ਸ਼ੈਰਿਫ ਨੇ ਕਿਹਾ ਕਿ ਇਸ ਦੌਰਾਨ ਹੋਰ ਪੁਲਿਸ ਅਫਸਰ ਮੌਕੇ 'ਤੇ ਪਹੁੰਚ ਗਏ। ਜਦੋਂ ਉਹ ਅੰਦਰ ਫਸੇ ਪੁਲਿਸ ਅਫਸਰ ਨੂੰ ਬਚਾਉਣ ਲਈ ਅੱਗੇ ਵਧੇ ਤਾਂ ਉਨਾਂ ਉਪਰ ਵੀ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਫਸਰਾਂ ਵੱਲੋਂ ਜਵਾਬੀ ਕਾਰਵਾਈ ਵਿਚ ਅੰਦਰ ਮੌਜੂਦ ਦੋ ਸ਼ੱਕੀਆਂ ਦੀ ਮੌਤ ਗਈ ਜਦ ਕਿ ਇਕ ਜ਼ਖਮੀ ਹੋ ਗਿਆ ਜਿਸ ਨੂੰ ਖੇਤਰ ਵਿਚਲੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ ਅਨੁਸਾਰ ਅੰਦਰ ਫੱਸਿਆ ਪੁਲਿਸ ਅਫਸਰ ਵੀ ਦਮ ਤੋੜ ਗਿਆ ਜਦ ਕਿ ਇਕ ਹੋਰ ਪੁਲਿਸ ਅਫਸਰ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਇਆ ਹੈ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਹੋਏ ਪੁਲਿਸ ਅਫਸਰ ਦਾ ਨਾਂ ਜਾਰੀ ਨਹੀਂ ਕੀਤਾ ਹੈ ਤੇ ਨਾ ਹੀ ਮਾਰੇ ਗਏ ਸ਼ੱਕੀ ਵਿਅਕਤੀਆਂ ਦੇ ਨਾਂ ਦੱਸੇ ਹਨ। ਸ਼ੈਰਿਫ ਨੇ ਕਿਹਾ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਇਸ ਵਾਪਰੀ ਗੋਲੀਬਾਰੀ ਦੀ ਘਟਨਾ ਬਾਰੇ ਅਜੇ ਉਹ ਹੋਰ ਕੁਝ ਨਹੀਂ ਜਾਣਦੇ।







# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾਂ ਨੂੰ ਸ਼ਰਧਾਂਜਲੀ




**ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ** – ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜਿਹੜੀ ਕਿ ਸਮੇਂ ਸਮੇਂ ਸਿਰ ਦੇਸ਼ ਭਗਤਾਂ ਦੀ ਯਾਦ ਵਿੱਚ ਸਮਾਗਮ ਕਰਵਾਕੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ ਤੋਂ ਜਾਣੂ ਕਰਵਾਉਣ ਲਈ ਸਾਰਥਿਕ ਉਪਰਾਲੇ ਕਰਦੀ ਰਹਿੰਦੀ ਹੈ, ਵੱਲੋ ਲੰਘੇ ਐਤਵਾਰ ਸ਼ਹੀਦ ਮਦਨ ਲਾਲ ਢੀਂਗਰਾਂ ਅਤੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿਖੇ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋ ਵੱਖੋ ਵੱਖ ਵਿਸ਼ਿਆਂ ਤੇ ਭਾਸ਼ਨ ਕੀਤੇ ਅਤੇ ਕਵਿਤਾਵਾਂ ਪੜ੍ਹੀਆਂ ਗਈਆਂ।ਇਸ ਮੌਕੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਗਰਾ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਵਿੱਚ ਭਾਗ ਲੈਣ ਵਾਲੇ ਕਵੀਆਂ ਅਤੇ ਬੱਚਿਆ ਨੂੰ ਫੋਰਮ ਦੇ ਮੈਂਬਰਾਂ ਤੋਂ ਇਲਾਵਾ ਇੰਡੋ ਯੂ ਐਸ ਹੈਰੀਟੇਜ਼ ਅਤੇ ਜਸਵੰਤ ਸਿੰਘ ਖਾਲੜਾ ਪਾਰਕ ਵਾਲੇ ਸੱਜਣਾ ਵੱਲੋਂ ਸਨਮਾਨ ਚਿੰਨ ਦਿੱਤੇ ਗਏ। ਇਸ ਸਮਾਗਮ ਵਿੱਚ ਫਰਿਜਨੋ ਦੀਆ ਸਿਰਕੱਢ ਸਖਸ਼ੀਅਤਾ ਨੇ ਭਾਗ ਲੈਕੇ ਪ੍ਰੋਗ੍ਰਾਮ ਨੂੰ ਹੋਰ ਚਾਰ ਚੰਨ ਲਾਏ। ਇਸ ਮੌਕੇ ਕਾਂਗਰਸਮੈਂਨ ਜਿੰਮ ਕੋਸਟਾ ਨੇ ਵੀ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਹਰਜਿੰਦਰ ਢੇਸੀ ਨੇ ਬਾਖੂਬੀ ਕੀਤਾ। ਫੋਰਮ ਦੀ ਮਹਿਲਾ ਵਿੰਗ ਦੀ ਬੁਲਾਰੀ ਸ਼ਰਨਜੀਤ ਧਾਲੀਵਾਲ ਨੇ ਦੱਸਿਆ ਕਿ ਇਹੋ ਜਿਹੇ ਸਮਾਗਮ ਬੱਚਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਹੋਰ ਬੱਚਿਆਂ ਨੂੰ ਏਦਾਂ ਦੇ ਸਮਾਗਮਾਂ ਵਿਚ ਹਿਸਾ ਲੈਣ ਲਈ ਪ੍ਰੇਰਦੇ ਹਨ। ਇਸ ਮੌਕੇ ਬੱਚੀਆਂ ਨੇ ਇਨਕਲਾਬੀ ਕਵਿਤਾਵਾਂ ਨਾਲ ਹਾਜ਼ਰੀ ਭਰੀ। ਜੱਜ ਦੀ ਭੁਮਿਕਾ ਵਿੱਚ ਡਾ। ਅਰਜਨ ਸਿੰਘ ਜੋਸ਼ਨ, ਡਾ। ਗੁਰਿੰਦਰ, ਰੇਡੀਓ ਹੋਸਟ ਸੰਤੋਖ ਸਿੰਘ ਮਨਿਹਾਸ ਅਤੇ ਸ਼ਾਇਰ ਹਰਜਿੰਦਰ ਕੰਗ ਨਜ਼ਰ ਆਏ। ਅਖੀਰ ਅਮਿੱਟ ਪੈੜ੍ਹਾਂ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ

# ਸੱਪ ਦੇ ਡੰਗਣ ਦੀ ਸੂਰਤ ਵਿੱਚ ਘਬਰਾਓ ਨਹੀਂ, ਪੀੜਤ ਨੂੰ ਤੁਰੰਤ ਸਰਕਾਰੀ ਹਸਪਤਾਲ ਲਿਜਾਓ - ਡਾ. ਜਸਪ੍ਰੀਤ ਕੌਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਸਿਹਤ ਵਿਭਾਗ, ਨੇ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਸੱਪਾਂ ਦੇ ਡੰਗਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਬਚਾਅ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਸਬੰਧੀ ਅਡਵਾਇਜਰੀ ਜਾਰੀ ਕੀਤੀ ਹੈ। ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਅਡਵਾਇਜਰੀ ਜਾਰੀ ਕਰਦਿਆਂ ਦੱਸਿਆ ਕਿ ਬਰਸਾਤ ਦੇ ਮੌਸਮ ਦੌਰਾਨ ਸੱਪ ਦੇ ਡੰਗਣ ਦੀ ਸੂਰਤ ਵਿੱਚ ਇਲਾਜ ਲਈ ਪਹਿਲਾ ਇਕ ਘੰਟਾ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਸਮੇਂ ਅੰਦਰ ਇਲਾਜ ਨਾ ਮਿਲਣ 'ਤੇ ਪੀੜਤ ਵਿਅਕਤੀ ਦੀ ਜਾਨ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਸੱਪ ਦੇ ਡੰਗਣ ਦੀ ਸੂਰਤ ਵਿੱਚ ਪੀੜਤ ਦਾ ਤੁਰੰਤ ਇਲਾਜ ਉਸ ਦੀ ਜਾਨ ਬਚਾ ਸਕਦਾ ਹੈ। ਇਸ ਲਈ ਸਿਹਤ ਵਿਭਾਗ ਲੋਕਾਂ ਦੀ ਸਿਹਤ ਸੁਰੱਖਿਅਤ ਲਈ ਹਰ ਸਮੇਂ ਯਤਨਸ਼ੀਲ ਹੈ। ਸਿਹਤ ਵਿਭਾਗ ਸੱਪਾਂ ਦੇ ਡੰਗਣ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਐਮਰਜੈਂਸੀ ਮੈਡੀਕਲ ਸੇਵਾ ਉਪਲਬੱਧ ਕਰਵਾਉਣ ਲਈ ਪੂਰੀ ਤਰ੍ਹਾਂ ਚੌਕਸੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ, ਨਵਾਂਸ਼ਹਿਰ ਤੋਂ ਇਲਾਵਾ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਅਤੇ ਸੀ।ਐਚ।ਸੀ। ਪੱਧਰ 'ਤੇ ਹਸਪਤਾਲਾਂ ਵਿੱਚ ਐਂਟੀ ਵੇਨੋਮ ਇੰਜੈਕਸ਼ਨ ਉਪਲਬੱਧ ਹਨ। ਸੱਪ ਦੇ ਡੰਗਣ ਦੀ ਸੂਰਤ ਵਿੱਚ ਘਬਰਾਓ ਨਹੀਂ, ਸਗੋਂ ਪੀੜਤ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਐਂਬੂਲੈਂਸ ਨੂੰ ਬੁਲਾ ਕੇ ਹਸਪਤਾਲ ਲੈ ਜਾਓ ਅਤੇ ਮਾਹਰ ਡਾਕਟਰ ਕੋਲੋਂ ਹੀ ਇਲਾਜ ਕਰਵਾਓ। ਕਿਸੇ ਵੀ ਡਾਕਟਰੀ ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਡਾ। ਜਸਪ੍ਰੀਤ ਕੌਰ ਨੇ ਦੱਸਿਆ ਕਿ ਸੱਪ ਦੇ ਡੰਗਣ ਦੇ ਕੁਝ ਆਮ ਲੱਛਣਾਂ ਵਿੱਚ ਦਰਦ, ਸੋਜ, ਛਾਲੇ, ਪ੍ਰਭਾਵਿਤ ਸਥਾਨ ਤੋਂ ਖ਼ੂਨ ਵਹਿਣਾ, ਪਲਕਾਂ ਦਾ ਲਟਕਣਾ, ਸਾਹ ਲੈਣ ਵਿੱਚ ਮੁਸ਼ਕਿਲ, ਨਿਗਲਣ ਅਤੇ ਬੋਲਣ ਵਿੱਚ ਸਮੱਸਿਆ, ਗਰਦਨ ਦੀਆਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ, ਸਿਰ ਚੁੱਕਣ ਵਿੱਚ ਦਿੱਕਤ, ਕੰਨ, ਨੱਕ, ਗਲੇ ਜਾਂ ਮਸੂੜਿਆਂ ਵਿੱਚੋਂ ਖ਼ੂਨ ਵਗਣਾ ਆਦਿ ਸ਼ਾਮਲ ਹਨ। ਇਸ ਸਬੰਧੀ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਰਾਕੇਸ਼ ਪਾਲ ਨੇ ਦੱਸਿਆ ਕਿ ਸਿਰਫ 30 ਫੀਸਦੀ ਸੱਪ ਹੀ ਜ਼ਹਿਰੀਲੇ ਹੁੰਦੇ ਹਨ ਜੋ ਡੰਗ ਲੈਣ ਤਾਂ ਜਾਨਲੇਵਾ ਸਿੱਧ ਹੋ ਸਕਦੇ ਹਨ। ਸੱਪ ਆਪਣੇ-ਆਪ ਨੂੰ ਬਚਾਉਣ ਸਮੇਂ ਹੀ ਡੰਗ ਮਾਰਦਾ ਹੈ। ਸੱਪਾਂ ਦੇ ਡੰਗਣ ਦੀ ਸਥਿਤੀ ਵਿੱਚ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਹੈ, ਇਸ ਲਈ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਸੱਪ ਦੇ ਡੰਗਣ ਤੋਂ ਬਾਅਦ ਪੀੜਤ ਨੂੰ ਗੈਰ-ਸਿੱਖਿਅਤ ਲੋਕਾਂ ਕੋਲ ਜਾਣ ਦੀ ਬਜਾਏ ਸਰਕਾਰੀ ਹਸਪਤਾਲ ਜਾਣਾ ਚਾਹੀਦਾ ਹੈ। ਬਰਸਾਤਾਂ ਦੇ ਮੌਸਮ ਦੌਰਾਨ ਇਕੱਠੇ ਹੋਏ ਪਾਣੀ ਵਿੱਚ ਨਾ ਵੜਿਆ ਜਾਵੇ, ਕਿਉਂਕਿ ਬਰਸਾਤ ਦੇ ਮੌਸਮ ਵਿਚ ਖੜ੍ਹੇ ਪਾਣੀ ਦੌਰਾਨ ਸੱਪ ਦਾ ਡੰਗਣਾ ਆਮ ਗੱਲ ਹੈ। ਜੇਕਰ ਤੁਹਾਨੂੰ ਪਾਣੀ ਵਿੱਚ ਦਾਖਲ ਹੋਣ ਦੀ ਲੋੜ ਹੈ, ਤਾਂ ਲੰਬੇ ਬੂਟ ਪਾਓ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ "ਭਗਤ" ਵਾਲਾ ਪੱਤਰ ਰੱਦ ਕਰਨ ਦਾ ਫੈਸਲਾ



**ਨਵਾਂ ਸ਼ਹਿਰ–** ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤ ਸਾਹਿਬਾਨ ਨੂੰ ਭਗਤ ਹੀ ਕਹਿਣ ਸਬੰਧੀ ਜੋ ਪੱਤਰ ਜਾਰੀ ਕੀਤਾ ਗਿਆ ਹੈ, ਉਸ ਸਬੰਧੀ ਵਿਚਾਰ ਚਰਚਾ ਕਰਨ ਲਈ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਨਵਾਂ ਸ਼ਹਿਰ ਵਿਖੇ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਜਥੇਬੰਦੀਆਂ ਅਤੇ ਸੰਗਤਾਂ ਨੇ ਭਾਗ ਲਿਆ।

ਇਸ ਮੌਕੇ ਤੇ ਗਿਆਨੀ ਸੇਵਾ ਸਿੰਘ ਹੈਡ ਗ੍ਰੰਥੀ ਗੁਰੂ ਘਰ, ਸਾਂਈਂ ਪੱਪਲ ਸ਼ਾਹ ਜੀ ਪ੍ਰਧਾਨ ਸੂਫ਼ੀ ਦਰਗਾਹ ਕਮੇਟੀ ਪੰਜਾਬ, ਸੱਤ ਪਾਲ ਸਾਹਲੋਂ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ, ਨਿੱਕੂ ਰਾਮ ਜਨਾਗਲ, ਸਤੀਸ਼ ਕੁਮਾਰ, ਰੋਸ਼ਨ ਛੋਕਰਾਂ, ਰਮਨ ਕੁਮਾਰ ਮਾਨ, ਸੁਖਦੇਵ ਕੁਮਾਰ ਟਾਈਗਰ ਫੋਰਸ, ਅਤੇ ਗਿਆਨੀ ਗੁਰਦੀਪ ਸਿੰਘ ਉੜਾਪੜ ਆਦਿ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ।

ਸਾਰੇ ਬੁਲਾਰਿਆਂ ਨੇ ਇਸ ਪੱਤਰ ਦਾ ਖੰਡਣ ਕਰਦੇ ਹੋਏ, ਇਸ ਨੂੰ ਸਮਾਜ ਵਿਰੋਧੀ ਐਲਾਨਦਿਆਂ ਰੱਦ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਪਹਿਲਾਂ ਵੀ ਸਾਡੇ ਗੁਰੂ ਸਨ, ਹੁਣ ਵੀ ਸਾਡੇ ਗੁਰੂ ਹਨ ਤੇ ਅਗਾਂਹ ਵੀ ਸਾਡੇ ਗੁਰੂ ਰਹਿਣਗੇ। ਬੁਲਾਰਿਆਂ ਨੇ ਕਿਹਾ ਕਿ ਸਿੱਖ ਧਰਮ ਦੇ ਕੁੱਝ ਠੇਕੇਦਾਰ ਸਾਡੇ ਸਮਾਜ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਕਰਨ ਦੇ ਯਤਨ ਕਰ ਰਹੇ ਹਨ ਜਿਸ ਵਿੱਚ ਸਾਡੇ ਗੁਰੂ, ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਬਾਣੀ ਦਰਜ਼ ਹੈ। ਰਵਿਦਾਸੀਆ ਸਮਾਜ ਦੀ ਧਾਰਮਿਕ ਆਸਥਾ ਵਿੱਚ ਕਿਸੇ ਨੂੰ ਵੀ ਦਖਲ ਦੇਣ ਦਾ ਅਧਿਕਾਰ ਨਹੀਂ ਹੈ। ਜੇਕਰ ਕਿਸੇ ਨੇ ਅਜਿਹੀ ਹਰਕਤ ਕੀਤੀ ਤਾਂ ਉਸ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਰਵਿਦਾਸੀਆ ਸਮਾਜ ਮਜਬੂਰ ਹੋਵਾਗਾ। ਸਭਨਾਂ ਨੂੰ ਹੱਕ ਹੈ ਕਿ ਉਹ ਕਿਸੇ ਵੀ ਧਰਮ ਨੂੰ ਗ੍ਰਹਿਣ ਕਰਨ ਅਤੇ ਕਿਸੇ ਵੀ ਗੁਰੂ ਮਹਾਰਾਜ ਨੂੰ ਮੰਨਣ।

ਇਸ ਮੀਟਿੰਗ ਵਿੱਚ ਸਰਵ ਸ੍ਰੀ ਪਰਮਜੀਤ ਮਹਾਲੋਂ, ਮਹਿੰਦਰ ਸੂਦ ਵਿਰਕ, ਪਿਰਥੀ ਚੰਦ ਕੌਂਸਲਰ, ਰਮਨ ਦੀਪ ਲੱਧੜ, ਯੋਗਰਾਜ ਜੋਗੀ, ਜਨਕ ਰਾਹੋਂ, ਸੋਨੀ ਪ੍ਰਧਾਨ, ਬਲਵੀਰ ਰੱਤੂ ਸਲੋਹ, ਰੇਸ਼ਮ ਸਿੰਘ ਐਡਵੋਕੇਟ, ਵਾਸਦੇਵ ਪ੍ਰਦੇਸੀ, ਅਰੁਣ ਬਾਲੀ, ਯੋਗੇਸ਼, ਅਮਨ ਸਹੋਤਾ, ਲਾਲ ਚੰਦ ਲਾਲੀ, ਦਰਸ਼ਨ ਰਾਮ ਪੱਲੀ, ਸੰਦੀਪ ਸਹਿਜਲ, ਸੱਤ ਪਾਲ ਬਾਲੀ, ਸੰਦੀਪ ਕਲੇਰ, ਪਵਨ ਬਾਲੀ, ਮਨਪ੍ਰੀਤ, ਗਗਨਦੀਪ, ਸਰਬਜੀਤ ਰਾਹੋਂ, ਸੱਤਿਆ ਦੇਵੀ ਬਾਲੀ, ਸੁਰਿੰਦਰ ਕੌਰ, ਰਾਣੋਂ, ਬਿਮਲਾ ਦੇਵੀ ਆਦਿ ਇੱਕ ਸੌ ਦੇ ਕਰੀਬ ਰਵਿਦਾਸੀਆਂ ਨੇ ਭਾਗ ਲਿਆ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਕਹਾਣੀਕਾਰ ਸਤੀਸ਼ ਕੁਮਾਰ ਦਾ ਸਨਮਾਨ



**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਭਾ ਦੇ ਵਿੱਤ ਸਕੱਤਰ ਕਹਾਣੀਕਾਰ ਸਤੀਸ਼ ਕੁਮਾਰ ਦੀ ਪੰਜਾਬ ਗ੍ਰਾਮੀਣ ਬੈਂਕ 'ਚੋਂ ਸੈਂਤੀ ਸਾਲ ਦੀ ਬਤੌਰ ਮੈਨੇਜਰ ਬੇਦਾਗ਼ ਸੇਵਾ ਬਦਲੇ ਸੇਵਾ-ਮੁਕਤੀ 'ਤੇ ਸਨਮਾਨ ਕੀਤਾ ਗਿਆ।ਸਮਾਗਮ ਦੇ ਸ਼ੁਰੂਆਤ ਵਿੱਚ ਪੰਜਾਬੀ ਦੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੇ ਚਲਾਣੇ 'ਤੇ ਸਭਾ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾ ਸੁਮਨ ਭੇਂਟ ਕੀਤੇ ਗਏ। ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਾਤਰ ਦੀ ਪੰਜਾਬੀ ਸਾਹਿਤ ਨੂੰ ਦੇਣ 'ਤੇ ਵਿਸਤਾਰ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪਾਤਰ ਦੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਨਾ-ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਹਾਲੇ ਉਨ੍ਹਾਂ ਦੀ ਕਲਮ ਨੇ ਹੋਰ ਬਹੁਤ ਸਾਰੀਆਂ ਨਜ਼ਮਾਂ ਦੀ ਸਿਰਜਣਾ ਕਰਨੀ ਸੀ। ਉਪਰੰਤ ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਮਦਨ ਵੀਰਾ, ਡਾ. ਜਸਵੰਤ ਰਾਏ ਅਤੇ ਜਸਬੀਰ ਸਿੰਘ ਧੀਮਾਨ ਨੇ ਸਤੀਸ਼ ਕੁਮਾਰ ਬਾਰੇ ਗੱਲ ਕਰਦਿਆਂ ਕਿਹਾ ਸਤੀਸ਼ ਕੁਮਾਰ ਜਿੰਨਾ ਆਪਣੀ ਜ਼ਿੰਦਗੀ ਪ੍ਰਤੀ ਸੰਜੀਦਾ ਅਤੇ ਸੁਹਿਰਦ ਰਿਹਾ ਹੈ ਉਸ ਤੋਂ ਕਿਤੇ ਵੱਧ ਆਪਣੀ ਨੌਕਰੀ ਦੌਰਾਨ ਸੰਵੇਦਨਸ਼ੀਲ ਰਿਹਾ ਹੈ।ਪੰਜਾਬ ਦੀਆਂ ਵੱਖ-ਵੱਖ ਬੈਂਕ ਬ੍ਰਾਂਚਾਂ ਵਿੱਚ ਉਸਨੇ ਸ਼ਾਨਦਾਰ ਸੇਵਾਵਾਂ ਨਿਭਾਈਆਂ।ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲਾ ਸਤੀਸ਼ ਕੁਮਾਰ ਨਿੱਕੀ ਕਹਾਣੀ ਦਾ ਵੱਡਾ ਕਹਾਣੀਕਾਰ ਹੈ।ਉਸ ਦੀਆਂ ਮਿੰਨੀ ਕਹਾਣੀਆਂ ਦੀ ਕਿਤਾਬ 'ਡੂੰਘੀਆਂ ਜੜ੍ਹਾਂ'' ਵਿਚਲੀਆਂ ਕਹਾਣੀਆਂ ਸਾਡੇ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀਆਂ ਹਨ।ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਸਤੀਸ਼ ਕੁਮਾਰ ਨੇ ਪਿਛਲੇ ਚਾਰ ਦਹਾਕੇ ਤੋਂ ਬੀੜਾ ਚੁਕਿਆ ਹੋਇਆ ਹੈ। ਇਸ ਮੌਕੇ ਸਭਾ ਨੇ ਸਤੀਸ਼ ਕੁਮਾਰ ਅਤੇ ਉਨ੍ਹਾਂ ਦੀ ਧਰਮ ਪਤਨੀ ਬਲਜੀਤ ਕੌਰ ਦਾ ਲੋਈ, ਸਟਾਲ ਅਤੇ ਮੋਮੈਂਟੋ ਦੇ ਕੇ ਸਨਮਾਨ ਕੀਤਾ। ਉਚੇਚੇ ਤੌਰ 'ਤੇ ਪਹੁੰਚੇ ਫਿਲਮ ਲੇਖਕ ਤੇ ਡਾਇਰੈਕਟਰ ਅਸ਼ੋਕ ਪੁਰੀ ਅਤੇ ਉਨ੍ਹਾਂ ਦੇ ਸਾਥੀ ਇੰਸਪੈਕਟਰ ਰਮੇਸ਼ ਕੁਮਾਰ ਨੇ ਸਤੀਸ਼ ਕੁਮਾਰ ਜੋੜੀ ਨੂੰ ਨਿੰਮ ਦਾ ਪੌਦਾ ਦੇ ਕੇ ਸਨਮਾਨਿਤ ਕੀਤਾ। ਸਤੀਸ਼ ਕੁਮਾਰ ਨੇ ਆਪਣੇ ਜੀਵਨ ਅਤੇ ਬੈਂਕ ਦੀ ਨੌਕਰੀ ਦੌਰਾਨ ਵਾਪਰੇ ਬਹੁਤ ਸਾਰੇ ਤਲਖ਼ ਬਿਰਤਾਂਤ ਸਭਾ ਦੇ ਮੈਂਬਰਾਂ ਨਾਲ ਸਾਂਝੇ ਕਰਦਿਆਂ ਕੀਤੇ ਗਏ ਸਨਮਾਨ ਲਈ ਵੀ ਸਭਾ ਦਾ ਧੰਨਵਾਦ ਕੀਤਾ।

ਇਸ ਤੋਂ ਬਾਅਦ ਸਭਾ ਵੱਲੋਂ ਚੱਲੇ ਚਰਨਾਵਾਂ ਦੇ ਦੌਰ ਵਿੱਚ ਹਾਜ਼ਰ ਕਵੀਆਂ ਅਤੇ ਲੇਖਕਾਂ ਦਰਸ਼ਨ ਸਿੰਘ ਦਰਸ਼ਨ, ਸੁਰਿੰਦਰ ਕੰਗਵੀ, ਲੈਕ. ਲਖਵਿੰਦਰ ਰਾਮ, ਮਨਜੀਤ ਕੌਰ, ਹਰਦਿਆਲ ਹੁਸ਼ਿਆਰਪੁਰੀ, ਤੀਰਥ ਚੰਦ ਸਰੋਆ, ਪ੍ਰੋ. ਅਜੀਤ ਸਿੰਘ ਜੱਬਲ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ, ਅੰਜੂ ਵ ਰੱਤੀ, ਵਰਿੰਦਰ ਰੱਤੀ ਅਤੇ ਅਕਸ਼ਤ ਰੱਤੀ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਸੁਣਾ ਕੇ ਸਮਾਗਮ ਨੂੰ ਚਰਮ ਸੀਮਾ 'ਤੇ ਪਹੁੰਚਾ ਦਿੱਤਾ।ਜਸਬੀਰ ਸਿੰਘ ਧੀਮਾਨ ਨੇ ਪੇਸ਼ ਰਚਨਾਵਾਂ ਤੇ ਟਿੱਪਣੀਆਂ ਦਿੰਦਿਆ ਧੰਨਵਾਦੀ ਸ਼ਬਦ ਆਖੇ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

**ਰਿਪੋਰਟ: ਡਾ. ਜਸਵੰਤ ਰਾਏ (ਜਨਰਲ ਸਕੱਤਰ 98158-25999)**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

# ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਵੱਲੋਂ ਪੰਜਾਬ ਭਰ 'ਚ ਕਿਸਾਨੀ ਮਸਲਿਆਂ 'ਤੇ ਮੋਟਰਸਾਈਕਲ ਮਾਰਚ

**ਚੰਡੀਗੜ੍ਹ, (ਦਲਜੀਤ ਕੌਰ )–** ਅੱਜ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੀ ਅਗਵਾਈ ਹੇਠ ਨੌਜਵਾਨਾਂ ਨੇ ਪੰਜਾਬ ਦਾ ਦਰਿਆਈ ਪਾਣੀ ਰਿਪੇਰੀਅਨ ਸਿਧਾਂਤ ਮੁਤਾਬਕ ਪੰਜਾਬ ਨੂੰ ਦੇਣ, ਰਸਾਇਣਕ ਖੇਤੀ ਮਾਡਲ ਦੀ ਥਾਂ ਕੁਦਰਤ ਪੱਖੀ ਹੰਢਣਸਾਰ ਬਦਲਵਾਂ ਖੇਤੀ ਮਾਡਲ ਲਾਗੂ ਕਰਨ, ਭਾਰਤ ਪਾਕਿਸਤਾਨ ਵਪਾਰ ਵਾਹਘਾ ਅਤੇ ਹੁਸੈਨੀਵਾਲਾ ਬਾਰਡਰ ਰਾਹੀਂ ਖੋਲ੍ਹਣ ਅਤੇ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਦੇ ਕਰਜੇ ਤੇ ਲੀਕ ਮਾਰਨ ਦੀਆਂ ਮੰਗਾਂ ਨੂੰ ਉਠਾਉਂਦੇ ਹੋਏ ਪੰਜਾਬ ਦੇ ਮਾਝਾ ਮਾਲਵਾ ਤੇ ਦੁਆਬੇ ਦੇ ਸੰਗਰੂਰ, ਪਟਿਆਲਾ, ਮਾਲੇਰਕੋਟਲਾ, ਮੁਕਤਸਰ, ਫ਼ਾਜ਼ਿਲਕਾ, ਮੋਗਾ, ਲੁਧਿਆਣਾ, ਜਲੰਧਰ, ਕਪੂਰਥਲਾ, ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਮੋਟਰਸਾਈਕਲ ਮਾਰਚ ਕਰਕੇ ਪੰਜਾਬੀਆਂ ਨੂੰ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਵੱਡੇ ਸੰਘਰਸ਼ ਦੀ ਤਿਆਰੀ ਦਾ ਸੱਦਾ ਦਿੱਤਾ। ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਸੂਬਾ ਆਗੂ ਸੁਖਦੇਵ ਸਿੰਘ ਸਹਿ-ਸਰਾ, ਤੀਰਥਵਿੰਦਰ ਘੱਲ ਕਲਾਂ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਧਰਤੀ ਹੇਠਲਾ ਪਾਣੀ ਡੂੰਘਾ ਹੋਣ ਕਰਕੇ ਗੰਭੀਰ ਪਾਣੀ ਅਤੇ ਖੇਤੀ ਸੰਕਟ ਵਿੱਚੋਂ ਲੰਘ ਰਿਹਾ ਹੈ। ਨਾਸਾ ਸਮੇਤ ਵੱਖ ਵੱਖ ਅਦਾਰਿਆਂ ਦੀਆਂ ਰਿਪੋਰਟਾਂ ਕਹਿ ਰਹੀਆਂ ਹਨ ਕਿ ਪੰਜਾਬ ਦੀ ਧਰਤੀ ਹੇਠ 2039 ਤੱਕ ਦਾ ਪਾਣੀ ਹੀ ਬਚਿਆ ਹੈ। ਅਸੀਂ ਆਪਣੀ ਪੰਜਾਬ ਦੀ ਕੁੱਲ ਲੋੜ 67 ਮਿਲੀਅਨ ਏਕੜ ਫੁੱਟ ਵਿੱਚੋਂ 28 ਮਿਲੀਅਨ ਏਕੜ ਫੁੱਟ ਪਾਣੀ ਧਰਤੀ ਹੇਠੋਂ ਕੱਢ ਕੇ ਪੂਰੀ ਕਰ ਰਹੇ ਹਾਂ ਜਿਸ ਦਾ ਸਿਰਫ 17 ਮਿਲੀਅਨ ਏਕੜ ਫੁੱਟ ਹੀ ਰੀਚਾਰਜ ਹੋ ਰਿਹਾ ਹੈ। ਜਦ ਕਿ ਸਾਡੇ ਦਰਿਆਈ ਪਾਣੀ ਦਾ



ਕਰੀਬ 75 ਫੀਸਦੀ ਹਿੱਸਾ ਦੂਸਰੇ ਗੈਰ ਰਿਪੇਰੀਅਨ ਸੂਬਿਆਂ ਨੂੰ ਜਾ ਰਿਹਾ ਹੈ। ਅਸੀਂ ਕੇਂਦਰ ਨੂੰ ਹਰੇਕ ਸਾਲ 122 ਲੱਖ ਟਨ ਚੌਲ ਅੰਨ ਭੰਡਾਰ ਵਿੱਚ ਦਿੰਦੇ ਹਾਂ ਜਿਸ ਤੇ 40 ਲੱਖ ਕਰੋੜ ਲੀਟਰ ਪਾਣੀ ਖਰਚ ਹੁੰਦਾ ਹੈ। ਚੌਲਾਂ ਬਦਲੇ ਸਾਨੂੰ ਸਿਰਫ 40,114 ਕਰੋੜ ਹੀ ਪ੍ਰਾਪਤ ਹੁੰਦੇ ਹਨ ਜਦਕਿ ਜੇਕਰ ਖਰਚੇ ਗਏ ਪਾਣੀ ਦੀ ਕੀਮਤ 5 ਪੈਸੇ ਪ੍ਰਤੀ ਲੀਟਰ ਵੀ ਲਾਈਏ ਤਾਂ ਅਸੀਂ 2 ਲੱਖ ਕਰੋੜ ਦਾ ਪਾਣੀ ਹੀ ਖਰਚ ਦਿੰਦੇ ਹਾਂ। ਇਸ ਗੰਭੀਰ ਮੁੱਦੇ ਤੇ ਪ੍ਰਮੁੱਖ ਪਾਰਟੀਆਂ ਵਿੱਚੋਂ ਕੋਈ ਵੀ ਪਾਰਟੀ ਪੰਜਾਬ ਦੇ ਹੱਕ ਵਿੱਚ ਸਟੈਂਡ ਲੈਣ ਲਈ ਤਿਆਰ ਨਹੀਂ ਹੈ।

ਆਗੂਆਂ ਕਿਹਾ ਕੇ ਪੰਜਾਬ ਦਾ ਵਪਾਰ ਸੜਕੀ ਲਾਂਘੇ ਵਾਇਆ ਪਾਕਿਸਤਾਨ ਹੋ ਕੇ ਕੇਂਦਰੀ ਏਸ਼ੀਆ ਅਤੇ ਯੂਰਪ ਨਾਲ ਜੁੜਦਾ ਹੈ ਪਰ ਇਸ ਨੂੰ ਕੇਂਦਰ ਸਰਕਾਰ ਵੱਲੋਂ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਤੇ ਅਟਾਰੀ ਤੇ ਹੁਸੈਨੀਵਾਲਾ ਲਾਂਘਾ ਨਹੀਂ ਖੋਲਿਆ ਜਾ ਰਿਹਾ ।ਜਿਸ ਕਾਰਨ ਪੰਜਾਬ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਵਾਹਘਾ ਅਤੇ ਹੁਸੈਨੀਵਾਲਾ ਬਾਰਡਰਾਂ ਰਾਸਤੇ ਵਪਾਰ ਨੂੰ ਵੀ ਫੌਰੀ ਖੋਲਣ ਦੀ ਲੋੜ ਹੈ।

ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਅਖੌਤੀ ਹਰੇ ਇਨਕਲਾਬ ਦੇ ਖੇਤੀ ਮਾਡਲ ਨੇ ਪੰਜਾਬ ਦੇ ਕਿਸਾਨਾਂ ਨੂੰ ਕਰ-ਜਾਈ ਕੀਤਾ ਹੈ ਪਰ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਦੇ ਮਾਮਲੇ ਨੂੰ ਹੱਲ ਕਰਨ ਲਈ ਕੋਈ ਠੋਸ ਨੀਤੀ ਨਹੀਂ ਬਣਾਈ ਗਈ। ਨੌਜਵਾਨਾਂ ਨੇ ਮੰਗ ਕੀਤੀ ਕਿ ਉਪਰੋਕਤ ਮਾਮਲਿਆਂ ਦਾ ਫੌਰੀ ਹੱਲ ਕੀਤਾ ਜਾਵੇ ਨਹੀਂ ਸਰਕਾਰ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਲਈ ਤਿਆਰ ਰਹੇ।

ਇਹਨਾਂ ਮਾਮਲਿਆਂ ਸਬੰਧੀ ਨੌਜਵਾਨਾਂ ਵੱਲੋਂ ਅੱਜ ਦੇ ਮੋਟਰਸਾਈਕਲ ਮਾਰਚਾਂ ਰਾਹੀਂ ਪਿੰਡਾਂ ਵਿੱਚ ਲਾਮਬੰਦੀ ਕੀਤੀ ਗਈ ਅਤੇ ਆਉਣ ਵਾਲੇ ਵੱਡੇ ਸੰਘਰਸ਼ ਦੀ ਤਿਆਰੀ ਕਰਨ ਦਾ ਸੱਦਾ ਦਿੱਤਾ ਗਿਆ।

ਅੱਜ ਦੇ ਮੋਟਰਸਾਈਕਲ ਦੀ ਮਾਰਚਾਂ ਦੀ ਅਗਵਾਈ ਯੂਥ ਵਿੰਗ ਦੇ ਸੂਬਾ ਆਗੂ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਤਰਪ੍ਰੀਤ ਸਿੰਘ ਉੱਪਲ, ਜਸਦੀਪ ਸਿੰਘ ਬਹਾਦਰਪੁਰ, ਸੁਖਚੈਨ ਸਿੰਘ ਚੱਕ ਸੈਦੋਕੇ, ਬਲਕਰਨ ਸਿੰਘ ਵੈਰੋਕੇ, ਰਮਨਦੀਪ ਸਿੰਘ ਝੋਰੜਾਂ, ਰੁਪਿੰਦਰ ਸਿੰਘ ਚੌਂਦਾ, ਗੁਰਵਿੰਦਰ ਸਿੰਘ ਦੇਧਨਾ, ਗੁਰਵੀਰ ਸਿੰਘ ਕਾਦੂਪੁਰ, ਹਰਦੀਪ ਸਿੰਘ ਨੂਰਮਹਿਲ ਕਰ ਰਹੇ ਸਨ।

## ਆਮ ਆਦਮੀ ਕਲੀਨਿਕ ਖੁਸ਼ਹਾਲਪੁਰ ਦਾ ਲੋਕ ਸਭਾ ਮੈਂਬਰ ਰਾਜ ਕੁਮਾਰ ਚੱਬੇਵਾਲ ਨੇ ਕੀਤਾ ਉਦਘਾਟਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਨਯੋਗ ਸਾਂਸਦ ਹੁਸ਼ਿਆਰਪੁਰ ਡਾ ਰਾਜ ਕੁਮਾਰ ਚੱਬੇਵਾਲ ਵੱਲੋਂ ਅੱਜ ਬਲਾਕ ਪਾਲਦੀ ਅਧੀਨ ਪੈਂਦੇ ਆਮ ਆਦਮੀ ਕਲੀਨਿਕ ਖੁਸ਼ਹਾਲਪੁਰ ਦਾ ਉਦਘਾਟਨ ਆਪਣੇ ਕਰ-ਕਮਲਾਂ ਰਾਹੀਂ ਕੀਤਾ। ਇਸ ਦੌਰਾਨ ਉਹਨਾਂ ਦੇ ਨਾਲ ਸਿਵਲ ਸਰਜਨ ਹੁਸ਼ਿਆਰਪੁਰ ਡਾ।ਬਲਵਿੰਦਰ ਕੁਮਾਰ ਡਮਾਣਾ, ਸੀਨੀਅਰ ਮੈਡੀਕਲ ਅਫਸਰ ਪਾਲਦੀ ਡਾ। ਜਵਿੰਦਰਵੰਤ ਸਿੰਘ, ਮੈਡੀਕਲ ਅਫਸਰ ਆਮ ਆਦਮੀ ਕਲੀਨਿਕ ਡਾ ਟਵਿੰਕਲ ਸਿੰਘ ਅਤੇ ਇਲਾਕੇ ਦੇ ਮੋਹਤਬਰ ਵਿਅਕਤੀ ਸ਼ਾਮਿਲ ਹੋਏ। ਇਸ ਮੌਕੇ ਡਾ ਰਾਜ ਕੁਮਾਰ ਜੀ ਨੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਕਲੀਨਿਕਾਂ ਰਾਹੀਂ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਪ੍ਰਤੀ ਵਚਨਬੱਧ ਹੈ । ਇਸੇ ਤਹਿਤ ਅੱਜ ਪਿੰਡ ਖੁਸ਼ਾਲਪੁਰ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਵਧੀਆ ਅਤੇ ਮੁਫਤ ਸਿਹਤ ਸੇਵਾਵਾਂ ਦੇਣ ਲਈ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਜਿੱਥੇ ਇਲਾਕਾ ਨਿਵਾਸੀ ਆਪਣਾ ਮੁਫਤ ਇਲਾਜ ਤੇ ਮੁਫਤ ਦਵਾਈਆਂ ਲੈ ਸਕਦੇ ਹਨ। ਉਹਨਾਂ ਮੈਡੀਕਲ ਅਫਸਰ ਅਤੇ ਕਲੀਨਿਕ ਦੇ ਬਾਕੀ ਸਟਾਫ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਅਤੇ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਪਿਆਰ ਭਰਿਆ ਵਤੀਰਾ ਅਪਣਾਉਣ ਨੂੰ ਕਿਹਾ। ਇਸ ਦੌਰਾਨ ਸਿਵਲ ਸਰਜਨ ਡਾ ਡਮਾਣਾ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਵਿੱਚ ਓ।ਪੀ।ਡੀ ਸੇਵਾਵਾਂ, ਟੀਕਾਕਰਨ ਸੇਵਾਵਾਂ, ਲੈਬ-ਟੈਸਟ, ਜੱਚਾ-ਬੱਚਾ ਸੇਵਾਵਾਂ, ਪਰਿਵਾਰ ਨਿਯੋਜਨ ਸੇਵਾਵਾਂ ਵੀ ਉਪਲੱਬਧ ਹੋਣਗੀਆਂ। ਜਿਸ ਨਾਲ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਘਰ ਦੇ ਨੇੜੇ ਹੀ ਮਿਲ ਸਕਣ।

## ਨੈਸ਼ਨਲ ਪੱਧਰ ਤੇ ਗੋਲਡ ਮੈਡਲ ਜਿੱਤ ਕੇ ਲਿਆਉਣ ਵਾਲਿਆਂ ਦੀ ਵੀ ਪੰਜਾਬ ਸਰਕਾਰ ਮਦਦ ਕਰੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਵਾਕੋ ਇੰਡੀਆ ਸੀਨੀਅਰ ਨੈਸ਼ਨਲ ਕਿੱਕ-ਬਾਕਸਿੰਗ ਚੈਪੀਅਨਸ਼ਿਪ 2024 ਮਾਪੁਸਾ ਗੋਆ 24 ਤੋਂ 28 ਜੁਲਾਈ ਤੱਕ ਹੋਈਆ ਖੇਡਾਂ ਵਿੱਚ ਸ਼ਹੀਦ ਭਗਤ ਸਿੰਘ ਨਗਰ ਦੇ 8 ਖਿਡਾਰੀਆਂ ਨੇ ਭਾਗ ਲਿਆ। ਜਿਸ ਵਿੱਚ -89 ਕਿਲੋ ਭਾਰ ਵਰਗ ਲਾਈਟ ਕੰਟੇਕਟ ਈਵੈਂਟ ਵਿੱਚ ਗਗਨਦੀਪ, -86 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਅਜੇ ਕੁਮਾਰ, -65 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਨੇਹਾ ਨੇ ਭਾਗ ਲਿਆ। ਇਹਨਾਂ ਖਿਡਾਰੀਆਂ ਨੇ ਕਾਂਸੇ ਦਾ ਤਮਗਾ ਅਤੇ -48 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਅਮਨਦੀਪ ਕੌਰ, -60 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਮੁਸਕਾਨ, +70 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਮਨਜੋਤ ਲੌਂਗੀਆ, -86 ਕਿਲੋ ਭਾਰ ਵਰਗ ਲੋਅ ਕਿੱਕ ਈਵੈਂਟ ਵਿੱਚ ਹਰਸਿਮਰਨ ਸਿੰਘ ਲੌਂਗੀਆ ਇਹਨਾਂ ਖਿਡਾਰੀਆਂ ਨੇ ਸੋਨੇ ਦਾ ਤਮਗਾ ਪ੍ਰਾਪਤ ਕਰਕੇ ਆਪਣਾ, ਆਪਣੇ ਮਾਂ ਬਾਪ, ਕਸਬੇ ਅਤੇ ਜਿਲੇ ਦੇ ਨਾਲ ਨਾਲ ਪੰਜਾਬ ਦਾ ਨਾਮ ਰੋਸ਼ਨ ਕੀਤਾ। ਕੋਚ ਮਨਜੀਤ ਸਿੰਘ ਲੌਂਗੀਆ ਜੀ ਨੇ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਖਿਡਾਰੀ ਸਾਰਾ ਸਾਲ ਮਿਹਨਤ ਕਰਕੇ ਮੈਡਲ ਲੈ ਕੇ ਆਉਦੇ ਹਨ। ਪਰ ਅਜੇ ਤੱਕ ਸਰਕਾਰ ਕਿਸੇ ਵੀ ਤਰ੍ਹਾਂ ਖਿਡਾਰੀਆਂ ਦੀ ਕੋਈ ਮੱਦਦ ਨਹੀਂ ਕਰ ਰਹੀ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਖਿਡਾਰੀਆਂ ਦੀ ਮਦਦ ਜਰੂਰ ਕਰੇਗੀ ਅਤੇ ਇੰਨਾ ਕਹਿੰਦੇ ਹੋਏ ਕੋਚ ਸਾਹਿਬ ਨੇ ਖਿਡਾਰੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਇਸੇ ਤਰ੍ਹਾਂ ਮਿਹਨਤ ਕਰਕੇ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਸਕਣ ਅਤੇ ਮਾੜੇ ਕੰਮ ਵੱਲ ਵੀ ਉਹਨਾਂ ਦਾ ਧਿਆਨ ਨਾ ਜਾਵੇ। ਪੰਜਾਬ ਸਰਕਾਰ ਨੂੰ ਵੀ



ਕਹਿਣ ਹੈ ਕਿ ਜਿਹੜੇ ਬੱਚੇ ਸਟੇਟ ਲੈਵਲ ਅਤੇ ਨੈਸ਼ਨਲ ਲੈਵਲ ਤੇ ਖੇਡ ਕਿ ਆਉਂਦੇ ਹਨ, ਉਨ੍ਹਾਂ ਦੀ ਆਰਥਿਕ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਖਿਡਾਰੀਆਂ ਨੂੰ ਫੁੱਲ ਸਪੋਟ ਦੇ ਕੇ ਵਿਦੇਸ਼ ਭੇਜਣ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਆਪਣੇ ਕੋਲੋਂ ਕਰੇਂ। ਇਸ ਮੌਕੇ ਤੇ ਇਨ੍ਹਾਂ ਦੇ ਕੋਚ ਮਨਜੀਤ ਸਿੰਘ ਲੌਂਗੀਆ, ਮਨਜੋਤ ਲੌਂਗੀਆ ਗੋਲਡ ਮੈਡਲਿਸਟ ਖਿਡਾਰੀ, ਹਰਸਿਮਰਨ ਸਿੰਘ ਲੌਂਗੀਆ ਗੋਲਡ ਮੈਡਲਿਸਟ ਖਿਡਾਰੀ, ਮੁਸਕਾਨ ਗੋਲਡ ਮੈਡਲਿਸਟ ਖਿਡਾਰੀ, ਗਗਨਦੀਪ ਗੋਲਡ ਮੈਡਲਿਸਟ ਖਿਡਾਰੀ, ਅਜੇ ਕੁਮਾਰ ਗੋਲਡ ਮੈਡਲਿਸਟ ਖਿਡਾਰੀ, ਅਮਨਦੀਪ ਕੌਰ ਕਾਸੇ ਦਾ ਤਮਗ਼ਾ ਪ੍ਰਾਪਤ ਸਭ ਹਾਜ਼ਰ ਹਨ।

## ਆਈ.ਟੀ.ਆਈ ਗਰਾਊਂਡ ਵਿਖੇ ਮਨਾਇਆ ਜਾਵੇਗਾ ਆਜ਼ਾਦੀ ਦਿਹਾੜਾ - ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਆਜ਼ਾਦੀ ਦਿਵਸ ਮੌਕੇ ਸਥਾਨਕ ਆਈ.ਟੀ.ਆਈ. ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੇ ਮੱ-ਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਸਮੁੱਚੇ ਪ੍ਰੋਗਰਾਮ ਸੰਬੰਧੀ ਅਧਿਕ-ਾਰੀਆਂ ਨਾਲ ਬੈਠਕ ਕੀਤੀ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਕਿਹਾ ਕਿ 15 ਅਗਸਤ ਨੂੰ ਆਈਟੀਆਈ ਗਰਾਊਂਡ ਵਿਖੇ ਆਜ਼ਾਦੀ ਦਿਹਾੜਾ ਮਨਾਇਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੁੱਖ ਮਹਿਮਾਨ ਜੀ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ। ਪਰੇਡ ਦੇ ਨਿਰੀਖਣ ਤੋਂ ਬਾਅਦ ਜ਼ਿਲ੍ਹਾ ਨਿਵਾਸੀਆਂ ਦੇ ਨਾਮ ਸੰਦੇਸ਼ ਦਿੱਤਾ ਜਾਵੇਗਾ ਅਤੇ ਵੱਖ ਵੱਖ ਟੁਕੜੀਆਂ ਵੱਲੋਂ ਸਲਾਮੀ ਦਿੱਤੀ ਜਾਵੇਗੀ। ਇਸ ਤੋਂ ਬਾਅਦ ਸਕੂਲ ਦੇ ਬੱਚਿਆਂ ਵੱਲੋਂ ਆਜ਼ਾਦੀ ਦਿਵਸ ਨਾਲ ਸੰਬੰਧਿਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਵੱਖ ਵੱਖ ਵਿਭਾਗਾਂ ਵੱਲੋਂ ਆਪਣੇ ਆਪਣੇ ਵਿਭਾਗ ਨਾਲ ਸੰਬੰਧਿਤ ਸੰਦੇਸ਼ ਦਿੰਦੀਆਂ ਝਾਕੀਆਂ ਵੀ ਕੱਢੀਆ ਜਾਣਗੀਆਂ। ਮੁੱਖ ਮਹਿਮਾਨ ਜੀ ਵੱਲੋਂ ਮੁੱਖ ਸ਼ਖਸੀਅਤਾਂ ਦਾ ਸਨਮਾਨ ਕਰਨ ਦੇ ਨਾਲ ਨਾਲ ਵੱਖ ਵੱਖ ਖੇਤਰਾਂ ਵਿੱਚ ਉਪਲਬਧੀਆਂ ਹਾਸਲ ਕਰਨ ਵਾਲਿਆਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਅਖੀਰ ਦੇ ਵਿੱਚ ਸਕੂਲ ਦੇ ਬੱਚਿਆਂ ਦੇ ਵੱਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਹੋਵੇਗੀ ਅਤੇ ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਨਾਲ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਕੀਆਂ, ਬੈਰੀਕੇਡਿੰਗ, ਪਾਰਕਿੰਗ, ਸਟੇਜ ਦੀ ਸਜਾਵਟ, ਪਰੇਡ, ਬੈਠਣ ਦੇ ਪ੍ਰਬੰਧਾਂ, ਸਾਫ਼-ਸਫਾਈ, ਪੁਰਸਕਾਰਾਂ ਤੇ ਪ੍ਰਸੰਸਾ ਪੱਤਰਾਂ ਦੀ ਵੰਡ, ਪੀਣ ਵਾਲੇ ਪਾਣੀ, ਮੁੱਢਲੀ ਸਹਾਇਤਾ, ਸੁਰੱਖਿਆ ਤੇ ਟ੍ਰੈਫਿਕ ਪ੍ਰਬੰਧਾਂ ਸਮੇਤ ਵੱਖ-ਵੱਖ ਕੰਮਾਂ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।




"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਬੰਦਗੀ ਦੀ ਮੂਰਤ ਸੰਤ ਗੁਰਬਚਨ ਦਾਸ ਜੀ ਦੀ ਅੰਤਿਮ ਅਰਦਾਸ ਵਿੱਚ ਪੁੱਜੀਆਂ ਸੈਂਕੜੇ ਸੰਗਤਾਂ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਬੰਦਗੀ ਦੀ ਮੂਰਤ ਸੰਤ ਗੁਰਬਚਨ ਦਾਸ ਮਹਾਰਾਜ ਜੀ ਦੇ ਤਪ ਅਸਥਾਨ ਡੇਰਾ ਚੱਕ ਲਾਦੀਆਂ ਵਿਖੇ ਉਹਨਾਂ ਨਮਿੱਤ ਅੰਤਿਮ ਅਰਦਾਸ ਵਿੱਚ ਸੈਂਕੜੇ ਸੰਗਤਾਂ ਨੇ ਸ਼ਿਰਕਤ ਕਰਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਡੇਰਾ ਸੱਚਖੰਡ ਬੱਲਾਂ ਦੇ ਮੁੱਖ ਸੰਚਾਲਕ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਅੰਤਿਮ ਅਰਦਾਸ ਸ਼ਰਧਾਜਲੀ ਸਮਾਗਮ ਵਿੱਚ ਸੰਗਤ ਨੇ ਹਾਜ਼ਰੀ ਭਰਦਿਆਂ ਸੰਤ ਗੁਰਬਚਨ ਦਾਸ ਮਹਾਰਾਜ ਜੀ ਦੀ ਪਾਵਨ ਯਾਦ ਨੂੰ ਸ਼ਰਧਾ ਭੇਂਟ ਕੀਤੀ। ਮਹਾਂਪੁਰਸ਼ਾਂ ਦੀ ਸਰਪ੍ਰਸਤੀ ਹੇਠ ਡੇਰੇ ਦੀ ਸੇਵਾ ਸੰਭਾਲ ਗਿਆਨੀ ਬਾਬਾ ਜੋਗਿੰਦਰ ਸਿੰਘ ਜੀ ਨੂੰ ਸੌਂਪੀ। ਇਸ ਮੌਕੇ ਸਾਰੇ ਮਹਾਂਪੁਰਸ਼ਾਂ ਨੇ ਗਿਆਨੀ ਬਾਬਾ ਜੀ ਨੂੰ ਸਨਮਾਨ ਸਤਿਕਾਰ ਦਿੰਦਿਆਂ ਸਿਰੋਪਾਓ ਅਤੇ ਦੋਸ਼ਾਲੇ ਭੇਂਟ ਕੀਤੇ। ਇਸ ਸਮਾਗਮ ਵਿੱਚ ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਤੋਂ ਇਲਾਵਾ ਸੰਤ ਪ੍ਰਦੀਪ ਦਾਸ ਕਠਾਰ , ਸੰਤ ਰਮਿੰਦਰ ਦਾਸ ਹੁਸ਼ਿਆਰਪੁਰ, ਸੰਤ ਕ੍ਰਿਸ਼ਨ ਨਾਥ ਚਹੇੜੂ, ਸੰਤ






ਮਨਦੀਪ ਦਾਸ, ਸੰਤ ਦਲੀਪ ਦਾਸ ਤਲਵਾੜਾ, ਸੰਤ ਪ੍ਰੀਤਮ ਦਾਸ ਤਲਵਾੜਾ, ਸੰਤ ਅਨੰਦ ਮੁਨੀ ਜੀ, ਸੰਤ ਗੁਰਮੁੱਖ ਸਿੰਘ ਜੀ ਸੱਜਣਾ, ਸੰਤ ਪਰਮਿੰਦਰ ਸਿੰਘ ਡਗਾਣਾ, ਸੱਯਦ ਫਕੀਰ ਬੀਬੀ ਸ਼ਰੀਫਾਂ ਜੀ, ਸੰਤ ਨਿਰਮਲ ਸਿੰਘ ਢੈਹਾ, ਸੰਤ ਸਤਨਾਮ ਸਿੰਘ ਨਰੂੜ, ਸੰਤ ਸੁਰਿੰਦਰ ਦਾਸ ਅਟਾਰੀ, ਸੰਤ ਲੇਖਰਾਜ ਨੂਰਪੁਰ, ਸੰਤ ਓਮ ਦਾਸ ਨੂਰਪੁਰ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਹਰਚਰਨ ਸਿੰਘ ਜੀ ਸ਼ਾਮ ਚੁਰਾਸੀ , ਸੰਤ ਰਣਜੋਧ ਸਿੰਘ ਸ਼ਾਮ ਚੁਰਾਸੀ , ਸੰਤ ਬਲਵੰਤ ਸਿੰਘ ਡੀਂਗਰੀਆਂ ਸ੍ਰੀਮਾਨ ਵਰਿੰਦਰ ਦਾਸ ਬੱਬੂ, ਸ੍ਰੀਮਾਨ ਦਵਿੰਦਰ ਜੀ ਸਮੇਤ ਵੱਡੀ ਗਿਣਤੀ ਵਿੱਚ ਸੰਤ ਸਮਾਜ ਨੇ ਸ਼ਿਰਕਤ ਕਰਕੇ ਪਰਮ ਸੰਤ ਫਕੀਰੀ ਰੂਹ ਸੰਤ ਬਾਬਾ ਗੁਰਬਚਨ ਦਾਸ ਮਹਾਰਾਜ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਇਸ ਮੌਕੇ ਭਾਈ ਹਰਪਾਲ ਸਿੰਘ ਵਿਰਦੀ ਜਲੰਧਰ, ਭਾਈ ਮਨਦੀਪ ਵਿੱਕੀ , ਸੰਤ ਪਰਮਿੰਦਰ ਸਿੰਘ ਡਗਾਣਾ , ਭਾਈ ਸ਼ਾਮਜੀਤ ਸਿੰਘ ਡਗਾਣਾ ਤੋਂ ਇਲਾਵਾ ਕਵਾਲ ਕੁਲਦੀਪ ਕਾਦਰ, ਕਵਾਲ ਕੁਲਦੀਪ ਰੂਹਾਨੀ ਫਗਵਾੜਾ ਨੇ ਵੀ ਮਹਾਂਪੁਰਸ਼ਾਂ ਦੀ ਯਾਦ ਵਿੱਚ ਸੂਫ਼ੀ ਕਲਾਮ ਸੰਗਤ ਨੂੰ ਸਰਵਣ ਕਰਵਾ ਕੇ ਆਪਣੀ ਸ਼ਰਧਾਂਜਲੀ ਭੇਂਟ ਕੀਤੀ । ਮੰਚ ਦੀ ਸੇਵਾ ਸ੍ਰੀਮਾਨ ਦਵਿੰਦਰ ਜੀ ਅਤੇ ਦਿਨੇਸ਼ ਵਲੋਂ ਕੀਤੀ ਗਈ । ਇਸ ਮੌਕੇ ਸਭ ਮਹਾਂਪੁਰਸ਼ਾਂ ਦੇ ਕਰ ਕਮਲਾਂ ਨਾਲ ਸੰਤ ਬਾਬਾ ਗੁਰਬਚਨ ਦਾਸ ਮਹਾਰਾਜ ਜੀ ਦੇ ਅੰਗੀਠਾ ਸਾਹਿਬ ਦੇ ਨਿਰਮਾਣ ਦੀ ਵੀ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ।

# ਮੁੱਖ ਮੰਤਰੀ ਵੱਲੋਂ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਵਾਸੀਆਂ ਨੂੰ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਣ ਦਾ ਸੱਦਾ ਦਿੱਤਾ ਤਾਂ ਕਿ ਵਾਤਾਵਰਣ ਪ੍ਰਦੂਸ਼ਣ ਦੀ ਰੋਕਥਾਮ ਦੇ ਨਾਲ-ਨਾਲ ਸੂਬੇ ਵਿੱਚ ਹਰਿਆਵਲ ਹੇਠ ਰਕਬਾ ਵਧਾਇਆ ਜਾ ਸਕੇ। ਅੱਜ ਇੱਥੇ ਵਣ-ਮਹਾਂਉਤਸਵ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਸੰਬਧੋਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿਲੱਖਣ ਉਪਰਾਲੇ ਦਾ ਉਦੇਸ਼ ਸੂਬਾ ਭਰ ਵਿੱਚ ਹਰਿਆਲੀ ਨੂੰ ਹੋਰ ਵਧਾਉਣਾ ਹੈ। ਗੁਰਬਾਣੀ ਦੀ ਤੁਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਹਵਾ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਦਾ ਅਤੇ ਜ਼ਮੀਨ (ਧਰਤ) ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਸਮਿਆਂ ਦੌਰਾਨ ਕੋਈ ਉਦਯੋਗਿਕ ਯੂਨਿਟ ਵੀ ਨਹੀਂ ਹੁੰਦਾ ਸੀ ਜਦੋਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੀਆਂ ਸਨ ਪਰ ਇਹ ਸਾਡੇ ਮਹਾਨ ਗੁਰੂ ਸਾਹਿਬਾਨ ਦੀ ਦੂਰਅੰਦੇਸ਼ ਪਹੁੰਚ ਸੀ ਜਿਸ ਦਾ ਮਕਸਦ ਪ੍ਰਦੂਸ਼ਣ ਦਾ ਖਾਤਮਾ ਕਰਨਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ



ਸਮੇਂ ਦੀ ਲੋੜ ਮੁਤਾਬਕ ਵਾਤਾਵਰਣ ਨੂੰ ਬਚਾਉਣਾ ਸਾਡੇ ਸਾਰਿਆਂ ਦਾ ਫਰਜ਼ ਹੈ ਜਿਸ ਕਰਕੇ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਬਦਲਿਆ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਕਾਰਬਨ ਕਰੈਡਿਟ ਸਕੀਮ' ਲਾਗੂ ਕਰਨ ਵਾਲਾ ਦੇਸ਼ ਵਿੱਚ ਪਹਿਲਾ ਸੂਬਾ ਹੈ ਤਾਂ ਕਿ ਵਾਤਾਵਰਣ ਨੂੰ ਬਚਾਉਣ ਦੇ ਨਾਲ-ਨਾਲ ਆਲਮੀ ਤਪਸ਼ ਉਤੇ ਕਾਬੂ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਟੇਰੀ (ਊਰਜਾ ਤੇ ਖੋਜ ਸੰਸਥਾਨ) ਦੀ ਮਦਦ ਨਾਲ ਸੂਬੇ ਵਿੱਚ ਲਾਗੂ ਕੀਤਾ ਜਾ ਚੁੱਕਾ ਹੈ ਅਤੇ ਪਾਇਲਟ ਪ੍ਰਾਜੈਕਟ ਵਜੋਂ ਸੂਬੇ ਦੇ 3686 ਕਿਸਾਨਾਂ ਨੂੰ ਚਾਰ ਕਿਸ਼ਤਾਂ ਵਿੱਚ 45 ਕਰੋੜ ਰੁਪਏ ਵੰਡੇ ਜਾਣਗੇ। ਭਗਵੰਤ ਸਿੰਘ ਮਾਨ ਨੇ ਅੱਜ ਇਸ ਸਕੀਮ ਅਧੀਨ ਪਹਿਲੀ ਕਿਸ਼ਤ ਵਜੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ 818 ਕਿਸਾਨਾਂ ਨੂੰ 1.175 ਕਰੋੜ ਰੁਪਏ ਦੇ ਚੈੱਕ ਵੰਡੇ। ਮੁੱਖ ਮੰਤਰੀ ਨੇ ਦੱਸਿਆ ਕਿ ਇਹ ਫੰਡ ਵਾਤਾਵਰਣ ਪ੍ਰਦੂਸ਼ਣ ਦੀ ਰੋਕਥਾਮ ਲਈ ਸਰਗਰਮ ਭੂਮਿਕਾ ਨਿਭਾਅ ਰਹੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਮਨੁੱਖ ਨੇ ਅੰਨ੍ਹੇਵਾਹ ਰੁੱਖ ਵੱਢ ਕੇ ਕੁਦਰਤ ਨਾਲ ਵੱਡਾ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਕਿ ਮਨੁੱਖ ਦੀ ਇਸ ਗਲਤੀ ਕਰਕੇ ਅਸੀਂ ਦੇਸ਼ ਭਰ ਵਿੱਚ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰ ਰਹੇ ਹਾਂ ਅਤੇ ਵੱਧ ਤੋਂ ਵੱਧ ਬੂਟੇ ਲਾਉਣਾ ਹੀ ਇਸ ਦਾ ਇਕੋ-ਇਕ ਹੱਲ ਹੈ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਆਪੋ-ਆਪਣੇ ਖੇਤਾਂ ਵਿੱਚ ਘੱਟੋ-ਘੱਟ ਚਾਰ ਬੂਟੇ ਲਾਉਣ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਲੋੜ ਪਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਇਸ ਬਾਰੇ ਕਾਨੂੰਨ ਵੀ ਬਣਾਇਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ ਉਸ ਸਮੇਂ ਸਿਰਫ਼ 21 ਫੀਸਦੀ ਨਹਿਰੀ ਪਾਣੀ ਹੀ ਵਰਤਿਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਅੱਜ 72 ਫੀਸਦੀ ਨਹਿਰੀ ਪਾਣੀ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵੀਂ ਕੰਢੀ ਨਹਿਰ ਬਣਾਈ ਜਾ ਰਹੀ ਹੈ ਜਿਸ ਨਾਲ 11,000 ਏਕੜ ਰਕਬੇ ਨੂੰ ਫਾਇਦਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਧਾਰ ਕਲਾਂ ਵਿਖੇ 206 ਮੈਗਾਵਾਟ ਦੀ ਸਮਰੱਥਾ ਵਾਲਾ ਡੈਮ ਵੀ ਛੇਤੀ ਹੀ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿੱਚ ਮਾਲਵਾ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਰਿਕਾਰਡ ਹੈ ਕਿ ਸੂਬੇ ਦੀਆਂ ਪਿਛਲੀਆਂ ਕਿਸੇ ਵੀ ਸਰਕਾਰਾਂ ਨੇ ਇਸ ਲੋੜ ਵੱਲ ਧਿਆਨ ਨਹੀਂ ਦਿੱਤਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਲਗਭਗ 150 ਕਿਲੋਮੀਟਰ ਲੰਬੀ ਇਹ ਨਵੀਂ ਨਹਿਰ ਸੂਬੇ ਖਾਸ ਕਰਕੇ ਮਾਲਵਾ ਖੇਤਰ ਵਿੱਚ ਬੇਮਿਸਾਲ ਤਰੱਕੀ ਅਤੇ ਖੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗੀ ਅਤੇ ਸੂਬਾ ਸਰਕਾਰ ਇਸ ਵੱਕਾਰੀ ਪ੍ਰੋਜੈਕਟ 'ਤੇ ਲਗਭਗ 2300 ਕਰੋੜ ਰੁਪਏ ਖਰਚ ਕਰੇਗੀ ਜੋ ਕਿ ਸੂਬੇ ਦੀ ਤਕਰੀਬਨ ਦੋ ਲੱਖ ਏਕੜ ਜ਼ਮੀਨ ਦੀ ਸਿੰਜਾਈ ਦੀਆਂ ਲੋੜਾਂ ਨੂੰ ਪੂਰਾ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਉਤੇ ਤਿੱਖਾ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਆਪਣੀਆਂ ਸਿਆਸੀ ਚਾਲਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਵਿਅੰਗ ਕਰਦਿਆਂ ਕਿਹਾ, "ਬਾਦਲ ਪਰਿਵਾਰ ਦਾ ਫਰਜੰਦ ਹੁਣ ਆਪਣੇ ਕੀਤੇ ਦੀ ਮੁਆਫੀ ਮੰਗ ਰਿਹਾ ਹੈ ਪਰ ਉਸ ਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਗਲਤੀਆਂ ਲਈ ਮੁਆਫ਼ ਕੀਤਾ ਜਾ ਸਕਦਾ ਪਰ ਗੁਨਾਹ ਕਦੇ ਮਾਫ਼ ਨਹੀਂ ਹੁੰਦੇ। ਬਾਦਲ ਪਰਿਵਾਰ ਨੇ ਸੂਬੇ ਅਤੇ ਇੱਥੋਂ ਦੇ ਲੋਕਾਂ ਨਾਲ ਬੱਜਰ ਗੁਨਾਹ ਕੀਤੇ ਹਨ ਜਿਨ੍ਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ।" ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਬੇਅਦਬੀ ਕਾਂਡ ਬਾਰੇ ਸਬੂਤ ਇਕੱਠੇ ਕਰ ਰਹੀ ਹੈ ਅਤੇ ਇਸ ਅਪਰਾਧ ਦੇ ਅਸਲ ਦੋਸ਼ੀ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ। ਬਾਗ਼ੀ ਅਕਾਲੀ ਲੀਡਰਸ਼ਿਪ ਉਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਆਗੂ ਹੁਣ ਇਸ ਮੁੱਦੇ 'ਤੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ ਜਦਕਿ ਜਦੋਂ ਇਹ ਗੁਨਾਹ ਕੀਤੇ ਜਾ ਰਹੇ ਸਨ ਤਾਂ ਉਸ ਵੇਲੇ ਇਹ ਬਾਗੀ ਲੀਡਰਸ਼ਿਪ ਵੀ ਬਾਦਲ ਪਰਿਵਾਰ ਨਾਲ ਘਿਓ-ਖਿਚੜੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਗੂ ਹੁਣ ਸਿਰਫ਼ ਫੋਕੀ ਬਿਆਨਬਾਜ਼ੀ ਕਰਕੇ ਪੰਜਾਬ ਨਾਲ ਕਮਾਏ ਧ੍ਰੋਹ ਤੋਂ ਮੁਕਤ ਨਹੀਂ ਹੋ ਸਕਦੇ।

# ਵਿਦਿਆਰਥੀਆਂ ਨੂੰ ਚਾਈਨਾ ਡੋਰ ਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਕੀਤਾ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਹੁਸ਼ਿਆਰਪੁਰ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਰਦੇਸ਼ਾਂ ਤਹਿਤ ਵਾਤਾਵਰਨ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਲਈ ਇਨਵਾਇਰਮੈਂਟ ਐਕਟ (5), 1986 ਤਹਿਤ ਜ਼ਿਲ੍ਹੇ ਵਿਚ ਵਿਸ਼ੇਸ਼ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ। ਇਸ ਜਾਗਰੂਕਤਾ




ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਚਾਈਨਾ ਡੋਰ ਅਤੇ ਸਿੰਗਲ ਯੂਜ਼ ਪਲਾਸਟਿਕ ਦੇ ਖ਼ਤਰਿਆਂ ਤੋਂ ਜਾਣੂ ਕਰਵਾਉਣਾ ਅਤੇ ਇਸ ਦੀ ਵਰਤੋਂ ਨੂੰ ਰੋਕਣ ਲਈ ਪ੍ਰੇਰਿਤ ਕਰਨਾ ਸੀ। ਇਸ ਸਬੰਧ ਵਿਚ ਦੁਆਬਾ ਪਬਲਿਕ ਸਕੂਲ, ਮਾਹਿਲਪੁਰ ਅਤੇ ਦਿੱਲੀ ਇੰਟਰਨੈਸ਼ਨਲ ਸਕੂਲ, ਚੱਬੇਵਾਲ ਵਿਚ ਸੈਮੀਨਾਰ ਆਯੋਜਿਤ ਕੀਤੇ ਗਏ। ਇਨ੍ਹਾਂ ਸੈਮੀਨਾਰਾਂ ਦਾ ਆਯੋਜਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਹੁਸ਼ਿਆਰਪੁਰ ਦੇ ਅਧਿਕਾਰੀਆਂ ਵੱਲੋਂ ਕੀਤਾ ਗਿਆ, ਜਿਸ ਦੌਰਾਨ ਐਸ।ਡੀ।ਓ ਵੀਰੇਸ਼ ਓਹਰੀ ਅਤੇ ਜੇ।ਈ ਸੁਖਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ।

ਐਸ।ਡੀ।ਓ ਵੀਰੇਸ਼ ਓਹਰੀ ਨੇ ਵਿਦਿਆਰਥੀਆਂ ਨੂੰ ਚਾਈਨਾ ਡੋਰ ਦੇ ਖ਼ਤਰਿਆਂ ਬਾਰੇ ਵਿਸਥਾਰ ਵਿਚ ਦੱਸਿਆ, ਜੋ ਨਾ ਕੇਵਲ ਵਾਤਾਵਰਨ ਲਈ ਹਾਨੀਕਾਰਕ ਹੈ, ਬਲਕਿ ਮਨੁੱਖੀ ਜੀਵਨ ਅਤੇ ਜੰਗਲੀ ਜੀਵਾਂ ਲਈ ਵੀ ਖ਼ਤਰਨਾਕ ਸਾਬਿਤ ਹੁੰਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚਾਈਨਾ ਡੋਰ ਦੀ ਵਰਤੋਂ ਨਾ ਕੇਵਲ ਗੈਰ ਕਾਨੂੰਨੀ ਹੈ, ਬਲਕਿ ਇਹ ਕਈ ਦੁਰਘਟਨਾਵਾਂ ਦਾ ਕਾਰਨ ਵੀ ਬਣਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ ਅਤੇ ਭਾਈਚਾਰੇ ਵਿਚ ਇਸ ਬਾਰੇ ਜਾਗਰੂਕਤਾ ਫੈਲਾਉਣ ਅਤੇ ਚਾਈਨਾ ਡੋਰ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰਨ ਲਈ ਕਦਮ ਚੁੱਕਣ।

ਜੇ।ਈ ਸੁਖਪ੍ਰੀਤ ਸਿੰਘ ਨੇ ਸਿੰਗਲ ਯੂਜ਼ ਪਲਾਸਟਿਕ ਦੇ ਪ੍ਰਭਾਵਾਂ 'ਤੇ ਚਰਚਾ ਕੀਤੀ ਅਤੇ ਦੱਸਿਆ ਕਿ ਪਲਾਸਟਿਕ ਸਾਡੇ ਵਾਤਾਵਰਨ ਲਈ ਇਕ ਗੰਭੀਰ ਖ਼ਤਰਾ ਹੈ। ਸਿੰਗਲ ਯੂਜ਼ ਪਲਾਸਟਿਕ ਨਸ਼ਟ ਨਹੀਂ ਹੁੰਦਾ ਅਤੇ ਇਸ ਲਾਲ ਭੂਮੀ ਅਤੇ ਜਲ ਦੋਵੇਂ ਪ੍ਰਦੂਸ਼ਿਤ ਹੁੰਦੇ ਹਨ। ਉਨ੍ਹਾ ਕਿਹਾ ਕਿ ਸਾਨੂੰ ਪਲਾਸਟਿਕ ਦੇ ਬਦਲ ਲੱਭਣੇ ਚਾਹੀਦੇ ਹਨ ਅਤੇ ਵਾਤਾਵਰਨ ਨੂੰ ਬਚਾਉਣ ਲਈ ਆਪਣੀ ਜੀਵਨਸ਼ੈਲੀ ਵਿਚ ਬਦਲਾਅ ਲਿਆਉਣਾ ਚਾਹੀਦਾ ਹੈ। ਪ੍ਰਿੰਸੀਪਲ ਅਜੀਤ ਗੁਪਤਾ ਅਤੇ ਪ੍ਰਿੰਸੀਪਲ ਜੀ। ਮਾਰੀਆ ਜਾਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਵਿਦਿਆਰਥੀਆਂ ਵਿਚ ਵਾਤਾਵਰਨ ਦੇ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਹੁੰਦੀ ਹੈ, ਜੋ ਭਵਿੱਖ ਵਿਚ ਇਕ ਸਵੱਛ ਅਤੇ ਹਰਿਆ-ਭਰਿਆ ਸਮਾਜ ਬਣਾਉਣ ਵਿਚ ਸਹਾਈ ਹੋਵੇਗਾ। ਪ੍ਰਬੰਧਕ ਦੁਆਬਾ ਪਬਲਿਕ ਸਕੂਲ ਇਸ਼ਮੀਤ ਸਿੰਘ ਅਤੇ ਦਿੱਲੀ ਇੰਟਰਨੈਸ਼ਨਲ ਸਕਲ ਦੇ ਨਿਰਦੇਸ਼ਕ ਅਨੁਜ ਤੋਲਾ ਨੇ ਕਿਹਾ ਕਿ ਸਕੂਲ ਪ੍ਰਸ਼ਾਸਨ ਹਮੇਸ਼ਾ ਇਸ ਤਰ੍ਹਾਂ ਦੇ ਯਤਨਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਵੇਗਾ ਅਤੇ ਵਿਦਿਆਰਥੀਆਂ ਨੂੰ ਵਾਤਾਵਰਨ ਦੇ ਪ੍ਰਤੀ ਜਾਗਰੂਕ ਬਣਾਉਣ ਵਿਚ ਸਹਿਯੋਗ ਕਰੇਗਾ। ਇਸ ਦੌਰਾਨ ਦੋਵਾਂ ਸਕੂਲਾਂ ਵਿਚ ਪੌਦੇ ਵੀ ਲਗਾਏ ਗਏ। ਸਮਾਗਮ ਦੇ ਅੰਤ ਵਿਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਹੁਸ਼ਿਆਰਪੁਰ ਦੇ ਅਧਿਕਾਰੀਆ ਨੇ ਸਕੂਲ ਪ੍ਰਸ਼ਾਸਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਾਤਾਵਰਨ ਦੀ ਰੱਖਿਆ ਦੇ ਲਈ ਲਗਾਤਾਰ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ। ਸੈਮੀਨਾਰ ਰਾਹੀਂ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੁਰੱਖਿਆ ਦੀ ਦਿਸ਼ਾ ਵਿਚ ਮਹੱਤਵਪੂਰਨ ਜਾਣਕਾਰੀ ਮਿਲੀ ਅਤੇ ਉਨ੍ਹਾਂ ਨੇ ਇਸ ਨੂੰ ਆਪਦੇ ਜੀਵਨ ਵਿਚ ਅਪਣਾਉਣ ਦੀ ਸਹੁੰ ਵੀ ਚੁੱਕੀ।

# ਬੀਡੀਪੀਓ ਦਫਤਰ ਅੱਗੇ ਧਰਨੇ ਸਬੰਧੀ ਮੀਟਿੰਗ ਹੋਈ

**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪੈਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ 19 ਤੋਂ 26 ਅਗਸਤ ਦੇ ਸੂਬਾ ਪੱਧਰੀ ਸੱਦੇ ਤਹਿਤ ਬੀਡੀਪੀਓ ਨਵਾਂਸਹਿਰ ਦਫਤਰ ਅੱਗੇ ਬਲਾਕ ਪੱਧਰੀ ਦਿੱਤੇ ਜਾਣ ਵਾਲੇ ਧਰਨੇ ਸੰਬੰਧੀ ਪਿੰਡ ਗੋਹਲੜੋਂ ਵਿੱਚ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ ਹੈ। ਇਸ ਮੌਕੇ ਪੰਜਾਬ ਦੇ ਸੂਬਾ ਆਗੂ ਕਮਲਜੀਤ ਸਨਾਵਾ ਨੇ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਮਜ਼ਦੂਰਾਂ ਦੇ ਬੁਨਿਆਦੀ ਮਸਲਿਆਂ ਨੂੰ ਸਰਕਾਰ ਅੱਖੋਂ ਪਰੋਖੇ ਕਰ ਰਹੀ ਹੈ। ਉਨਾ ਕਿਹਾ ਕਿ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਆਪਣੇ ਲਾਲ ਲਕੀਰ ਦੇ ਅੰਦਰ ਆਉਂਦੇ




ਮਕਾਨਾਂ ਦੀ ਹਾਲੇ ਤੱਕ ਰਜਿਸਟਰੀ ਨਹੀਂ ਦਿੱਤੀ ਗਈ । ਇਸ ਤੋਂ ਇਲਾਵਾ ਨਰੇਗਾ ਕੰਮ ਪੂਰਾ ਸਾਲ ਦੇਣ ਵਾਸਤੇ, ਮਜ਼ਦੂਰਾਂ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ ਤੇ ਬਿਨਾਂ ਸ਼ਰਤ ਮਾਈਕਰੋ ਫ਼ਾਈਨਾਸ ਕੰਪਨੀਆਂ ਤੋਂ ਇਲਾਵਾ ਬਾਕੀ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ ਤੇ ਲੈਂਡ ਸੀਲਿੰਗ ਐਕਟ 1972 ਨੂੰ ਲਾਗੂ ਕਰਨ ਦੀ ਗੱਲ ਵੀ ਆਖੀ ਗਈ। ਇਸ ਮੌਕੇ ਇਲਾਕਾ ਆਗੂ ਲਾਡੀ ਕੋਟ ਰਾਂਝਾ ਨੇ ਵੀ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਹਰ ਮਜ਼ਦੂਰ ਨੂੰ 5-5 ਮਰਲੇ ਦੇ ਪਲਾਂਟ ਦੇਵੇ ਅਤੇ ਮਜ਼ਦੂਰਾਂ ਦੇ ਕੱਚੇ ਘਰਾਂ ਨੂੰ ਪੱਕੇ ਕਰਨ ਦੀ ਗਰਾਂਟ ਵੀ ਜਾਰੀ ਕਰੇ। ਇਸ ਮੌਕੇ ਯੂਨੀਅ ਦੇ ਆਗੂ ਆਗੂ ਕਿਰਨਜੀਤ ਧਰਮਕੋਟ ਨੇ ਕਿਹਾ ਕਿ ਬੀਡੀਪੀਓਜ਼ ਦਫਤਰਾਂ ਅੱਗੇ ਦਿੱਤੇ ਜਾਣ ਵਾਲੇ ਧਰਨਿਆਂ ਦੀ ਤਿਆਰੀ ਲਈ ਸੜੋਆ ਅਤੇ ਕੋਟ ਰਾਂਝਾ ਪਿੰਡਾਂ ਵਿਚ ਵੀ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਮੌਕੇ ਕੁਲਵਿੰਦਰ ਕੌਰ, ਕਰਿਸ਼ਮਾ, ਹਰਜਿੰਦਰ ਕੌਰ, ਮੱਖਣ ਰਾਮ ਅਤੇ ਸੁੱਚਾ ਸਿੰਘ ਵੀ ਮੌਜੂਦ ਸਨ।

# ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਸਰਕਾਰ ਦੇ ਲਾਰਿਆ ਦੀ ਪੰਡ ਫੂਕੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ ਦੁਆਰਾ ਮੀਟਿੰਗਾਂ ਦੇ ਕੇ ਵਾਰ ਵਾਰ ਮੁਕਰਨ ਦੇ ਖਿਲਾਫ ਸਰਕਾਰ ਦੇ ਲਾਰਿਆਂ ਦੀ ਪੰਡ ਫੂਕਣ ਦੇ ਸੱਦੇ ਤਹਿਤ ਸਥਾਨਕ ਗੜ੍ਹਸ਼ੰਕਰ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੀ ਇਕਾਈ ਵੱਲੋਂ ਮੱਖਣ ਸਿੰਘ ਮੋਇਲਾ ਵਾਹਿਦਪੁਰ,ਮੁਕੇਸ਼ ਕੁਮਾਰ,ਅਮਰੀਕ ਸਿੰਘ,ਸਰੂਪ ਚੰਦ, ਸੁਖਦੇਵ ਡਾਨਸੀਵਾਲ, ਬਲਵੀਰ ਖਾਨਪੁਰੀ,ਪਵਨ ਗੋਇਲ,ਸ਼ਰਮੀਲਾ ਰਾਣੀ ਦੀ ਅਗਵਾਈ ਵਿੱਚ ਸਥਾਨਕ ਬੱਸ ਅੱਡੇ 'ਤੇ ਰੋਸ ਰੈਲੀ ਕਰਨ ਉਪਰੰਤ ਕੋਰਟ ਕੰਪਲੈਕਸ ਅੱਗੇ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ। ਇਸ ਵੇਲੇ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਅਤੇ ਵਿਦੇਸ਼ੀ ਕਾਰਪੋਰੇਟਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕੀਤੀਆਂ ਜਾ ਰਹੀਆਂ ਆਰਥਿਕ ਨੀਤੀਆਂ ਕਾਰਨ ਵੱਖ-ਵੱਖ



ਤਬਕਿਆਂ ਦਾ ਜੀਉਣਾ ਦੁੱਬਰ ਹੋਇਆ ਪਿਆ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਪੇਂਡੂ ਭੱਤਾ, ਪੁਰਾਣੀ ਪੈਨਸ਼ਨ ਸਕੀਮ, ਨਵੇਂ ਮੁਲਾਜ਼ਮਾਂ 'ਤੇ ਪੰਜਾਬ ਸਕੇਲ ਲਾਗੂ ਕਰਨ, ਡੀ।ਏ ਦੀਆਂ ਕਿਸ਼ਤਾਂ, ਪੇ ਕਮਿਸ਼ਨ ਦਾ ਬਕਾਇਆ, ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਆਦਿ ਮੰਗਾਂ ਮੰਨਣ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ ਜਿਸ ਖਿਲਾਫ ਲੋਕਾਂ ਵਿੱਚ ਵੱਡੇ ਪੱਧਰ ਤੇ ਰੋਸ ਹੈ, ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਇਹਨਾਂ ਮੰਗਾਂ ਨੂੰ ਮੰਨਣ ਲਈ ਗੱਲਬਾਤ ਦਾ ਰਸਤਾ ਨਾ ਅਪਣਾਇਆ ਤਾਂ ਜਥੇਬੰਦੀਆਂ ਜਿਮਨੀ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣਗੀਆਂ। ਇਸ ਵੇਲੇ ਸਾਂਝੇ ਫਰੰਟ ਦੇ ਆਗੂਆਂ ਸ਼ਿੰਗਾਰਾ ਰਾਮ ਭੱਜਲ, ਬਲਵੰਤ ਰਾਮ ਰਾਜਕੁਮਾਰ, ਜਗਦੀਸ਼ ਰਾਏ, ਬਲਜਿੰਦਰ ਸਿੰਘ, ਸੰਦੀਪ ਕੁਮਾਰ, ਨਰੇਸ਼ ਕੁਮਾਰ, ਅਸ਼ਵਨੀ ਕੁਮਾਰ ਰਾਣਾ, ਮਨਜੀਤ ਬੰਗਾ, ਸੱਤਪਾਲ ਕਲੇਰ, ਹੰਸਰਾਜ ਗੜਸ਼ੰਕਰ, ਸਤਪਾਲ ਮਿਨਹਾਸ, ਪਰਮਿੰਦਰ ਪੱਖੋਵਾਲ, ਜਸਵੀਰ ਕੁਮਾਰ,ਲਖਵਿੰਦਰ ਸਿੰਘ, ਜੇਪੀਐਮ ਓ ਦੇ ਆਗੂ ਰਾਮ ਜੀ ਦਾਸ ਚੌਹਾਨ, ਨਿਰਮਲ ਕੌਰ ਜਸਵਿੰਦਰ ਕੌਰ, ਸ਼ਸ਼ੀ ਬਾਲਾ, ਰਾਮ ਨਿਰੰਜਨਜੋਤ ਸਿੰਘ ਚਾਂਦਪੁਰ ਰੁੜਕੀ ,ਪ੍ਰਦੀਪ ਸਿੰਘ, ਗੁਰਮੇਲ ਸਿੰਘ, ਅਮਰਜੀਤ ਬੰਗੜ, ਨਰੇਸ਼ ਕੁਮਾਰ, ਪ੍ਰਦੀਪ ਕੁਮਾਰ ਗੁਰੂ, ਨਿਤਨ, ਰਾਜਦੀਪ, ਗੁਰਪ੍ਰੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

# ਮਾਨਯੋਗ ਸੁਪਰੀਮ ਕੋਰਟ ਦਾ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨ-ਜਾਤਾਂ ਦੀ ਰਿਜਰਵੇਸ਼ਨ ਬਾਰੇ ਫੈਸਲਾ ਮੰਦਭਾਗਾ

**ਜਲੰਧਰ (ਜਸਪਾਲ ਕੁਮਾਰ)–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦਾ ਹਾਲ ਹੀ ਵਿੱਚ ਰਿਜਰਵੇਸ਼ਨ ਬਾਰੇ ਦਿੱਤਾ ਫੈਸਲਾ ਮੰਦ ਭਾਗਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਵਿੱਚ ਸੰਵਿਧਾਨ ਲਾਗੂ ਹੋਣ ਦੇ ਤਕਰੀਬਨ 74 ਸਾਲ ਬਾਅਦ ਵੀ ਉਸ ਵਿੱਚ ਦਰਜ ਰਿਜਰਵੇਸ਼ਨ ਦੇ ਮੁਕਾਬਲੇ ਅਨੁਸੂਚਿਤ ਜਾਤਾਂ ਅਤੇ ਅਤੇ ਅਨੁਸੂਚਿਤ ਜਨ-ਜਾਤਾਂ ਨੂੰ ਰਿਜਰਵੇਸ਼ਨ ਪੂਰੀ ਹੀ ਨਹੀਂ ਦਿੱਤੀ ਗਈ ਹੈ। ਪ੍ਰਬੰਧਕੀ ਅਦਾਰਿਆਂ, ਅਦਾਲਤਾਂ, ਯੂਨੀਵਰਸਿਟੀਆਂ ਅਤੇ ਹੋਰ ਉੱਚ ਅਹੁਦਿਆਂ ਵਿੱਚ ਤਾਂ ਇਨ੍ਹਾਂ ਵਰਗਾਂ ਦੀ ਸ਼ਮੂਲੀਅਤ ਬਿਲਕੁਲ ਨਾ-ਮਾਤਰ ਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਭਾਰਤ ਵਿੱਚ ਸਭ ਤੋਂ ਵੱਧ ਸਮਾਜਿਕ, ਆਰਥਿਕ ਪਛੜੇ ਸਮਝਿਆ ਜਾਂਦਾ ਹੈ ਅਤੇ ਬਰਾਬਰੀ ਪਹਿਲ ਕਦਮੀ ਵਿੱਚ ਸਹਾਇਤਾ ਕਰਨ ਲਈ ਅਧਿਕਾਰਤ ਤੌਰ ਤੇ ਭਾਰਤ ਦੇ ਸੰਵਿਧਾਨ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਸੰਵਿਧਾਨ 'ਅਨੁਸੂਚਿਤ ਜਾਤੀ ਆਡਰ 1950' 28 ਰਾਜਾਂ ਵਿੱਚ 1109 ਜਾਤੀਆਂ ਨੂੰ ਸੂਚੀ



ਬਲਦੇਵ ਰਾਜ ਭਾਰਦਵਾਜ



ਚਰਨ ਦਾਸ ਸੰਧੂ

ਵੱਧ ਕਰਦਾ ਹੈ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 46 ਦੇ ਅਨੁਸਾਰ ਰਾਜਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਅਕ ਅਤੇ ਆਰਥਿਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਉਹਨਾਂ ਦੀ ਰੱਖਿਆ ਕਰਨੀ ਹੋਵੇਗੀ। ਇਹ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਸਮਾਜਿਕ ਬੇਇਨਸਾਫੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਏਗਾ। ਸੰਧੂ ਅਤੇ ਭਾਰਦਵਾਜ ਨੇ ਅੱਗੇ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਹੋਰ ਉਪ-ਵੰਡ ਕਰਕੇ ਉਨ੍ਹਾਂ ਨੂੰ ਰਿਜਰਵੇਸ਼ਨ ਦੇਣਾ ਬਿਲਕੁਲ ਰਿਜਰਵੇਸ਼ਨ ਨਾ ਦੇਣ ਦੇ ਬਰਾਬਰ ਹੋਵੇਗਾ। ਇਸ ਕਰਕੇ ਉਨ੍ਹਾਂ ਨੇ ਜੋਰਦਾਰ ਅਪੀਲ ਕਰਕੇ ਕਿਹਾ ਕਿ ਇਸ ਫੈਸਲੇ ਦੀ ਤੁਰੰਤ ਸੋਧ ਕਰਕੇ ਜੋ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਪਹਿਲੇ ਦੀ ਤਰ੍ਹਾਂ ਰਿਜਰਵੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਅਤੇ ਜੋ ਬੈਕਲੋਗ ਹਨ ਉਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਜੋ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਮੇਂਬਰ ਪਾਰਲੀਮੈਂਟ ਬਾਬਾ ਸਾਹਿਬ ਦੇ ਦਿੱਤੇ ਹੋਏ ਸੰਵਿਧਾਨ ਦੁਆਰਾ ਦਿੱਤੀ ਗਈ ਰਿਜਰਵੇਸ਼ਨ ਦੇ ਨਾਲ ਸੰਸਦ ਵਿੱਚ ਪਹੁੰਚੇ ਹਨ, ਉਨ੍ਹਾਂ ਨੂੰ ਵੀ ਪੁਰਜੋਰ ਅਪੀਲ ਕੀਤੀ ਗਈ ਕਿ ਉਹ ਇਨ੍ਹਾਂ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਉਣ ਤਾਂ ਜੋ ਇਨ੍ਹਾਂ ਵਰਗਾਂ ਦੇ ਅਧਿਕਾਰ ਸੁਰੱਖਿਅਤ ਰਹਿ ਸਕਣ।

# ਹਲਕਾ ਚੱਬੇਵਾਲ ਨੂੰ ਮਿਲੇ ਗ੍ਰਾਂਟਾਂ ਦੇ ਗੱਫੇ, ਮੁੱਖ ਮੰਤਰੀ ਤੋਂ ਕਰਵਾਇਆ 25 ਕਰੋੜ ਰੁਪਇਆ ਮੰਨਜੂਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੱਲ ਹਲਕਾ ਚੱਬੇਵਾਲ ਦੇ ਵਿਕਾਸ ਕਾਰਜਾਂ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਇੱਕ ਅਹਿਮ ਮੀਟਿੰਗ ਵਿੱਚ ਰਾਜ ਕੁਮਾਰ ਚੱਬੇਵਾਲ ਦੇ ਵੱਖ-ਵੱਖ ਵਿਕਾਸ ਦੇ ਕੰਮਾਂ ਲਈ ਮੁੱਖ ਮੰਤਰੀ ਤੋਂ 25 ਕਰੋੜ ਦੀਆਂ ਗ੍ਰਾਂਟਾ ਨੂੰ ਮੰਨਜੂਰੀ ਦਿਲਵਾਈ ਹੈ। ਉਹਨਾਂ ਮੀਡੀਆ ਨਾਲ ਮੁਖਾਤਿਬ ਹੁੰਦੇ ਹੋਏ ਦੱਸਿਆ ਕਿ ਇਹਨਾਂ ਵਿੱਚੋਂ 23 ਕਰੋੜ ਰੁਪਏ ਦੀ ਰਕਮ ਚੱਬੇਵਾਲ ਦੀਆਂ ਵੱਖ-ਵੱਖ ਵਿਕਾਸ ਸੰਬੰਧੀ ਕਾਰਜਾਂ ਅਤੇ ਹਲਕੇ ਦੀਆਂ ਸੜਕਾਂ ਦੀ ਉਸਾਰੀ ਲਈ ਇਸਤੇਮਾਲ ਕੀਤੇ ਜਾਣੇ ਹਨ ਅਤੇ 2 ਕਰੋੜ ਰੁਪਏ ਦੀ ਗ੍ਰਾਂਟ ਹਲਕੇ ਦੇ ਗਰੀਬ ਵਸਨੀਕਾਂ ਨੂੰ ਆਪਣੇ ਘਰਾਂ ਦੀਆਂ ਕੱ-ਚੀਆਂ ਛੱਤਾਂ ਦੀਆਂ ਅਰਜ਼ੀਆ ਦੀ ਜਾਂਚ ਹੋਣ ਉਪਰੰਤ ਨਾਲ ਹੀ ਜਾਰੀ ਹੋ ਜਾਵੇਗੀ। ਇੱਥੇ ਇਹ ਵੀ ਵਰਣਯੋਗ ਹੈ ਕਿ ਇਹਨਾ ਛੱਤਾਂ ਦੀ ਰਿਪੇਅਰ ਲਈ 2 ਕਰੋੜ ਰੁਪਏ ਦੀ ਆਰਜੀ ਮੰਜ਼ੂਰੀ ਹੋ ਚੱਕੀ ਹੈ। ਉਹਨਾਂ ਦੱਸਿਆਂ ਕਿ 23 ਕਰੋੜ ਦੀ ਰਾਸ਼ੀ ਵਿੱਚੋਂ ਲਗਭਗ 17 ਕਰੋੜ 15 ਲੱਖ ਰੁਪਏ ਨਵੀਆਂ ਸੜਕਾਂ ਦੀ ਉਸਾਰੀ ਅਤੇ ਸੜਕਾਂ ਨੂੰ 18 ਫੁੱਟ ਚੌੜਾ ਕਰਨ ਲਈ ਮੰਜ਼ੂਰ ਹੋਇਆ ਹੈ। ਇਹ ਵੀ ਵਰਣਨਯੋਗ ਹੈ ਕਿ ਸੜਕਾਂ ਨੂੰ 18 ਫੁੱਟ ਚੌੜਾ ਕਰਨ ਦਾ ਚੱਬੇਵਾਲ ਹਲਕੇ ਲਈ ਇੱਕ ਇਤਿਹਾਸਕ ਪਲ ਹੈ। ਇਹਨਾਂ ਸੜਕਾਂ ਵਿੱਚ ਫਤਿਹਪੁਰ ਕੋਠੀ ਤੋਂ ਲੈ ਕੇ ਰਾਮਪੁਰ ਤੱਕ, ਝੰਜੋਵਾਲ ਤੋਂ ਲੈ ਕੇ ਵਾਇਆ ਕਹਾਰ-ਪੁਰ ਗੁਰਦਵਾਰਾ ਸ਼ਹੀਦਾਂ ਤੱਕ, ਬਾਈਪਾਸ ਤੋਂ ਲੈ ਕੇ ਵਾਇਆ ਅਟੱਲ-ਗੜ੍ਹ, ਮਹਿਮੋਵਾਲ,



ਹਰਮੋਇਆ, ਫੁਲਾਹੀ, ਤਾਜੋਵਾਲ ਤੋ ਹੁਕੜਾਂ ਤੱਕ, ਬਸੀ ਕਲਾਂ ਤੋਂ ਲੈ ਕੇ ਪਰਸੋਵਾਲ ਤੱਕ ਅਤੇ ਭੇੜੂਆਂ ਤੋਂ ਲੈ ਕੇ ਚੱਕ ਸਾਧੂ ਆਦਿ ਸੜਕਾਂ ਨੂੰ 18 ਫੁੱਟ ਚੌੜੀਆਂ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ 7 ਸੜਕਾਂ ਨਵੀਆ ਜਿਸ ਵਿੱਚ ਹੇੜੀਆਂ ਤੋਂ ਰਾਜਪੁਰ ਭਾਈਆਂ, ਜੱਲੋਵਾਲ ਤੋਂ ਚਿਤੋਂ, ਪਾਂਸ਼ਟਾ ਮੁਖਲਿਆਣਾ ਰੋਡ ਤੋਂ ਦਿਹਾਣਾ, ਗੁਰਦਵਾਰਾ ਨੇਕੀ ਸਾਹਿਬ ਤੋਂ ਪੰਜੋੜਾ, ਬੱਡੋਂ ਤੋਂ ਫੋਕਲ ਪੁਆਇਟ ਦਿਹਾਣਾ, ਟੋਡਰਪੁਰ ਤੋ ਮਲਕਪੁਰ ਆਦਿ ਸ਼ਾਮਿਲ ਹਨ। ਡਾ. ਰਾਜ ਕੁਮਾਰ ਚੱਬੇਵਾਲ ਨੇ ਮੁੱਖ ਮੰਤਰੀ ਨਾਲ ਮੀਟਿੰਗ ਕਰਨ ਉਪਰੰਤ ਦੱਸਿਆ ਕਿ ਵਿਕਾਸ ਦੇ ਸਾਰੇ ਕੰਮਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਕੰਮ ਤੁਰੰਤ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹਲਕਾ ਚੱਬੇਵਾਲ ਦੇ ਪਿੰਡਾਂ ਦੇ ਵਿਕਾਸ ਲਈ 3 ਕਰੋੜ 69 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਉਸ ਦਾ ਕੰਮ ਵੀ ਜਲਦ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹਲਕਾ ਚੱਬੇਵਾਲ ਵਿੱਚ ਪੀਣ ਵਾਲੇ ਪਾਣੀ ਦੇ ਟਿਊਬਵੈਲ ਪਿੰਡ ਬਛੋਹੀ (80 ਲੱਖ), ਸਿੰਘਪੁਰ(76 ਲੱਖ) ਅਤੇ ਝੰਜੋਵਾਲ (60 ਲੱਖ) ਦੇ ਫੰਡ ਵੀ ਆ ਚੁੱਕੇ ਹਨ। ਇਸ ਦੌਰਨ ਡਾ। ਰਾਜ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਵਿਕਾਸ ਦੇ ਕੰਮਾ ਲਈ ਘੱਟ ਤੋਂ ਘੱਟ 150 ਕਰੋੜ ਰੁਪਏ ਹੋਰ ਜਲਦ ਹੀ ਆ ਰਹੇ ਹਨ। ਜਿਸ ਨਾਲ ਹਲਕਾ ਚੱਬੇਵਾਲ ਦੀ ਨੁਹਾਰ ਹੀ ਬਦਲ ਜਾਵੇਗੀ। ਇਸ ਮੌਕੇ ਤੇ ਉਹਨਾਂ ਨੇ ਮੁੱਖ ਮੰਤਰੀ ਸ। ਭਗਵੰਤ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਤੇ ਨਾਲ ਹੀ ਦੱਸਿਆ ਕਿ ਚੱਬੇਵਾਲ ਹਲਕਾ ਮੇਰੀ ਕਰਮ ਭੂਮੀ ਹੈ। ਇਸਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਹਨਾਂ ਕਿਹਾ ਕਿ ਇਹ ਮੇਰਾ ਸੁਪਨਾ ਹੈ ਕਿ ਆਉਣ ਵਾਲੇ ਸਮੇ ਵਿੱਚ ਹਲਕਾ ਚੱਬੇਵਾਲ ਦੇ ਹਰ ਗਰੀਬ ਦੇ ਸਿਰ ਤੇ ਪੱਕੀ ਛੱਤ ਹੋਵੇ। ਇਸ ਲਈ ਜੋ ਵੀ ਬਣਦਾ ਉਪਰਾਲਾ ਮੈਨੂੰ ਕਰਣਾ ਪਿਆ ਉਸ ਤੋਂ ਗੁਰੇਜ ਨਹੀਂ ਕਰਾਂਗਾ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਜ਼ਮੀਨ ਦੀ ਕਾਣੀ ਵੰਡ ਖਿਲਾਫ਼ ਦਲਿਤ ਮੁਕਤੀ ਮਾਰਚ ਦੀ ਤਿਆਰੀਆਂ ਸਬੰਧੀ ਕੀਤੀ ਬੈਠਕ

**ਸੰਗਰੂਰ, (ਦਲਜੀਤ ਕੌਰ)–** ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜੋਨਲ ਕਮੇਟੀ ਦੀ ਵਿਸਥਾਰੀ ਮੀਟਿੰਗ ਗਦਰ ਮੈਮੋਰੀਅਲ ਭਵਨ ਸੰਗਰੂਰ ਵਿਖੇ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਅਤੇ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਬੌੜਾਂ ਨੇ ਕਿਹਾ ਕਿ ਦੇਸ਼ ਅੰਦਰ ਜਮੀਨ ਦੀ ਕਾਣੀ ਵੰਡ ਹੈ, ਜਿਸ ਵਿੱਚ ਦਲਿਤ ਭਾਈਚਾਰੇ ਦੇ ਲੋਕ ਬਿਲਕੁਲ ਹਾਸ਼ੀਏ ਉੱਪਰ ਆਉਂਦੇ ਹਨ। ਉਹਨਾਂ ਕਿਹਾ ਕਿ ਵੱਖ-ਵੱਖ ਸਮੇਂ ਤੇ ਭਾਵੇਂ ਦੇਸ਼ ਅੰਦਰ ਦੋ ਵਾਰ ਭੂਮੀ ਸੁਧਾਰ ਹੋਏ ਅਤੇ ਕਾਨੂੰਨ ਬਣਾਏ ਗਏ ਪ੍ਰੰਤੂ ਉਹਨਾਂ ਕਾਨੂੰਨਾਂ ਮੁਤਾਬਿਕ ਜਮੀਨ ਦੀ ਵੰਡ ਬੇਜ਼ਮੀਨੇ ਲੋਕਾਂ ਵਿੱਚ ਕਰਨ ਦੀ ਬਜਾਏ ਚੋਰ ਮੋਰੀਆਂ ਰਾਹੀਂ ਜਮੀਨਾਂ ਵੱਡੇ ਭੂਮੀਪਤੀਆਂ ਨੇ ਆਪਣੇ ਕਬਜ਼ੇ ਹੇਠ ਹੀ ਰੱਖੀਆਂ ਹੋਈਆਂ ਹਨ। ਉਹਨਾਂ ਪੰਜਾਬ ਸਰਕਾਰ ਉੱਪਰ ਦਲਤਾਂ ਨਾਲ ਜਾਤੀ ਵਿਤਕਰੇ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਅੰਦਰ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਵਾਧੂ ਜਮੀਨਾਂ ਦਲਤਾਂ ਅਤੇ ਬੇਜ਼ਮੀਨੇ ਲੋਕਾਂ ਨੂੰ ਦੇਣ ਦੀ ਗੱਲ ਤਾਂ ਦੂਰ ਪੰਚਾਇਤੀ ਜਮੀਨਾਂ ਵਿੱਚੋਂ ਕਾਨੂੰਨਨ ਬਣਦਾ ਤੀਜਾ ਹਿੱਸਾ ਲੈਣ ਲਈ ਵੀ ਦਲਿਤਾਂ ਨੂੰ ਝੂਠੇ ਪਰਚੇ ਜੇਲਾਂ ਪੇਂਡੂ ਧਨਾੜ ਚੌਧਰੀਆਂ ਅਤੇ ਪੁਲਿਸ ਦੀ ਕੁੱਟ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ 1956 ਵਿੱਚ ਦਲਿਤਾਂ ਨੂੰ ਮਿਲੀਆਂ ਨਜ਼ੂਲ ਜਮੀਨਾਂ ਦੇ ਮਾਲਕੀ ਹੱਕ ਦੇਣ ਦੀ ਬਜਾਏ ਉਸ ਉੱਪਰ ਰੋਕ ਲਾਉਣ ਲਈ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ



ਹੈ। ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੀਆਂ ਰਜਿਸਟਰੀਆਂ ਸਬੰਧੀ ਸਾਰੀ ਜਾਂਚ ਮੁਕੰਮਲ ਹੋਣ ਤੋਂ ਬਾਅਦ ਵੀ ਰਜਿਸਟਰੀ ਜਾਰੀ ਕਰਨ ਤੋ ਟਾਲਾ ਵੱਟਿਆ ਜਾ ਰਿਹਾ ਹੈ। ਪੰਜਾਬ ਅੰਦਰ ਰੋਜ਼ ਦਲਿਤਾਂ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰੋਵੈਂਸਨਲ ਗੌਰਮੈਂਟ ਦੀਆਂ ਦਲਿਤਾਂ ਨੂੰ ਅਲਾਟ ਹੋਈਆਂ ਜਮੀਨਾਂ ਦੀ ਉੱਪਰੋਂ ਨਜਾਇਜ਼ ਕਬਜ਼ੇ ਹਟਾਉਣ ਉੱਪਰ 20 ਪੰਜਾਬ ਸਰਕਾਰ ਨੇ ਚੁੱਪ ਵੱਟੀ ਹੋਈ ਹੈ। ਮਹਿੰਗਾਈ ਸਿਖਰਾਂ ਤੇ ਜਾਣ ਤੋਂ ਬਾਅਦ ਵੀ ਪੰਜਾਬ ਸਰਕਾਰ ਮਜ਼ਦੂਰਾਂ ਦੀ ਦਿਹਾੜੀ ਦਾ ਰੇਟ ਮਹਿੰਗਾਈ ਮੁਤਾਬਕ ਵਧਾਉਣ ਨੂੰ ਤਿਆਰ ਨਹੀਂ।

ਇਸ ਮੌਕੇ ਜੋਨਲ ਵਿੱਤ ਸਕੱਤਰ ਬਿਕਰ ਸਿੰਘ ਹਥੋਆ ਅਤੇ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਲਿਤਾਂ ਨਾਲ ਕੀਤੇ ਜਾ ਰਹੇ ਇਸ ਮਤਰੇਈ ਮਾਂ ਵਾਲੇ ਵਿਵਹਾਰ ਦੇ ਖਿਲਾਫ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੰਘਰਸ਼ ਦਾ ਵੱਡਾ ਬਿਗੁਲ ਵਜਾਉਣ ਅਤੇ ਜਮੀਨ ਦੀ ਕਾਣੀ ਵੰਡ ਖਿਲਾਫ ਘੋਲ ਨੂੰ ਤੇਜ਼ ਕਰਨ ਲਈ 20 ਅਗਸਤ ਤੋਂ ਦਲਿਤ ਮੁਕਤੀ ਮਾਰਚ ਰਾਹੀਂ ਵਿਸ਼ਾਲ ਲਾਮਬੰਦੀ ਕਰਨ ਦਾ ਸੱਦਾ ਦਿੱਤਾ।

ਉਹਨਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਸੰਗਰੂਰ, ਪਟਿਆਲਾ, ਬਰਨਾਲਾ, ਲੁਧਿਆਣਾ ਅਤੇ ਮਲੇਰਕੋਟਲਾ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਤੋਂ ਸ਼ਾਮਿਲ ਹੋਏ। ਆਗੂਆਂ ਨੇ ਮਾਰਚ ਨੂੰ ਸਫਲ ਬਣਾਉਣ ਲਈ ਇਲਾਕਾ ਪੱਧਰੀ ਮੀਟਿੰਗਾਂ ਕਰਕੇ ਪਿੰਡਾਂ ਵਿੱਚ ਮਾਰਚ ਦੇ ਸਵਾਗਤ ਲੰਗਰ ਅਤੇ ਵੱਖ ਵੱਖ ਪੜਾਵਾਂ ਲਈ ਤਿਆਰੀ ਕਰਨ ਦਾ ਵਿਸ਼ਵਾਸ ਦਿੱਤਾ।

ਇਸ ਮੌਕੇ ਉਪਰੋਕਤ ਤੋਂ ਬਿਨਾਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਆਗੂ ਜਗਤਾਰ ਸਿੰਘ ਤੋਲੇਵਾਲ ਸ਼ਿੰਗਾਰਾ ਸਿੰਘ ਹੇੜੀਕੇ ਧਰਮਪਾਲ ਨੂਰਖੇੜੀਆਂ ਗੁਰਵਿੰਦਰ ਸ਼ਾਦੀਹਰੀ ਗੁਰਦਾਸ ਜਲੂਰ ਗੁਰਚਰਨ ਸਿੰਘ ਘਰਾਚੋਂ ਜਸਬੀਰ ਕੌਰ ਹੇੜੀਕੇ ਆਦਿ ਨੇ ਸੰਬੋਧਨ ਕੀਤਾ।

# 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਕਾਨੂੰਨੀ ਅਪਰਾਧ - ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਰਾਜੀਵ ਵਰਮਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) –** ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸਿਵਲ ਸਰਜਨ ਡਾ। ਜਸਪ੍ਰੀਤ ਕੌਰ, ਜ਼ਿਲ੍ਹਾ ਨੋਡਲ ਅਫਸਰ ਡਾ ਰੇਣੂ ਮਿੱਤਲ ਸਮੇਤ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਵੱਖ-ਵੱਖ ਸਹਿਯੋਗੀ ਵਿਭਾਗਾਂ ਦੇ ਨੁਮਾਇੰਦੇ ਹਾਜ਼ਰ ਹੋਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਰਾਜੀਵ ਵਰਮਾ ਨੇ ਤੰਬਾਕੂ ਦੀ ਮਾੜੀ ਤੇ ਜਾਨਲੇਵਾ ਆਦਤ ਤੋਂ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਜ਼ਿਲ੍ਹਾ ਟਾਸਕ ਫੋਰਸ ਦੇ ਮੈਂਬਰਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਕੰਮ ਵਿੱਚ ਸਾਰੇ ਭਾਈਵਾਲ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਹਦਾਇਤ ਕੀਤੀ ਕਿ ਸਿਹਤ ਵਿਭਾਗ ਸਮੇਤ ਭਾਈਵਾਲ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਜਨਤਕ ਥਾਵਾਂ 'ਤੇ ਨਿਰੰਤਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕੋਈ ਕੋਟਪਾ ਐਕਟ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਨੂੰ ਤੰਬਾਕੂ ਮੁਕਤ ਜ਼ਿਲ੍ਹਾ ਬਣਾਉਣ ਲਈ ਸਾਂਝਾ ਹਭਲਾ ਮਾਰਿਆ ਜਾਵੇ। ਸ੍ਰੀ ਰਾਜੀਵ ਵਰਮਾ ਨੇ ਸਿਹਤ




ਵਿਭਾਗ ਨੂੰ ਹਦਾਇਤ ਕੀਤੀ ਕਿ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਤੀਬਰ ਜਾਗਰੂਕਤਾ ਮੁਹਿੰਮ ਸ਼ੁਰੂ ਕਰਕੇ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਜਾਵੇ। ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਵੱਧ ਤੋਂ ਵੱਧ ਚਾਲਾਨ ਕੀਤੇ ਜਾਣ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਨਗਰ ਕੌਂਸਲ ਵਿਭਾਗ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਵੱਧ ਤੋਂ ਵੱਧ ਚਾਲਾਨ ਕੀਤੇ ਜਾਣ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਏਰੀਆ ਅੰਦਰ ਜਿਨ੍ਹਾਂ ਦੁਕਾਨਾਂ/ ਵੈਂਡਰਾਂ ਵੱਲੋਂ ਤੰਬਾਕੂ ਉਤਪਾਦਾਂ ਦੀ ਵਿਕਰੀ ਕੀਤੀ ਜਾਂਦੀ ਹੈ, ਉਨ੍ਹਾਂ ਦੁਕਾਨਾਂ 'ਤੇ ਇਹ ਬੋਰਡ ਲਗਵਾਇਆ ਜਾਣਾ ਯਕੀਨੀ ਬਣਾਇਆ ਜਾਵੇ ਕਿ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਕਾਨੂੰਨੀ ਅਪਰਾਧ ਹੈ। ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਰਾਜੀਵ ਵਰਮਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਸਾਰੇ ਭਾਈਵਾਲ ਵਿਭਾਗਾਂ ਨੂੰ ਵੀ ਇਸ ਵਿਚ ਆਪਣੀ ਸਰਗਰਮ ਭਾਗੀਦਾਰੀ ਨਿਭਾਉਣ ਦੀ ਅਪੀਲ ਕੀਤੀ। ਇਸ ਮੌਕੇ ਐਸ ਡੀ ਐਮ ਬਲਾਚੌਰ ਰਵਿੰਦਰ ਬਾਂਸਲ, ਐਸ ਡੀ ਐਮ ਨਵਾਂਸ਼ਹਿਰ ਡਾ. ਆਕਸਿਤਾ ਗੁਪਤਾ, ਗੁਡ ਗਵਰਨੈਂਸ ਫੈਲੋ ਅਸਮੀਤਾ, ਜ਼ਿਲ੍ਹਾ ਸਿਹਤ ਅਫ਼ਸਰ ਡਾ ਰੇਣੂ ਮਿੱਤਲ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਮਨਦੀਪ ਕਮਲ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਰਵਿੰਦਰ ਸਿੰਘ, ਡਾ. ਗੀਤਾਂਜਲੀ ਸਿੰਘ, ਡਾ. ਸੋਨੀਆ, ਡਾ. ਗੁਰਿੰਦਰਜੀਤ ਸਿੰਘ, ਡਾ ਕੁਲਵਿੰਦਰ ਮਾਨ, ਡਾ ਜਸਵਿੰਦਰ ਸਿੰਘ, ਡਾ ਸਰਬਰਿੰਦਰ ਸਿੰਘ ਸੇਠੀ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਦੇਵਾ, ਡਾ. ਗੁਰਪਾਲ ਕਟਾਰੀਆ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸ਼ਰ ਦਲਜੀਤ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਸਰਕਾਰਾਂ ਨਹੀਂ ਕਰ ਸਕੀਆਂ ਹਲਕਾ ਫਿਲੌਰ ਦੇ ਲੋਕਾਂ ਦੀਆਂ ਮੁਸਕਲਾਂ ਦਾ ਹੱਲ - ਸਰਪੰਚ ਖੁਸ਼ੀ ਰਾਮ ਫਿਲੌਰ



**ਫਿਲੌਰ (ਸਤਨਾਮ ਸਿੰਘ ਸਹੂੰਗੜਾ)–** ਬਹੁਜਨ ਸਮਾਜ ਪਾਰਟੀ ਦੇ ਤੇਜ਼ ਤਰਾਰ ਨੌਜਵਾਨ ਆਗੂ ਸ੍ਰੀ ਖੁਸ਼ੀ ਰਾਮ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਫਿਲੌਰ ਹਲਕਾ ਇਤਿਹਾਸਕ ਪਿਛੋਕੜ ਰੱਖਦਾ ਹੈ। ਜੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਕਿਲ੍ਹਾ ਇਤਿਹਾਸਕ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਚਿਸ਼ਤੀ ਸਾਬਰੀ ਸਰਕਾਰ, ਬਾਬਾ ਬ੍ਰਹਮ ਦਾਸ ਜੀ ਦਰਬਾਰ, ਮਈਆ ਭਗਵਾਨ ਜੀ ਦਾ ਦਰਬਾਰ ਅਤੇ ਏਸ਼ੀਆ ਦਾ ਸੱਭ ਤੋਂ ਵੱਡਾ ਹਨੂੰਮਾਨ ਮੰਦਿਰ ਇਸ ਇਲਾਕੇ ਵਿੱਚ ਹੀ ਸਥਾਪਤ ਹੈ।

ਪਰ ਅਜ਼ਾਦੀ ਤੋਂ ਬਾਅਦ ਅੱਜ ਤੱਕ ਬਣੀਆਂ ਸਰਕਾਰਾਂ ਫਿਲੌਰ ਵਿੱਚ ਸੁਚਾਰੂ ਬੱਸ ਸਟੈਂਡ ਬਣਾਉਣ ਵਿੱਚ ਫੇਲ੍ਹ ਸਾਬਤ ਹੋਈਆਂ ਹਨ। ਫਿਲੌਰ ਤੋਂ ਜਲੰਧਰ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ ਤੋਂ ਇਲਾਵਾ ਨਕੋਦਰ ਆਦਿ ਨੂੰ ਬੱਸਾਂ ਚੱਲਦੀਆਂ ਹਨ। ਪਰ ਸਵਾਰੀਆਂ ਦੇ ਬੈਠਣ ਦਾ ਕੋਈ ਪ੍ਰਬੰਧ ਨਹੀਂ ਹੈ ਉਨ੍ਹਾਂ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਸਰਕਾਰ ਇਸ ਵੱਲ ਧਿਆਨ ਦਕੇ ਬੱਸ ਅੱਡੇ ਦਾ ਪ੍ਰਬੰਧ ਕਰੇ ਤਾਂ ਕਿ ਮੁਸਾਫ਼ਿਰਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਅੱਗੇ ਕਿਹਾ ਕਿ ਫਿਲੌਰ ਤੋਂ ਤਲਵਣ, ਜੰਡਿਆਲਾ, ਅੱਪਰਾ ਆਦਿ ਨੂੰ ਵੀ ਸਰਕਾਰੀ ਬੱਸਾਂ ਚਲਾਈਆਂ ਜਾਣ।

# ਆਜ਼ਾਦੀ ਦਿਵਸ ਸਮਾਗਮ ਲਈ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ ਅਧਿਕਾਰੀ - ਰਾਹੁਲ ਚਾਬਾ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਆਜ਼ਾਦੀ ਦਿਵਸ 'ਤੇ ਸਥਾਨਕ ਪੁਲਿਸ ਲਾਈ ਗਰਾਊਂਡ ਵਿਚ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਸਾਰੇ ਅਧਿਕਾਰੀਆਂ ਨੂੰ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਸ ਦੌਰਾਨ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ ਡਿਊਟੀਆਂ ਨੂੰ ਗੰਭੀਰਤਾ ਨਾਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਬੰਧੀ ਪੁਲਿਸ ਲਾਈਨ ਗਰਾਊਂਡ ਵਿਚ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਕੀਆਂ, ਬੈਰੀਕੇਡਿੰਗ, ਪਾਰਕਿੰਗ, ਸਟੇਜ ਦੀ ਸਜਾਵਟ, ਬੈਠਣ ਦੇ ਪ੍ਰਬੰਧਾਂ, ਸਾਫ-ਸਫਾਈ, ਇਨਾਮਾਂ ਅਤੇ ਪ੍ਰਸੰਸਾ ਪੱਤਰਾਂ ਦੀ ਵੰਡ, ਪੀਣ ਵਾਲੇ ਪਾਣੀ, ਸਾਊਂਡ, ਰਿਫਰੈਸ਼ਮੈਂਟ, ਮੁਢਲੀ ਸਹਾਇਤਾ, ਫਾਇਰ ਟੈਂਡਰ, ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਸਹਿਤ ਵੱਖ-ਵੱਖ ਕੰਮਾਂ ਲਈ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਐਸ।ਡੀ।ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ, ਡੀ।ਐਸ।ਪੀ ਬਲਕਾਰ ਸਿੰਘ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਕਿਹਾ ਕਿ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਰਿਹਰਸਲ 7, 9 ਤੇ 12 ਅਗਸਤ ਨੂੰ ਹੋਵੇਗੀ ਅਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਕਰਵਾਈ ਜਾਵੇਗੀ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਨਿਰਦੇਸ਼ ਦਿੱਤੇ ਕਿ ਸਮਾਰੋਹ ਦੌਰਾਨ ਵੱਖ-ਵੱਖ ਸਕੂਲਾਂ ਵੱਲੋਂ ਮਾਸ ਪੀ।ਟੀ। ਸ਼ੋਅ ਅਤੇ ਸੱਭਿਆਚਾਰਕ ਪ੍ਰੋਗਰਾਮਾ ਦੀਆਂ ਤਿਆਰੀਆਂ ਸਹੀ ਢੰਗ ਨਾਲ ਕਰਵਾ ਲਈਆਂ ਜਾਣ। ਇਸ ਮੌਕੇ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਢਾਈ ਸਾਲਾਂ ਵਿੱਚ 44250 ਸਰਕਾਰੀ ਨੌਕਰੀਆਂ, ਨੌਜਵਾਨਾਂ ਨੂੰ 872 ਦਿਨਾਂ ਵਿੱਚ ਔਸਤਨ ਰੋਜ਼ਾਨਾ 50 ਨੌਕਰੀਆਂ ਦਿੱਤੀਆਂ: ਮੁੱਖ ਮੰਤਰੀ

**ਲਸਾੜਾ/ਫ਼ਿਲੌਰ (ਬੱਗਾ ਸੇਲਕੀਆਣਾ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਸਿਰਫ਼ 872 ਦਿਨਾਂ ਦੇ ਕਾਰਜਕਾਲ ਵਿੱਚ ਸੂਬੇ ਦੇ 44,250 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵੇਂ ਮਾਪਦੰਡ ਸਿਰਜੇ ਹਨ, ਜਿਸ ਨਾਲ ਪਿਛਲੇ ਢਾਈ ਸਾਲਾਂ ਵਿੱਚ ਔਸਤਨ ਰੋਜ਼ਾਨਾ 50 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ। ਇੱਥੇ ਪੁਲਿਸ, ਕਾਨੂੰਨ ਤੇ ਨਿਆਂ ਅਤੇ ਗ੍ਰਹਿ ਮਾਮਲੇ ਵਿਭਾਗ ਵਿੱਚ 443 ਅਫ਼ਸਰਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਨਿਯੁਕਤੀ ਪੱਤਰ ਵੰਡਣ ਨਾਲ ਹੁਣ ਤੱਕ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ 44250 ਹੋ ਗਈ ਹੈ ਅਤੇ ਇਹ ਸਾਰੀਆਂ ਨਿਯੁਕਤੀਆਂ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉਤੇ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਅਪਨਾਉਣ ਅਤੇ ਨੌਜਵਾਨਾਂ ਵੱਲੋਂ ਬੇਹੱਦ ਮੁਕਾਬਲੇ ਵਾਲੀ ਪ੍ਰੀਖਿਆ ਪਾਸ ਕਰਨ ਮਗਰੋਂ ਨੇਪਰੇ ਚੜ੍ਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਦਾ ਸ਼ੁਰੂ ਤੋਂ ਹੀ ਇਕੋ-ਇਕ ਏਜੰਡਾ ਸਰਕਾਰੀ ਨੌਕਰੀਆਂ ਮੁਹੱਈਆ ਕਰ ਕੇ ਨੌ-ਜਵਾਨਾਂ ਨੂੰ ਵੱਧ ਤੋਂ ਵੱਧ ਅਖ਼ਤਿਆਰ ਦੇਣਾ ਰਿਹਾ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਉਹ ਇਸ ਇਤਿਹਾਸਕ ਕੈਂਪਸ ਵਿੱਚ ਦੂਜੀ ਵਾਰ ਆਏ ਹਨ। ਉਨ੍ਹਾਂ ਅੱਜ ਨਿਯੁਕਤੀ ਪੱਤਰ ਹਾਸਲ ਕਰਨ ਵਾਲੇ ਸਾਰੇ 443 ਨੌਜਵਾਨਾਂ ਨੂੰ ਮੁਬਾਰਕਬਾਕ ਦਿੱਤੀ ਅਤੇ ਉਮੀਦ ਜਤਾਈ ਕਿ ਇਹ ਨੌਜਵਾਨ ਅਫ਼ਸਰ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਯੋਗਦਾਨ ਪਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਦਾ ਇਹ ਦਿਨ ਯਾਦਗਾਰੀ ਹੈ ਕਿਉਂਕਿ ਇਨ੍ਹਾਂ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ ਅਤੇ ਉਹ ਲੋਕਾਂ ਨੂੰ ਸਹੂਲਤ ਦੇਣ ਲਈ ਸਰਕਾਰੀ ਸੇਵਾ ਵਿੱਚ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜ ਅੰਗ ਬਣ ਗਏ ਹਨ ਅਤੇ ਉਨ੍ਹਾਂ ਨੂੰ ਹੁਣ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਕਿ ਨਵੇਂ ਭਰਤੀ ਨੌਜਵਾਨ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਕੁਚਲੇ ਤੇ ਲੋੜਵੰਦ ਵਰਗਾਂ ਦੀ ਭਲਾਈ ਲਈ ਕਰਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਵ-ਨਿਯੁਕਤ ਨੌਜਵਾਨਾਂ ਨੂੰ ਜਨਤਾ ਦੀ ਵੱਧ ਤੋਂ ਵੱਧ ਸੇਵਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਸਮਾਜ ਦੇ ਹਰੇਕ ਵਰਗ ਨੂੰ ਇਸ ਦਾ ਲਾਭ ਮਿਲੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਕਾਰਨ ਲੋਕਾਂ ਦਾ ਸਰਕਾਰ ਵਿੱਚ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਟੈਕਸ ਦੀ ਉਗਰਾਹੀ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ 19 ਟੌਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਦੋ ਕੱਲ੍ਹ ਹੀ ਬੰਦ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਬਹੁਤੇ ਟੌਲ ਪਲਾਜ਼ਿਆਂ ਦੇ ਪ੍ਰਬੰਧਕ ਸਮਾਂ ਵਧਾਉਣ ਦੀ ਮੰਗ ਕਰ ਰਹੇ ਸਨ ਪਰ ਵਡੇਰੇ ਜਨਤਕ ਹਿੱਤ ਵਿੱਚ ਇਨ੍ਹਾਂ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਟੌਲ ਪਲਾਜ਼ਾ ਬੰਦ ਹੋਣ ਕਾਰਨ ਪੰਜਾਬ ਵਾਸੀਆਂ ਦੀਆਂ ਜੇਬ੍ਹਾਂ ਵਿੱਚ ਰੋਜ਼ਾਨਾ 63 ਲੱਖ ਰੁਪਏ ਬਚ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਤਿਹਾਸਕ ਕਦਮ ਚੁੱਕਦਿਆਂ 'ਇੱਕ ਵਿਧਾਇਕ, ਇੱਕ ਪੈਨਸ਼ਨ' ਬਿੱਲ ਪਾਸ ਕੀਤਾ ਹੈ, ਜਿਸ ਤਹਿਤ ਇਹ ਯਕੀਨੀ ਬਣਾਇਆ ਗਿਆ ਹੈ ਕਿ ਹਰੇਕ ਵਿਧਾਇਕ ਨੂੰ ਇੱਕ ਹੀ ਪੈਨਸ਼ਨ ਮਿਲੇ, ਜਦਕਿ ਇਸ ਤੋਂ ਪਹਿਲਾਂ ਇਹ ਰੁਝਾਨ ਸੀ ਕਿ ਵਿਧਾਇਕ ਨੂੰ ਹਰ ਮਿਆਦ ਲਈ ਇੱਕ ਪੈਨਸ਼ਨ ਮਿਲਦੀ ਸੀ ਜਿਸ ਨਾਲ ਵਿਧਾਇਕਾਂ ਨੂੰ ਇੱਕ ਤੋਂ ਵੱਧ ਪੈਨਸ਼ਨਾਂ ਦੀ ਇਜਾਜ਼ਤ ਦਿੱਤੀ ਜਾਂਦੀ ਸੀ ਜਿਸ ਕਾਰਨ ਇਨ੍ਹਾਂ ਆਗੂਆਂ ਨੇ ਮੋਟੀ ਕਮਾਈ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੇ ਪੈਸੇ ਦੀ ਬਰਬਾਦੀ ਨਾ ਹੋਵੇ ਅਤੇ ਇਕ-ਇਕ ਪੈਸੇ ਦੀ ਸਹੀ ਵਰਤੋਂ ਯਕੀਨੀ ਬਣਾਈ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ 410 ਹਾਈ-ਟੈਕ ਨਵੀਆਂ ਗੱਡੀਆਂ ਪੰਜਾਬ ਪੁਲਿਸ ਦੇ ਐਸ।ਐਚ।ਓਜ਼। ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਵੀ ਪੁਰਾਣੇ ਰੁਝਾਨਾਂ ਦੇ ਉਲਟ ਹੈ, ਜਦੋਂ ਹੇਠਲੀ ਪੱਧਰ 'ਤੇ ਨਵੇਂ ਵਾਹਨ ਦੇਣ ਦੀ ਬਜਾਏ ਇਹ ਉੱਚ ਅਧਿਕਾਰੀਆਂ ਨੂੰ ਦਿੱਤੇ ਜਾਂਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਜਿੱਥੇ ਇੱਕ ਪਾਸੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਿਸ ਨੂੰ ਆਪਣੀ ਡਿਊਟੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਬਹੁਤ ਮਦਦ ਮਿਲੀ ਹੈ ਅਤੇ ਦੂਜੇ ਪਾਸੇ ਲੋਕਾਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕੰਮਕਾਜ ਨੂੰ ਸੁਚਾਰੂ ਅਤੇ ਆਲਾ ਦਰਜੇ ਦਾ ਬਣਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਮੁੱਖ ਮੰਤਰੀ ਨੇ ਪੁਲਿਸ ਅਧਿਕਾਰੀਆਂ ਨੂੰ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਜੰਗ ਲੜ ਰਿਹਾ ਹੈ ਅਤੇ ਪੰਜਾਬ ਪੁਲਿਸ ਨੇ ਹਮੇਸ਼ਾ ਇਸ ਦੀ ਸਪਲਾਈ ਨੂੰ ਰੋਕਣ ਲਈ ਬੈਰੀਅਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਪੰਜਾਬ ਪੁਲਿਸ ਨੂੰ ਆਪਣੀ ਸ਼ਾਨਾਮੱਤੀ ਰਵਾਇਤ ਨੂੰ ਕਾਇਮ ਰੱਖਣਾ ਚਾਹੀਦਾ ਹੈ ਤਾਂ ਜੋ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ ਆਪਣੀ ਕਿਸਮ ਦੀ ਪਹਿਲੀ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਕਾਇਮ ਕਰਨ ਦੀ ਪਹਿਲਕਦਮੀ ਕੀਤੀ ਹੈ ਅਤੇ ਸੜਕ ਸੁਰੱਖਿਆ ਫੋਰਸ ਨੂੰ ਸੜਕਾਂ ਦੀ ਸੁਚਾਰੂ ਢੰਗ ਨਾਲ ਨਿਗਰਾਨੀ ਲਈ ਪਹਿਲੇ ਪੜਾਅ ਤਹਿਤ 144 ਅਤਿ-ਆਧੁਨਿਕ ਵਾਹਨ ਦਿੱਤੇ ਗਏ ਹਨ, ਜੋ ਸੜਕਾਂ ਦੀ ਨਿਗਰਾਨੀ ਲਈ ਹਰ 30 ਕਿਲੋਮੀਟਰ ਦੇ ਫ਼ਾਸਲੇ 'ਤੇ ਤਾਇਨਾਤ ਕੀਤੇ ਗਏ ਹਨ।

# ਸਦੀਵੀ ਵਿਛੋੜਾ ਦੇ ਗਏ ਬਜ਼ੁਰਗ ਕਮਿਊਨਿਸਟ ਰਹਿਬਰ ਸਾਥੀ ਤੇਜਾ ਸਿੰਘ ਬੇਨੜਾ



**ਸੰਗਰੂਰ, (ਦਲਜੀਤ ਕੌਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ।ਐਮ।ਪੀ।ਆਈ।) ਦੇ ਬਜ਼ੁਰਗ ਆਗੂ ਕਾਮਰੇਡ ਤੇਜਾ ਸਿੰਘ ਬੇਨੜਾ (ਸੰਗਰੂਰ) ਦੇ ਸਦੀਵੀਂ ਵਿਛੋੜੇ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਆਪਣੇ ਜੀਵਨ ਦਾ ਸੱਤ ਦਹਾਕੇ ਤੋਂ ਵਧੇਰੇ ਸਮਾਂ ਕਮਿਊਨਿਸਟ ਕਾਜ ਦੇ ਲੇਖੇ ਲਾਉਣ ਵਾਲੇ ਸਾਥੀ ਬੇਨੜਾ ਸੀਪੀਐਮ ਪੰਜਾਬ ਅਤੇ ਆਰ. ਐਮ. ਸੀ. ਪੀ. ਆਈ. ਦੇ ਉਸਰੱਈਆਂ ਚੋਂ ਸਨ।

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ, ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰਾਂ ਸਾਥੀ ਹਰਕੰਵਲ ਸਿੰਘ, ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਪ੍ਰੋ: ਜੈਪਾਲ ਸਿੰਘ, ਸੱਜਣ ਸਿੰਘ ਅਤੇ ਸੰਗਰੂਰ ਜਿਲ੍ਹਾ ਕਮੇਟੀ ਦੇ ਆਗੂਆਂ ਸਾਥੀ ਗੱਜਣ ਸਿੰਘ ਦੁੱਗਾਂ, ਊਧਮ ਸਿੰਘ ਸੰਤੋਖਪੁਰਾ, ਦੇਵ ਰਾਜ ਵਰਮਾ, ਸਰਬਜੀਤ ਸਿੰਘ ਵੜੈਚ, ਮੱਖਣ ਸਿੰਘ ਜਖੇਪਲ ਨੇ ਸਾਥੀ ਬੇਨੜਾ ਦੇ ਵਿਛੋੜੇ ਨੂੰ ਪਾਰਟੀ ਅਤੇ ਲਹਿਰ ਲਈ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ।

ਆਗੂਆਂ ਨੇ ਸਾਥੀ ਬੇਨੜਾ ਦੇ ਮਿਸਾਲੀ ਜੀਵਨ ਤੋਂ ਪ੍ਰੇਰਣਾ ਲੈਂਦਿਆਂ ਸੰਸਾਰ ਕਿਰਤੀ ਦੀ ਲੁੱਟ-ਚੋਂਘ ਤੇ ਜਬਰ-ਵਿਤਕਰੇ ਤੋਂ ਮੁਕਤੀ ਦਾ ਸੰਗਰਾਮ ਜਾਰੀ ਰੱਖਣ ਦਾ ਅਹਿਦ ਦ੍ਰਿੜ੍ਹਾਇਆ ਹੈ। ਸਾਥੀ ਨੇ ਆਪਣੇ ਵਿਛੜੇ ਜਰਨੈਲ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪਰਿਵਾਰ ਦਾ ਦੁੱਖ ਵੰਡਾਇਆ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਅੰਬੇਡਕਰ ਭਵਨ ਦੇ ਬੋਰਡ ਆਫ ਟਰੱਸਟੀਜ਼ ਦੀ ਹੋਈ ਮੀਟਿੰਗ

## ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ ਨਮਿਤ ਰੱਖਿਆ ਮੌਨ

**ਜਲੰਧਰ (ਜਸਪਾਲ ਕੁਮਾਰ)-** ਅੱਜ ਅੰਬੇਡਕਰ ਭਵਨ ਟਰੱਸਟ (ਰਜਿ.), ਡਾ. ਅੰਬੇਡਕਰ ਮਾਰਗ, ਜਲੰਧਰ ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਚੇਅਰਮੈਨ ਸ੍ਰੀ ਸੋਹਨ ਲਾਲ ਸਾਬਕਾ ਡੀਪੀ ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਅੰਬੇਡਕਰ ਭਵਨ ਬਾਰੇ ਬਹੁਤ ਸਾਰੇ ਅਹਿਮ ਮੁੱਦਿਆਂ ਤੇ ਚਰਚਾ ਕੀਤੀ ਗਈ। ਖਾਸ ਕਰਕੇ ਅੰਬੇਡਕਰ ਭਵਨ ਦੇ ਵਿਕਾਸ ਕਾਰਜਾਂ 'ਤੇ ਚਰਚਾ ਹੋਈ। ਆਉਣ ਵਾਲੇ ਸਮੇਂ ਵਿੱਚ ਅੰਬੇਡਕਰ ਭਵਨ ਵੱਲੋਂ ਕੁਝ ਸਾਹਿਤ ਪ੍ਰਕਾਸ਼ਿਤ ਕਰਨ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿੱਚ ਨਵੇਂ ਬਣੇ ਟਰੱਸਟੀਜ਼ ਐਡਵੋਕੇਟ ਯੱਗਿਆਦੀਪ, ਐਡਵੋਕੇਟ ਰਣਜੀਤ ਕੁਮਾਰ, ਡਾ.



ਕਮਲਸ਼ੀਲ ਬਾਲੀ ਅਤੇ ਡਾ. ਮਹਿੰਦਰ ਸੰਧੂ ਦਾ ਸਵਾਗਤ ਕੀਤਾ ਗਿਆ। ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਮੀਟਿੰਗ ਦਾ ਸੰਚਾਲਨ ਕੀਤਾ। ਸਰਬਸ਼੍ਰੀ ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜਸਲ, ਚਰਨਦਾਸ ਸੰਧੂ, ਡਾ. ਰਾਹੁਲ ਕੁਮਾਰ ਬਾਲੀ, ਐਡਵੋਕੇਟ ਯੱਗਿਆਦੀਪ ਅਤੇ ਡਾ. ਮਹਿੰਦਰ ਸੰਧੂ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਦੇ ਆਰੰਭ ਵਿੱਚ ਅੰਬੇਡਕਰ ਭਵਨ ਟਰੱਸਟ ਦੇ ਬਹੁਤ ਹੀ ਸਤਿਕਾਰਤ ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ ਜਿਨ੍ਹਾਂ ਦਾ 31 ਜੁਲਾਈ, 2024 ਨੂੰ ਦੇਹਾਂਤ ਹੋ ਗਿਆ ਸੀ, ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

## ਸਟੇਡੀਅਮ ਲਮੀਨੀ ਵਿਖੇ ਮਨਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ: ਵਧੀਕ ਡਿਪਟੀ ਕਮਿਸਨਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪੱਧਰ ਦਾ ਆਜ਼ਾਦੀ ਦਿਵਸ ਮਲਟੀਪਰਪਜ ਖੇਡ ਸਟੇਡੀਅਮ ਲਮੀਨੀ ਪਠਾਨਕੋਟ ਵਿਖੇ ਬੜੀ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਅੰਕੁਰਜੀਤ ਸਿੰਘ ਵਧੀਕ



ਡਿਪਟੀ ਕਮਿਸਨਰ (ਜ) ਪਠਾਨਕੋਟ ਨੇ 15 ਅਗਸਤ 2024 ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਕਰਨ ਸਬੰਧੀ ਜ਼ਿਲਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਆਯੋਜਿਤ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੀਟਿੰਗ ਵਿੱਚ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਭਿਸੇਕ ਸਰਮਾ ਸਹਾਇਕ ਕਮਿਸਨਰ ਜਨਰਲ, ਯੁਧਵੀਰ ਸਿੰਘ ਡੀ.ਡੀ.ਪੀ.ਓ. ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸ਼ਰ ਪਠਾਨਕੋਟ, ਡਾ. ਸੁਨੀਲ ਚੰਦ ਐਸ।ਐਮ। ਓ। ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਐਂਡ ਸੈਨੀਟੇਸਨ ਪਠਾਨਕੋਟ ਅਤੇ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ ਨੇ ਦੱਸਿਆ ਕਿ ਇਸ ਵਾਰ ਹਰ ਵਾਰ ਦੀ ਤਰ੍ਹਾਂ ਅਜਾਦੀ ਦਿਹਾੜਾ ਮਲਟੀਪਰਪਜ ਖੇਡ ਸਟੇਡੀਅਮ ਲਮੀਨੀ (ਪਠਾਨਕੋਟ) ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ, ਮੁੱਖ ਮਹਿਮਾਨ ਆਜ਼ਾਦੀ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਪੰਜਾਬ ਪੁਲਿਸ, ਐਨ।ਸੀ।ਸੀ। ਦੀਆਂ ਟੁਕੜੀ ਤੋਂ ਸਲਾਮੀ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ 'ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਰੋਹ ਮੌਕੇ ਆਜ਼ਾਦੀ ਘੁਲਾਟੀਆਂ, ਵੱਖ ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ, ਚੰਗਾ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਆਦਿ ਨੂੰ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਆਜ਼ਾਦੀ ਦਿਵਸ ਦੇ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀਆਂ ਕਮੇਟੀਆਂ ਗਠਿਤ ਕਰਕੇ ਡਿਊਟੀ ਲਗਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਦੀ ਸੱਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਸਬੰਧੀ ਡਿਊਟੀ ਲਗਾਈ ਹੈ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਕੀਤਾ ਗਿਆ ਵਾਧਾ

### ਵੋਟਾਂ ਬਣਵਾਉਣ ਲਈ ਹੁਣ 16 ਸਤੰਬਰ ਤੱਕ ਕਰਵਾਈ ਜਾ ਸਕਦੀ ਹੈ ਰਜਿਸਟਰੇਸ਼ਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-**ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਗੁਰਦੁਆਰਾ ਬੋਰਡ ਚੋਣ ਹਲਕਿਆਂ ਵਿਚ ਵੋਟਰ ਸੂਚੀ ਦੀ ਤਿਆਰੀ ਦੀ ਪ੍ਰਕਿਰਿਆ ਤਹਿਤ 21 ਅਕਤੂਬਰ 2023 ਤੋਂ 31 ਜੁਲਾਈ 2024 ਤੱਕ ਜੋ ਵੋਟਰ ਰਜਿਸਟ੍ਰੇਸ਼ਨ ਦਾ ਕੰਮ ਲਗਾਤਾਰ ਚੱਲ ਰਿਹਾ ਸੀ, ਉਸ ਵਿਚ ਵਾਧਾ ਕੀਤਾ ਗਿਆ ਹੈ, ਜੋ ਕਿ ਹੁਣ 16 ਸਤੰਬਰ 2024 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਤਾਜ਼ਾ ਸ਼ਡਿਊਲ ਅਨੁਸਾਰ 17 ਸਤੰਬਰ 2024 ਤੋਂ 8 ਅਕਤੂਬਰ 2024 ਤੱਕ ਵੋਟਰ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਹੋਵੇਗੀ। ਇਸ ਤੋਂ ਬਾਅਦ 9 ਅਕਤੂਬਰ 2024 ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਇਹ ਵੀ ਦੱਸਿਆ ਕਿ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ 29 ਅਕਤੂਬਰ 2024 ਹੋਵੇਗੀ। ਉਨ੍ਹਾਂ ਦੱਸਿਆ ਕਿ 8 ਨਵੰਬਰ 2024 ਤੱਕ ਦਾਅਵੇ ਅਤੇ ਇਤਰਾਜ਼ਾਂ ਨੂੰ ਸਿੱਖ ਗੁਰਦੁਆਰਾਂ ਬੋਰਡ ਚੋਣਾਂ 1959 ਦੇ ਰੂਲ ਨੰਬਰ 10 (3) ਅਨੁਸਾਰ ਦੂਰ ਕੀਤਾ ਜਾਵੇਗਾ। ਇਸ ਤੋਂ ਬਾਅਦ 25 ਨਵੰਬਰ 2024 ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ 26 ਨਵੰਬਰ 2024 ਨੂੰ ਸ਼੍ਰੋਮਣੀ ਗੁਰਦੁ-



ਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀਆਂ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਸਿੱਖ ਗੁਰਦੁਆਰਾ ਇਲੈਕਸ਼ਨਜ਼ ਰੂਲਜ਼ 1959, ਜੋ ਕਿ ਸਮੇਂ-ਸਮੇਂ ਸਿਰ ਸੋਧੇ ਗਏ ਹਨ, ਦੇ ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਬੋਰਡ ਚੋਣ ਹਲਕੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਚੋਣ ਹਲਕੇ ਲਈ ਬਿਨੈਕਾਰ ਪਾਸੋਂ ਦਾਅਵੇ/ਇਤਰਾਜ਼ ਪ੍ਰਾਪਤ ਕਰਨ, ਫ਼ੈਸਲੇ ਕਰਨ, ਵੋਟਰ ਸੂਚੀ ਤਿਆਰ ਕਰਨ, ਚੋਣਾਂ ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ (ਬੋਰਡ) ਕਮੇਟੀ ਚੋਣ ਹਲਕਿਆਂ ਉਪ ਮੰਡਲ ਮੈਜਿਸਟਰੇਟ ਮੁਕੇਰੀਆਂ ਬੋਰਡ ਚੋਣ ਹਲਕਾ 111 ਮੁਕੇਰੀਆਂ, ਉਪ ਮੰਡਲ ਮੈਜਿਸਟਰੇਟ ਦਸੂਹਾ ਬੋਰਡ ਚੋਣ ਹਲਕਾ112 ਦਸੂਹਾ, ਕਮਿਸ਼ਨਰ ਨਗਰ ਨਿਗਮ, ਹੁਸ਼ਿਆਰਪੁਰ, ਬੋਰਡ ਚੋਣ ਹਲਕਾ 113 ਸ਼ਾਮਚੁਰਾਸੀ, ਉਪ ਮੰਡਲ ਮੈਜਿਸਟਰੇਟ ਹੁਸ਼ਿਆਰਪੁਰ ਬੋਰਡ ਚੋਣ ਹਲਕਾ 114 ਹੁਸ਼ਿਆਰਪੁਰ ਅਤੇ ਉਪ ਮੰਡਲ ਮੈਜਿਸਟਰੇਟ ਗੜ੍ਹਸ਼ੰਕਰ ਬੋਰਡ ਚੋਣ ਹਲਕਾ 115 ਗੜ੍ਹਸ਼ੰਕਰ ਬਤੌਰ ਰਿਵਾਇਜ਼ਿੰਗ ਅਥਾਰਟੀ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸ ਲਈ ਕੋਈ ਵੀ ਜਾਇਜ਼ ਬਿਨੈਕਾਰ ਆਪਣਾ ਫਾਰਮ ਕੇਸਾਧਾਰੀ ਸਿੱਖ ਨਿਯਮ 3 (1) ਅਨੁਸਾਰ ਸਬੰਧਤ ਰਿਵਾਇਜ਼ਿੰਗ ਅਥਾਰਟੀ ਨੂੰ 16 ਸਤੰਬਰ 2024 ਤੱਕ ਭਰ ਕੇ ਦੇ ਸਕਦਾ ਹੈ। ਇਹ ਫਾਰਮ ਸਬੰਧਤ ਅਧਿਕਾਰੀਆਂ ਦੇ ਦਫ਼ਤਰਾਂ ਵਿਚ ਵੀ ਉਪਲਬੱਧ ਹਨ ਅਤੇ ਜਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ Hosiharpur.inci.n ਤੋਂ ਵੀ ਡਾਊਨਲੋਡ ਕਰਕੇ ਵਰਤੋਂ ਵਿਚ ਲਿਆਂਦੇ ਜਾ ਸਕਦੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ ਰੇਸ਼ਮ ਦੀ ਖੇਤੀ ਨੂੰ ਲੈ ਕੇ ਪ੍ਰਕਾਸਿਤ ਕੀਤੀ ਕਿਤਾਬ ਦਾ ਕੀਤਾ ਉਦਘਾਟਨ

### ਪੰਜਾਬ ਵਿੱਚ ਰੇਸ਼ਮ ਉਦਯੋਗ ਨੂੰ ਹੁਲਾਰਾ ਦੇਣ ਲਈ ਜੰਗਲਾਤ ਵਿਭਾਗ ਦੀ ਪਹਿਲ ਕਦਮੀ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਕਿਸਾਨੀ ਕਿੱਤੇ ਦੇ ਨਾਲ ਨਾਲ ਸਹਾਇਕ ਧੰਦਿਆਂ ਨੂੰ ਉਤਸਾਹਿਤ ਕੀਤਾ ਜਾਵੈ ਇਸ ਅਧੀਨ ਇੱਕ ਸਹਾਇਕ ਧੰਦਾ ਰੇਸਮ ਦੇ ਕੀੜੇ ਪਾਲਣ ਦਾ ਕਾਰਜ ਜੋ ਕਿ ਪਹਿਲਾ ਸੈਰੀਕਲਚਰ ਵਿਭਾਗ ਵੱਲੋਂ ਕੀਤਾ ਜਾਂਦਾ ਸੀ ਅਤੇ ਹੁਣ ਜੰਗਲਾਤ ਵਿਭਾਗ ਵੱਲੋਂ ਕੀਤਾ ਜਾਂਦਾ ਹੈ ਜੰਗਲਾਤ ਵਿਭਾਗ ਪੰਜਾਬ ਵੱਲੋਂ ਕਰੀਬ ਦੋ ਸਾਲ ਪਹਿਲਾ ਪਾਈਲਟ ਪ੍ਰੋਜੈਕਟ ਧਾਰ ਅੰਦਰ ਸੂਰੂ ਕੀਤਾ ਗਿਆ ਸੀ ਅਤੇ ਹੁਣ ਇਸ ਮਿਹਨਤ ਨੂੰ ਬੂਰ ਪੈਣਾ ਸੂਰੂ ਹੋ ਗਿਆ ਹੈ ਅਤੇ ਅੱਜ ਸਾਰੇ ਰੇਸਮ ਦੇ ਕੀੜੇ ਪਾਲਣ ਦਾ ਸਹਾਇਕ ਧੰਦਾ ਅੱਜ ਉਨ੍ਹਾਂ ਪਰਿਵਾਰਾਂ ਨੂੰ ਆਰਥਿਕ ਪੱਖ ਤੋਂ ਮਜਬੂਤ ਕਰ ਰਿਹਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਕਟਾਰੂਚੱਕ ਵਿਖੇ ਇੱਕ ਬੁੱਕ ਦਾ ਉਦਘਾਟਣ ਕਰਨ ਤੋਂ ਬਾਅਦ ਪ੍ਰੈਸ ਕਾਨਫਰੰਸ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ਼੍ਰੀ ਸੰਜੀਵ ਤਿਵਾੜੀ, ਕੰਜ਼ਰਵੇਟਰ ਆਫ ਫਾਰੈਸਟ, ਉੱਤਰੀ ਸਰਕਲ , ਧਰਮਵੀਰ ਦੈਰੂ, ਡਵੀਜ਼ਨਲ ਜੰਗਲਾਤ ਅਫ਼ਸਰ, ਪਠਾਨਕੋਟ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਠਾਕੁਰ ਭੁਪਿੰਦਰ ਸਿੰਘ, ਜੰਗ ਬਹਾਦੁਰ ਵਣ ਰੇਂਜ ਅਫਸਰ ਧਾਰ, ਅਜੈ ਪਠਾਨਿਆ ਬਲਾਕ ਅਫਸਰ, ਵਰਿੰਦਰ ਜੀਤ ਸਿੰਘ ਰੇਜ ਅਫਸਰ , ਸਮਸੇਰ ਸਿੰਘ ਬਲਾਕ ਅਫਸਰ, ਮੁਨੀਸ ਕੁਮਾਰ ਵਣ ਗਾਰਡ , ਤਰਸੇਮ ਸਿੰਘ ਵਣ ਗਾਰਡ, ਅਤੇ ਹੋਰ ਪਾਰਟੀ ਮੈਬਰ ਵੀ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਦੇ ਜੰਗਲਾਤ ਵਿਭਾਗ ਨੇ ਪਠਾਨਕੋਟ ਵਿੱਚ ਮਲਬੇਰੀ ਲਾਉਣ ਦੀ ਸ਼ੁਰੂਆਤ ਦੇ ਨਾਲ ਪੰਜਾਬ ਦੇ ਇੱਕ ਸਮੇਂ ਦੇ ਹੋਨਹਾਰ ਉਦਯੋਗ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਸੇਰੀਕਲਚਰ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਤੋਂ ਇਲਾਵਾ ਬੁਨਿਆਦੀ ਢਾਂਚਾ, ਸਾਜ਼ੋ-ਸਾਮਾਨ,



ਰੇਸ਼ਮ ਦੇ ਕੀੜੇ ਪੈਥੋਲੋਜੀ ਅਤੇ ਮੰਡੀਕਰਨ ਸਮੇਤ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਕੈਬਨਿਟ ਮੰਤਰੀ ਜੰਗਲਾਤ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਭਾਗ ਵੱਲੋਂ ਪਠਾਨਕੋਟ ਜ਼ਿਲ੍ਹੇ ਦੇ ਨੀਮ ਪਹਾੜੀ ਖੇਤਰ ਧਾਰ ਬਲਾਕ ਦੇ 6 ਪਿੰਡਾਂ ਵਿੱਚ ਫੈਲੇ 125 ਏਕੜ ਰਕਬੇ ਵਿੱਚ ਤੂਤ ਦੀ ਬਿਜਾਈ ਕੀਤੀ ਗਈ ਹੈ। ਮਲਬੇਰੀ ਰੇਸ਼ਮ ਦੇ ਕੀੜਿਆਂ ਦਾ ਮੁੱਖ ਭੋਜਨ ਸਰੋਤ ਹੈ। ਪਠਾਨਕੋਟ ਦੇ ਧਾਰ ਬਲਾਕ ਦੇ ਅਧੀਨ ਆਉਂਦੇ ਪਿੰਡ ਦੁਰੰਗ ਖੱਡ, ਫੰਗਤੋਲੀ, ਭਾਦਣ, ਸਮਾਣੂ, ਜੂੰਗਨਥ ਅਤੇ ਭੱਬਰ ਆਦਿ ਰੇਸ਼ਮ ਦੀ ਖੇਤੀ ਲਈ ਚੋਣ ਕੀਤੀ ਗਈ ਸੀ । ਉਨ੍ਹਾਂ ਦੱਸਿਆ ਕਿ 37500 ਤੋਂ ਵੱਧ ਸ਼ਹਿਤੂਤ ਦੇ ਬੂਟੇ ਲਗਾਏ ਜਾ ਚੁੱਕੇ ਹਨ। ਸ੍ਰੀ ਸੰਜੀਵ ਤਿਵਾੜੀ, ਕੰਜ਼ਰਵੇਟਰ ਆਫ ਫਾਰੈਸਟ, ਉੱਤਰੀ ਸਰਕਲ ਨੇ ਦੱਸਿਆ ਕਿ ਉਨ੍ਹਾਂ ਨੇ 116 ਲਾਭਪਾਤਰੀਆਂ ਦੀ ਚੋਣ ਕੀਤੀ ਸੀ, ਜਿਨ੍ਹਾਂ ਵਿੱਚੋਂ 31 ਲਾਭਪਾਤਰੀਆਂ ਨੂੰ ਕਮਿਊਨਿਟੀ ਪਾਲਣ-ਪੋਸ਼ਣ ਘਰ, ਉਪਕਰਨ, ਸਿਖਲਾਈ ਆਦਿ ਦਿੱਤੀ ਗਈ ਸੀ । ਇਸ ਪ੍ਰੋਜੈਕਟ ਦੋਰਾਨ ਸਾਲ 2023-24 ਦੇ ਬਸੰਤ ਰੁੱਤ ਵਿੱਚ ਪਹਿਲੀ ਵਾਰ 645 ਕਿਲੋ ਕੋਕੂਨ ਦਾ ਉਤਪਾਦਨ ਕੀਤਾ ਗਿਆ ਹੈ। ਸ੍ਰੀ ਧਰਮਵੀਰ ਦੈਰੂ, ਡਵੀਜ਼ਨਲ ਜੰਗਲਾਤ ਅਫ਼ਸਰ, ਪਠਾਨਕੋਟ ਨੇ ਕਿਹਾ ਕਿ ਅਸੀਂ ਆਉਣ ਵਾਲੇ ਸੀਜ਼ਨ ਵਿੱਚ ਕੋਕੂਨ ਦੇ ਉਤਪਾਦਨ ਨੂੰ ਦੁੱਗਣਾ ਕਰਨ ਦੀ ਉਮੀਦ ਕਰ ਰਹੇ ਹਾਂ। ਰੇਸ਼ਮ ਦੀ ਖੇਤੀ ਦੇ ਮਾਰਕੀਟਿੰਗ ਹਿੱਸੇ ਬਾਰੇ ਗੱਲ ਕਰਦਿਆਂ, ਡਾ: ਸੰਜੀਵ ਤਿਵਾੜੀ ਨੇ ਕਿਹਾ ਕਿ ਉਹ ਰੇਸ਼ਮ ਉਦਯੋਗ ਦੀ ਸਪਲਾਈ ਲੜੀ ਨੂੰ ਜੋੜਨ ਲਈ ਮੋਬਾਈਲ ਐਪਲੀਕੇਸ਼ਨਾਂ ਵਰਗੀਆਂ ਡਿਜੀਟਲ ਤਕਨਾਲੋਜੀਆਂ ਪੇਸ਼ ਕਰਨਗੇ ਤਾਂ ਜੋ ਰੇਸ਼ਮ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦ ਲਈ ਵਧੀਆ ਕੀਮਤਾਂ ਮਿਲ ਸਕਣ ਅਤੇ ਕੋਕੂਨ ਅਤੇ ਪੋਸਟ ਕੋਕੂਨ ਸੈਕਟਰ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਸ੍ਰੀ ਤਿਵਾੜੀ ਨੇ ਕਿਹਾ ਕਿ ਇਹ ਇੱਕ ਨਵੀਨਤਾਕਾਰੀ ਪ੍ਰੋਜੈਕਟ ਹੈ ਅਤੇ ਇਸ ਨਾਲ ਰੇਸ਼ਮ ਦੀ ਖੇਤੀ ਦੇ ਵਿਕਾਸ ਨੂੰ ਨਵਾਂ ਹੁਲਾਰਾ ਮਿਲਣ ਦੀ ਉਮੀਦ ਹੈ ਜਿੱਥੇ ਵਿਸ਼ਾਲ ਖਾਲੀ ਜੰਗਲੀ ਖੇਤਰਾਂ ਨੂੰ ਰੇਸ਼ਮ ਦੀ ਖੇਤੀ ਦੀਆਂ ਗਤੀਵਿਧੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਬੇਜ਼ਮੀਨੇ ਅਤੇ ਸੀਮਾਂਤ ਕਿਸਾਨਾਂ ਨੂੰ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਵਾਧੂ ਆਮਦਨ ਦਾ ਮੌਕਾ ਵੀ ਪੈਦਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਸਾਰੇ ਮਿਲ ਕੇ ਕਿਸਾਨੀ ਦੇ ਨਾਲ ਨਾਲ ਇਨ੍ਹਾਂ ਸਹਾਇਕ ਧੰਦਿਆਂ ਨਾਲ ਜੁੜੀਏ ਅਤੇ ਵਧੇਰੇ ਮੁਨਾਫ਼ਾ ਕਮਾ ਕੇ ਅਪਣੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰੀਏ।

# ਪਿੰਡ ਮੰਡਵੀਂ ਦੇ ਦਲਿਤਾਂ ਤੇ ਖਨੌਰੀ ਪੁਲਿਸ ਵੱਲੋਂ ਇੱਕ ਪਾਸੜ ਦਲਿਤ ਵਿਰੋਧੀ ਕਾਰਵਾਈ ਕਰਨ ਦਾ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਲਿਆ ਸਖਤ ਨੋਟਿਸ

## ਦਲਿਤਾਂ ਨੂੰ ਆਪਣੀ ਹੀ ਜ਼ਮੀਨ ਵਿੱਚ ਜਾਣ ਤੇ ਪਰਚਾ ਪਾਉਣ ਦੇ ਖਿਲਾਫ ਜਲਦੀ ਹੀ ਡੀਐਸਪੀ ਦਫਤਰ ਅੱਗੇ ਲਾਇਆ ਜਾਵੇਗਾ ਧਰਨਾ

**ਸੰਗਰੂਰ/ਮੂਨਕ (ਦਲਜੀਤ ਕੌਰ)** ਅੱਜ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਖਨੌਰੀ ਪੁਲਿਸ ਵੱਲੋਂ ਜਰਨਲ ਵਿਆਕਤੀ ਦੇ ਇਸ਼ਾਰੇ ਤੇ ਪਿੰਡ ਦੇ ਪੰਜ ਦਲਿਤਾਂ ਨੂੰ ਆਪਣੀ ਹੀ ਜਮੀਨ ਵਿੱਚ ਜਾਣ ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਅਤੇ ਕੁੱਟਮਾਰ ਅਤੇ ਧਮਕੀਆਂ ਦੇਣ ਦਾ ਪਰਚਾ ਦਰਜ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਹ ਜਮੀਨ ਸ਼ਡਿਊਲ ਕਾਸਟ ਲੈਂਡ ਓਨਿਗ ਸੋਸਾਇਟੀ ਦੀ ਹੈ, ਜਿਸਦਾ ਕਿ ਦੂਰ ਦੂਰ ਤੱਕ ਕਿਸੇ ਵੀ ਜਰਨਲ ਵਿਅਕਤੀ ਨਾਲ ਕੋਈ ਲੈਣ ਦੇਣ ਨਹੀਂ।



ਇਸ ਜਮੀਨ ਦੇ ਕਾਨੂੰਨ ਮੁਤਾਬਕ ਕੋਈ ਜਰਨਲ ਵਿਅਕਤੀ ਇਸ ਜਮੀਨ ਨੂੰ ਠੇਕੇ ਤੇ ਵੀ ਨਹੀਂ ਲੈ ਸਕਦਾ ਪਰ ਇੱਕ ਜਰਨਲ ਵਿਅਕਤੀ ਵੱਲੋਂ ਸ਼ਰੇਆਮ ਜਮੀਨ ਤੇ ਕਬਜ਼ਾ ਹੋਣ ਦੀਆਂ ਗੱਲਾਂ ਆਖੀਆਂ ਜਾ ਰਹੀਆਂ ਹਨ। ਜਦੋਂ ਕਿ ਕਾਨੂੰਨ ਮੁਤਾਬਕ ਤੇ ਕਾਗਜੀ ਰਿਕਾਰਡ ਮੁਤਾਬਕ (ਮਾਲ ਵਿਭਾਗ ਦੇ ਰਿਕਾਰਡ, ਰਿਕਾਰਡ ਨਹਿਰੀ ਵਿਭਾਗ ਦੇ ਰਿਕਾਰਡ) ਨਿਸ਼ਾਨਦੇਹੀ ਮੁਤਾਬਕ, ਜਮੀਨ 1956 ਤੋਂ ਲੈ ਕੇ ਅੱਜ ਤੱਕ ਇੰਤਕਾਲ ਦਲਿਤ ਦੇ ਨਾਮ ਹੀ ਹੈ ਤੇ ਦਲਿਤਾਂ ਵੱਲੋ ਦਿੱਤੀ ਦਰਖਾਸਤ ਦੇ ਖ਼ਿਲਾਫ਼ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਦੋ ਦਿਨਾਂ ਅੰਦਰ ਪੁਲਿਸ ਵੱਲੋਂ ਬਣਦੀ ਕਾਰਵਾਈ ਨਾ ਕੀਤੀ ਤਾਂ ਦਲਿਤਾਂ ਨਾਲ ਧੱਕਾ ਕਰਨ ਵਾਲੇ ਲੋਕਾਂ ਖ਼ਿਲਾਫ਼ ਐਸ ਸੀ/ਐਸ ਟੀ ਐਕਟ ਤਹਿਤ ਕਾਰਵਾਈ ਕਰਾਉਣ ਅਤੇ ਖਨੌਰੀ ਪੁਲਿਸ ਦੇ ਖਿਲਾਫ ਜਲਦੀ ਹੀ ਡੀਐਸਪੀ ਮੂਨਕ ਦਫਤਰ ਅੱਗੇ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਸੰਬੰਧੀ ਪਹਿਲਾਂ ਇੱਕ ਵਫਦ ਐਸਐਸਪੀ ਸੰਗਰੂਰ ਨੂੰ ਮਿਲੇਗਾ। ਇਸ ਮੌਕੇ ਅਮਰੀਕ ਸਿੰਘ ਮੰਡਵੀ ਜਸਵਿੰਦਰ ਸਿੰਘ, ਸੁਭਾਸ਼ ਸਿੰਘ ਅਤੇ ਸੋਸਾਇਟੀ ਦੇ ਮੈਂਬਰ ਅਤੇ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।

# ਇੰਜ. ਸ਼ਿੰਗਾਰ ਸਿੰਘ ਤਲਵੰਡੀ ਦਾ ਪਲੇਠਾ ਸਫ਼ਰਨਾਮਾ "ਦੱਖਣ ਦੀ ਯਾਤਰਾ" ਲੋਕ ਅਰਪਣ





**ਫ਼ਿਰੋਜ਼ਪੁਰ (ਜਸਪਾਲ ਕੁਮਾਰ)–** ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ (ਰਜਿ:) ਵੱਲੋਂ ਸਾਦੇ ਪਰ ਭਾਵਪੂਰਤ ਸਮਾਗਮ ਵਿੱਚ ਇੰਜ. ਸ਼ਿੰਗਾਰ ਸਿੰਘ ਤਲਵੰਡੀ ਦਾ ਪਲੇਠਾ ਸਫ਼ਰਨਾਮਾ "ਦੱਖਣ ਦੀ ਯਾਤਰਾ" ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਪੰਜਾਬੀ ਸ਼ਾਇਰ ਅਤੇ ਕਲਾਪੀਠ ਦੇ ਪ੍ਰਧਾਨ ਪ੍ਰੋ. ਜਸਪਾਲ ਘਈ ਨੇ ਕੀਤੀ ਜਦੋਂ ਕਿ ਮੁੱਖ ਮਹਿਮਾਨ ਵਜੋਂ ਚਰਚਿਤ ਗ਼ਜ਼ਲਗੋ ਪ੍ਰੋ. ਗੁਰਤੇਜ ਕੋਹਾਰਵਾਲਾ ਸ਼ਾਮਿਲ ਹੋਏ। ਪ੍ਰਧਾਨਗੀ ਮੰਡਲ ਵਿੱਚ ਕਿਤਾਬ ਦੇ ਲੇਖਕ ਇੰਜ।ਸ਼ਿੰਗਾਰ ਸਿੰਘ ਤਲਵੰਡੀ ਵੀ ਸ਼ਾਮਲ ਸਨ। ਮੰਚ ਸੰਚਾਲਕ ਦੀ ਭੂਮਿਕਾ ਉੱਘੇ ਕਵੀ ਅਤੇ ਅਨੁਵਾਦਕ ਸੁਖਜਿੰਦਰ ਨੇ ਅਦਾ ਕੀਤੀ। ਹਰਮੀਤ ਵਿਦਿਆਰਥੀਆਂ ਆਏ ਮਹਿਮਾਨਾਂ ਦਾ ਸੁਆਗਤ ਕਰਦਿਆਂ ਕਲਾਪੀਠ ਦੀ ਸਰਗਰਮੀਆਂ ਦੀ ਜਾਣਕਾਰੀ ਦਿੱਤੀ।

ਪਹਿਲੇ ਪੜਾਅ ਵਿੱਚ ਇੰਜ. ਸ਼ਿੰਗਾਰ ਸਿੰਘ ਤਲਵੰਡੀ ਦੀ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ। ਜਿਸ ਵਿੱਚ ਪ੍ਰਧਾਨਗੀ ਮੰਡਲ ਦੇ ਨਾਲ ਲਾਲ ਸਿੰਘ ਸੁਲਹਾਣੀ ,ਓਮ ਪ੍ਰਕਾਸ਼ ਸਰੋਏ, ਗੁਰਦਿਆਲ ਸਿੰਘ ਵਿਰਕ, ਪ੍ਰੋ. ਕੁਲਦੀਪ, ਰਾਜੀਵ ਖ਼ਿਆਲ, ਡਾ. ਜਗਦੀਪ ਸਿੰਘ ਸੰਧੂ ਜ਼ਿਲ੍ਹਾ ਭਾਸ਼ਾ ਅਫ਼ਸਰ, ਡਾ।ਰਾਮੇਸ਼ਵਰ ਕਟਾਰਾ, ਸੁਖਦੇਵ ਸਿੰਘ ਭੱਟੀ ਵੀ ਸ਼ਾਮਲ ਹੋਏ।

ਸਮੁੱਚੇ ਹਾਊਸ ਵਿੱਚ ਹਾਜ਼ਰ ਲੇਖਕਾਂ/ਪਾਠਕਾਂ ਨੇ ਇਸ ਪਹਿਲੇ ਉਪਰਾਲੇ ਲਈ ਲੇਖਕ ਨੂੰ ਮੁਬਾਰਕਬਾਦ ਦਿੱਤੀ। ਕਿਤਾਬ ਬਾਰੇ ਵਿਚਾਰ ਚਰਚਾ ਸ਼ੁਰੂ ਕਰਦਿਆਂ ਓਮ ਪ੍ਰਕਾਸ਼ ਸਰੋਏ ਨੇ ਇਸ ਕਿਤਾਬ ਦੀ ਸਿਰਜਣ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾ. ਜਗਦੀਪ ਸਿੰਘ ਸੰਧੂ ਨੇ ਸਫ਼ਰਨਾਮੇ ਵਿੱਚ ਕੀਤੀ ਕੇਰਲਾ, ਤਾਮਿਲਨਾਡੂ ਅਤੇ ਪੰਜਾਬ ਦੇ ਆਰਥਿਕ ਰਾਜਨੀਤਕ ਹਾਲਤ ਦੀ ਤੁਲਨਾ ਨੂੰ ਕਿਤਾਬ ਦਾ ਮਹੱਤਵਪੂਰਨ ਹਿੱਸਾ ਦੱਸਿਆ। ਪ੍ਰੋ. ਕੁਲਦੀਪ ਨੇ ਕਿਤਾਬ ਦੀ ਕਾਵਿਕ ਭਾਸ਼ਾ ਦੀ ਸ਼ਲਾਘਾ ਕੀਤੀ।

ਪ੍ਰੋ. ਗੁਰਤੇਜ ਕੋਹਾਰਵਾਲਾ ਨੇ ਰਚਨਾ ਦੀ ਕਲਾਤਮਿਕਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਅੰਦਰ ਜਦੋਂ ਇੰਟਰਨੈੱਟ ਉੱਤੇ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਹੈ ਤਾਂ ਜਾਣਕਾਰੀ ਦੇ ਨਾਲ ਨਾਲ ਕਲਾਤਮਿਕਤਾ ਇੱਕੋ ਇੱਕ ਤੱਤ ਹੈ ਜੋ ਪਾਠਕਾਂ ਨੂੰ ਰਚਨਾ ਨਾਲ ਜੋੜ ਸਕਦਾ ਹੈ।

ਇੰਜ. ਸ਼ਿੰਗਾਰ ਸਿੰਘ ਤਲਵੰਡੀ ਨੇ ਗੋਸ਼ਟੀ ਉਠਾਏ ਗਏ ਨੁਕਤਿਆਂ ਦਾ ਸਵਾਗਤ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਅਗਲੀਆਂ ਲਿਖਤਾਂ ਵਿੱਚ ਉਹ ਇਹਨਾਂ ਨੁਕਤਿਆਂ ਅਤੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਾਂਗਾ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਜਸਪਾਲ ਘਈ ਨੇ ਸਾਰੀ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ "ਦੱਖਣ ਦਾ ਸਫ਼ਰਨਾਮਾ" ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਕੇਰਲਾ ਅਤੇ ਤਾਮਿਲਨਾਡੂ ਦੀਆਂ ਸਰਹੱਦਾਂ ਮਿਲਦੀਆਂ ਹੋਣ ਦੇ ਬਾਵਜੂਦ ਉਹਨਾਂ ਦੇ ਰਾਜਨੀਤਕ ਅਤੇ ਸਮਾਜਿਕ ਹਾਲਾਤ ਵਿਚਲੇ ਫ਼ਰਕ ਦਾ ਸਮਝ ਨਹੀਂ ਆਢਾਈ ਘੰਟੇ ਚੱਲੇ ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰੀਸ਼ ਮੌਂਗਾ, ਪ੍ਰੋ।ਸੁਖਵਿੰਦਰ ਜੋਸ਼, ਪ੍ਰੋ. ਗੁਰਵਿੰਦਰ, ਕਮਲ ਸ਼ਰਮਾ, ਇੰਜ. ਹਰਮੇਲ ਸਿੰਘ ਖੋਸਾ, ਅਸ਼ੋਕ ਕਪਤਾਨ, ਕਰਮਜੀਤ ਸਿੰਘ, ਇੰਜ. ਮਨੋਹਰ ਲਾਲ, ਜਬਰ ਮਾਹਲਾ, ਇੰਜ. ਮੁਲਖ ਰਾਜ, ਅਮਰਸੀਰ ਸਿੰਘ, ਤਰਲੋਚਨ ਚੋਪੜਾ,ਸੁਖਦੇਵ ਸਿੰਘ, ਪ੍ਰਥਮ ਆਦਿ ਲੇਖਕਾਂ ਬੁੱਧੀਜੀਵੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਲਾਲ ਸਿੰਘ ਸੁਲਹਾਣੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਨੇ ਸੰਵਿਧਾਨ ਬਚਾਓ ਮੋਰਚੇ ਦਾ ਕੀਤਾ ਸਮਰਥਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਸੰਵਿਧਾਨ ਬਚਾਓ ਮੋਰਚਾ ਪੰਜਾਬ ਵੱਲੋਂ ਸੁੱਤੇ ਪਈ ਭਗਵੰਤ ਮਾਨ ਸਰਕਾਰ ਨੂੰ ਜਗਾਉਣ ਲਈ ਪੰਜ ਅਗਸਤ ਨੂੰ ਭਾਰਤ ਨਗਰ ਤੋਂ ਡੀ ਸੀ ਦਫਤਰ ਤੱਕ ਰੋਸ ਮਾਰਚ ਕੱਢ ਕੇ ਡੀ ਸੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਵੇਗੀ, ਕਿ ਪੰਜਾਬ ਸਰਕਾਰ ਨੇ ਐਸ ਸੀ/ਐਸ ਟੀ ਐਕਟ ਸਿਟੀ 2004 ਅਤੇ 2018 ਨੂੰ ਆਪਣੇ ਪੁਰਾਣੇ ਰੂਪ ਵਿੱਚ ਲਾਗੂ ਨਹੀਂ ਕੀਤਾ ਤਾਂ ਐਸ ਸੀ ਸਮਾਜ ਪੰਜਾਬ ਅਤੇ ਭਾਰਤ ਬੰਦ ਦੇ ਐਲਾਨ ਕਰਨ ਤੋਂ ਪਿੱਛੇ ਨਹੀਂ ਹਟੇਗਾ।



ਇਸ ਦੌਰਾਨ ਨੰਦ ਕਿਸ਼ੋਰ ਵੱਲੋਂ ਬੈਠਕ ਵਿੱਚ ਹਾਜ਼ਰ ਸਮੂਹ ਸਾਥੀਆਂ ਨੂੰ ਅਪੀਲ ਕੀਤੀ, ਕਿ ਉਹ ਹਜ਼ਾਰਾਂ ਦੀ ਗਿਣਤੀ ਵਿੱਚ 5 ਅਗਸਤ ਦੇ ਸਮਾਗਮ ਵਿੱਚ ਸਿਰਕਤ ਕਰਨ ਤਾਂ ਜੋ ਪੰਜਾਬ ਸਰਕਾਰ ਦੀਆਂ ਅੱਖਾਂ ਖੋਲ੍ਹ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਕੀਤੀ ਜਾ ਸਕੇ। ਇਸ ਵਿਸ਼ਾਲ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਰਜਿੰਦਰ ਸਿੰਘ ਰਾਜੂ ਜੋਧਾਂ, ਹਰਦੇਵ ਸਿੰਘ ਬੋਪਾਰਾਏ, ਰੁਪਿੰਦਰ ਸਿੰਘ ਸੁਧਾਰ, ਜਸਵੀਰ ਸਿੰਘ ਪਮਾਲੀ, ਗੁਰਚਰਨ ਸਿੰਘ ਸਾਬਕਾ ਈ ਟੀ ਓ, ਰਾਮ ਕਿਸ਼ਨ ਸਿੰਘ ਦਾਦ, ਦਲਜੀਤ ਸਿੰਘ ਥਰੀਕੇ, ਬੂਟਾ ਸਿੰਘ ਦਾਦ, ਮਨਜੀਤ ਸਿੰਘ ਹਸਨਪੁਰ, ਅਵਤਾਰ ਸਿੰਘ ਇਆਲੀ, ਸੁਖਦੇਵ ਸਿੰਘ, ਹੈਪੀ ਮੁੱਲਾਪੁਰ, ਗੁਰਮੇਲ ਸਿੰਘ ਪੰਡੋਰੀ, ਤਰਲੋਕ ਸਿੰਘ ਮੁੱਲਾਪੁਰ ਨੇ ਸੰਵਿਧਾਨ ਬਚਾਓ ਮੋਰਚਾ ਦਾ ਸਮਰਥਨ ਕੀਤਾ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਮਲਕੀਤ ਜਨਾਗਲ ਵੱਲੋਂ ਜਿੱਥੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਐਲਾਨ ਕਰਨ ਵਾਲੇ ਸਮੂਹ ਆਗੂਆਂ ਦੀ ਹੌਂਸਲਾ ਅਫਜਾਈ ਕੀਤੀ। ਉੱਥੇ ਹੀ ਵੱਡੀ ਗਿਣਤੀ ਵਿੱਚ ਮੀਟਿੰਗ ਵਿੱਚ ਹਾਜ਼ਰ ਸਮੂਹ ਆਗੂਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਨੰਦ ਕਿਸ਼ੋਰ, ਮਲਕੀਤ ਜਨਾਗਲ, ਬਿੱਟੂ ਸਿੰਘ ਸੰਗੋਵਾਲ, ਅਨਿਲ ਕੁਮਾਰ, ਬਿੱਟੂ, ਬਿੱਕਰ ਸਿੰਘ, ਐਡਵੋਕੇਟ ਆਰ ਐਲ ਸ਼ਰਮਾ, ਡਾਕਟਰ ਅਰੁਣ ਸਿੱਧੂ, ਰਮਨਜੀਤ ਲਾਲੀ, ਵਿੱਕੀ ਸਹੋਤਾ, ਅਸ਼ੋਕ ਸ਼ਾਮ ਸੁੰਦਰ, ਜਸਵੀਰ ਬਾਲੀ, ਸੋਮਨਾਥ ਹੀਰ, ਗੁਰਪ੍ਰੀਤ ਲਾਲੀ, ਇੰਦਰਜੀਤ, ਕਪਿਲ ਸਾਵੀ, ਸਾਗਰ, ਸੋਮਪਾਲ, ਐਡਵੋਕੇਟ ਸੁਮਨ ਤੇ ਅਨਿਲ ਖੱਟੜਵਾਲ ਆਦਿ ਸੈਂਕੜੇ ਦੀ ਗਿਣਤੀ ਵਿੱਚ ਆਗੂ ਤੇ ਸਮਰਥਕ ਹਾਜ਼ਰ ਸਨ।

# ਦਫਤਰ ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ, ਪਾਣੀ ਤੇ ਸੀਵਰੇਜ਼ ਦੇ ਬਿੱਲਾਂ ਦੀ ਕੁਲੈਕਸ਼ਨ ਸ਼ੁਰੂ - ਡਾ. ਅਮਨਦੀਪ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਪ੍ਰਾਪਰਟੀ ਟੈਕਸ, ਤੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿੱਲਾਂ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਨਗਰ ਨਿਗਮ ਦਫ਼ਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ, ਜਿਥੇ ਲੋਕ ਕੰਮ- ਕਾਜ ਵਾਲੇ ਦਿਨ ਆ ਕੇ ਆਪਣਾ ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀ ਅਦਾਇਗੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਕੈਸ਼ ਕਾਊਂਟਰ ਕੱਲ੍ਹ ਸ਼ਨੀਵਾਰ ਨੂੰ ਵੀ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਖੁੱਲ੍ਹੇ ਰਹਿਣਗੇ ਜਿਥੇ ਕਿ ਪਬਲਿਕ ਆਪਣਾ ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀ ਅਦਾਇਗੀ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਬਲਿਕ ਵੱਲੋਂ ਕਾਊਂਟਰ 'ਤੇ ਆਪਣਾ ਟੈਕਸ, ਪਾਣੀ ਅਤੇ ਸੀਵਰੇਜ਼ ਦੇ ਬਿੱਲ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ.ਆਈ.ਡੀ. ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ 'ਤੇ ਰਜਿਸਟਰਡ ਕਰਵਾਉਣ।



# ਸੀ.ਜੇ.ਐਮ.-ਕਮ-ਸਕੱਤਰ ਨੇ 14 ਸਤੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਅਧਿਕਾਰੀਆ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਸੁਪਰੀਪ ਕੋਰਟ ਆਫ ਇੰਡੀਆ, ਨਿਊ ਦਿੱਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਅਤੇ ਸ਼ੈਸ਼ਨਜ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਵਿਚ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਰਾਜ ਪਾਲ ਰਾਵਲ ਵੱਲੋਂ ਜ਼ਿਲ੍ਹਾ ਪੱਧਰ ਅਤੇ ਸਬ ਡਵੀਜਨ ਪੱਧਰ 'ਤੇ ਸਾਲ 2024 ਦੀ ਤੀਸਰੀ ਕੌਮੀ ਲੋਕ ਅਦਾਲਤ ਦਾ ਆਯੋਜਨ 14 ਸਤੰਬਰ 2024 ਨੂੰ ਕੀਤਾ ਜਾ ਰਿਹਾ ਹੈ, ਜਿਸਦੇ ਸਬੰਧ ਵਿਚ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਬੈਂਕ ਮੈਨੇਜਰਾਂ ਨਾਲ ਨਿਊ ਜ਼ਿਲ੍ਹਾ ਅਤੇ ਸ਼ੈਸ਼ਨਜ ਕੋਰਟ ਕੰਪਲੈਕਸ ਹੁਸ਼ਿਆਰ-ਪੁਰ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸਾਰੇ ਸ਼ਾਮਿਲ ਅਧਿਕਾਰੀਆਂ ਨਾਲ ਕੌਮੀ ਲੋਕ ਅਦਾਲਤ ਦੌਰਾਨ ਰੱਖੇ ਜਾਣ ਵਾਲੇ ਕੇਸਾਂ ਸਬੰਧੀ ਚਰਚਾ ਕੀਤੀ ਗਈ। ਇਸ ਮੀਟਿੰਗ ਦੌਰਾਨ ਸਾਰੇ ਬੀ.ਡੀ.ਪੀ.ਓਜ਼ ਨੂੰ 14 ਸਤੰਬਰ 2024 ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਮੀਟਿੰਗ ਦੌਰਾਨ ਪਿੰਡਾਂ ਵਿਚ ਵੱਧ ਤੋਂ ਵੱਧ ਪਬਲੀਸਿਟੀ ਕਰਨ ਲਈ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਬੈਂਕ ਮੈਨੇਜਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਇਸ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਕੇਸ ਲਗਾਏ ਜਾਣ ਅਤੇ ਟ੍ਰੈਫਿਕ ਇੰਚਾਰਜ ਨੂੰ ਇਸ ਲੋਕ ਅਦਾਲਤ ਰਾਹੀਂ ਪੈਡਿੰਗ ਚਲਾਨਾਂ ਨੂੰ ਭੁਗਤਾਉਣ ਲਈ ਕੋਰਟਾਂ ਵਿਚ ਦੇਣ ਦੇ ਨਿਰਦੇਸ਼ ਦਿੱਤੇ ਗਏ। ਬਿਜਲੀ ਵਿਭਾਗ ਦੇ ਐਕਸੀਅਨ-1 ਅਤੇ 2 ਨਾਲ ਕੇਸਾਂ ਬਾਰੇ ਚਰਚਾ ਕੀਤੀ ਗਈ। ਜ਼ਿਲ੍ਹਾ ਕੰਜਿਊਮਰ ਡਿਸਪਿਊਟ ਰੈਡਰੈਸਲ ਕਮਿਸ਼ਨ ਹੁਸ਼ਿਆਰਪੁਰ ਦੇ ਮੈਂਬਰ ਪ੍ਰੇਮ ਸਿੰਘ ਸਲਾਰੀਆ ਅਤੇ ਬੀ.ਐਸ.ਐਨ.ਐਲ. ਦੇ ਪ੍ਰੀ-ਲਿਟੀਗੇਟਿਵ ਕੇਸਾਂ ਬਾਰੇ ਜੂਨੀਅਰ ਅਸਿਸਟੈਂਟ ਅਫਸਰ ਪਰਮਵੀਰ ਸਿੰਘ ਅਤੇ ਐਮ।ਏ।ਸੀ।ਟੀ ਪੈਡਿੰਗ ਕੇਸਾਂ ਬਾਰੇ ਇੰਸੋਰੈਂਸ ਕੰਪਨੀਆਂ ਦੇ ਅਸਿਸਟੈਂਟ ਅਫਸਰ ਨੂੰ ਮੀਟਿੰਗ ਦੌਰਾਨ ਕਿਹਾ ਗਿਆ ਕਿ 14 ਸਤੰਬਰ 2024 ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਇਆ ਜਾਵੇ ਤਾਂ ਜੋ ਲੋਕਾਂ ਨੂੰ ਇਸ ਲੋਕ ਅਦਾਲਤ ਦਾ ਲਾਭ ਮਿਲ ਸਕੇ। ਇਸ ਮੀਟਿੰਗ ਵਿਚ ਭਾਗ ਲੈਣ ਵਾਲੇ ਸਬੰਧਿਤ ਅਧਿਕਾਰੀਆਂ ਨੂੰ ਮਾਨਯੋਗ ਸੀ।ਜੇ।ਐਮ।-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਸਥਾਈ ਲੋਕ ਅਦਾਲਤ( ਜਨ ਉਪਯੋਗੀ ਸੇਵਾਵਾਂ) ਦਾ ਲਾਭ ਲੈਣ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਤਾਂ ਜੋ ਲੋਕ ਜਨ ਉਪਯੋਗੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।



# ਭਾਰਤ ਵਿੱਚ 30%-40% ਬਾਲਗ ਆਬਾਦੀ ਫੈਟੀ ਲੀਵਰ ਤੋਂ ਪੀੜਤ - ਡਾ: ਅਨਿਲ ਵਿਰਦੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਉੱਤਰੀ ਭਾਰਤ ਵਿੱਚ ਲੀਵਰ ਦੀਆਂ ਬਿਮਾਰੀਆਂ ਦੇ ਵੱਧ ਰਹੇ ਰੁਝਾਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅੱਜ ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਸੀਨੀਅਰ ਕੰਸਲਟੈਂਟ ਜੀ।ਆਈ ਅਤੇ ਜਨਰਲ ਸਰਜਰੀ ਡਾ ਅਨਿਲ ਵਿਰਦੀ ਅਤੇ ਡਾ ਮੁਕੇਸ਼ ਕੁਮਾਰ ਸਲਾਹਕਾਰ, ਗੈਸਟਰੋਐਂਟਰੋਲੋਜੀ ਅਤੇ ਹੈਪੇਟੋਲੋਜੀ ਨੇ ਪੱਤਰਕਾਰਾਂ ਨੂੰ ਸੰਬੋਧਨ ਕੀਤਾ। ਡਾ। ਮੁਕੇਸ਼ ਕੁਮਾਰ ਨੇ ਕਿਹਾ, "ਵਿਸ਼ਵ ਭਰ ਵਿੱਚ ਹਰ ਸਾਲ ਵਾਇਰਲ ਹੈਪੇਟਾਈਟਸ ਕਾਰਨ ਲਗਭਗ 1.3 ਮਿਲੀਅਨ ਮੌਤਾਂ ਹੁੰਦੀਆਂ ਹਨ। ਭਾਰਤ ਵਿੱਚ, 40 ਮਿਲੀਅਨ ਲੋਕ ਹੈਪੇਟਾਈਟਸ ਬੀ ਨਾਲ ਸੰਕਰਮਿਤ ਹਨ ਅਤੇ ਲਗਭਗ 12 ਮਿਲੀਅਨ ਲੋਕ ਹੈਪੇਟਾਈਟਸ ਸੀ ਨਾਲ ਸੰਕਰਮਿਤ ਹਨ।




ਹੈਪੇਟਾਈਟਸ ਬੀ, ਹੈਪੇਟਾਈਟਸ ਸੀ, ਬਹੁਤ ਜ਼ਿਆਦਾ ਅਲਕੋਹਲ ਦਾ ਸੇਵਨ ਅਤੇ ਗੈਰ-ਅਲਕੋਹਲ ਵਾਲੀ ਫੈਟੀ ਲੀਵਰ ਦੀ ਬਿਮਾਰੀ ਭਾਰਤ ਵਿੱਚ ਲੀਵਰ ਦੇ ਨੁਕਸਾਨ ਦੇ ਪ੍ਰਮੁੱਖ ਕਾਰਨ ਹਨ। ਡਾ. ਮੁਕੇਸ਼ ਨੇ ਇਹ ਵੀ ਸਾਂਝਾ ਕੀਤਾ ਕਿ ਲੀਵਰ ਸਿਰੋਸਿਸ ਦੇ ਨਿਦਾਨ ਵਿੱਚ ਇੱਕ ਵੱਡੀ ਤਬਦੀਲੀ ਆਈ ਹੈ ਅਤੇ ਭਾਰਤ ਵਿੱਚ ਹਰ ਸਾਲ ਲਗਭਗ 10 ਲੱਖ ਨਵੇਂ ਮਰੀਜ਼ਾਂ ਦੀ ਜਾਂਚ ਕੀਤੀ ਜਾਂਦੀ ਹੈ। ਇੱਕ ਵਾਰ ਜਦੋਂ ਇੱਕ ਮਰੀਜ਼ ਨੂੰ ਸਿਰੋਸਿਸ ਦਾ ਪਤਾ ਲੱਗ ਜਾਂਦਾ ਹੈ, ਤਾਂ ਨੁਕਸਾਨ ਦੇ ਉਲਟ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।ਡਾ: ਮੁਕੇਸ਼ ਨੇ ਇਹ ਵੀ ਦੱਸਿਆ ਕਿ ਲਿਵਾਸਾ ਹਸਪਤਾਲ ਹੁਸ਼ਿਆਰਪੁਰ ਪੂਰੇ ਜ਼ਿਲੇ ਦਾ ਪਹਿਲਾ ਹਸਪਤਾਲ ਬਣ ਗਿਆ ਹੈ ਜਿਸ ਕੋਲ ਸਮਰਪਿਤ ਲੀਵਰ ਆਈ।ਸੀ।ਯੂ। ਬੈੱਡ ਹੈ ਅਤੇ ਅਸੀਂ ਲੀਵਰ ਰੀਸੈਕਸ਼ਨ, ਲੋਬੈਕਟੋਮੀ, ਟੀਏਸੀਈ, ਆਰਐਫ ਐਬਲੇਸ਼ਨ ਆਦਿ ਸਮੇਤ ਹਰ ਤਰ੍ਹਾਂ ਦੇ ਲੀਵਰ ਦੀਆਂ ਸਰਜਰੀਆਂ ਕਰ ਰਹੇ ਹਾਂ।ਡਾ ਅਨਿਲ ਵਿਰਦੀ ਨੇ ਦੱਸਿਆ ਕਿ "ਲੀਵਰ ਸਿਰੋਸਿਸ ਦੇ ਮੁੱਖ ਕਾਰਨ ਹੈਪੇਟਾਈਟਸ ਬੀ, ਹੈਪ ਸੀ, ਸ਼ਰਾਬ ਦਾ ਸੇਵਨ ਅਤੇ 3:4:3 ਦੇ ਅਨੁਪਾਤ ਵਿੱਚ ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ ਹੈ। ਸ਼ੂਗਰ ਅਤੇ ਫੈਟੀ ਲੀਵਰ ਦਾ ਸਹਿ-ਮੌਜੂਦਗੀ ਘਾਤਕ ਹੈ ਪਰ ਜੀਵਨਸ਼ੈਲੀ ਵਿੱਚ ਬਦਲਾਅ ਕਰਕੇ ਫੈਟੀ ਲਿਵਰ ਦੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਫਾਈਬਰੋਸਕੈਨ ਲੀਵਰ ਦੀ ਬਿਮਾਰੀ ਦੇ ਸ਼ੁਰੂਆਤੀ ਪੜਾਵਾਂ ਵਿੱਚ ਨਿਦਾਨ ਕਰਨ ਲਈ ਸੋਨੇ ਦਾ ਮਿਆਰੀ ਟੈਸਟ ਹੈ। ਫਾਈਬਰੋਸਕੈਨ ਨੇ ਲੀਵਰ ਦੀਆਂ ਸਾਰੀਆਂ ਬਿਮਾਰੀਆਂ ਦੇ ਨਿਦਾਨ ਨੂੰ ਬਹੁਤ ਹੱਦ ਤੱਕ ਬਦਲ ਦਿੱਤਾ ਹੈ, ਕਿਉਂਕਿ ਇਹ ਲੀਵਰ ਦੇ ਬਾਇਓਪਸੀ ਅਤੇ ਹੋਰ ਪਾਥ ਟੈਸਟਾਂ ਨਾਲੋਂ ਉੱਤਮ ਹੈ ਅਤੇ ਇਹ ਸਹੂਲਤ ਹੁਣ ਲਿਵਾਸ ਹਸਪਤਾਲ ਹੁਸ਼ਿਆਰਪੁਰ ਵਿਖੇ ਉਪਲਬਧ ਹੈ। ਡਾ. ਮੁਕੇਸ਼ ਕੁਮਾਰ ਨੇ ਕਿਹਾ, "ਪੰਜ ਮੁੱਖ ਹੈਪੇਟਾਈਟਸ ਵਾਇਰਸ ਹਨ, ਜਿਨ੍ਹਾਂ ਨੂੰ ਏ, ਬੀ, ਸੀ, ਡੀ ਅਤੇ ਈ ਕਿਹਾ ਜਾਂਦਾ ਹੈ। ਖਾਸ ਤੌਰ 'ਤੇ, ਕਿਸਮਾਂ ਭ ਅਤੇ ਛ ਦੁਨੀਆ ਭਰ ਦੇ ਲੱਖਾਂ ਲੋਕਾਂ ਵਿੱਚ ਪੁਰਾਣੀ ਬਿਮਾਰੀ ਦਾ ਕਾਰਨ ਬਣਦੀਆਂ ਹਨ ਅਤੇ, ਇਕੱਠੇ, ਲੀਵਰ ਸਿਰੋਸਿਸ ਅਤੇ ਕੈਂਸਰ ਦਾ ਸਭ ਤੋਂ ਆਮ ਕਾਰਨ ਹਨ। ਹੈਪੇਟਾਈਟਸ ਏ ਅਤੇ ਈ ਆਮ ਤੌਰ 'ਤੇ ਦੂਸ਼ਿਤ ਭੋਜਨ ਅਤੇ ਪਾਣੀ ਦੇ ਸੇਵਨ ਕਾਰਨ ਹੁੰਦੇ ਹਨ। ਹੈਪੇਟਾਈਟਸ ਬੀ, ਸੀ ਅਤੇ ਡੀ ਆਮ ਤੌਰ 'ਤੇ ਲਾਗ ਵਾਲੇ ਖ਼ੂਨ ਅਤੇ ਸਰੀਰ ਦੇ ਤਰਲ ਦੇ ਸੰਪਰਕ ਕਾਰਨ ਹੁੰਦੇ ਹਨ। ਡਾ: ਅਨਿਲ ਵਿਰਦੀ ਨੇ ਕਿਹਾ ਕਿ ਨਿਯਮਤ ਕਸਰਤ, ਸਹੀ ਭਾਰ ਬਰਕਰਾਰ ਰੱਖਣਾ, ਘੱਟ ਚਰਬੀ, ਘੱਟ ਸ਼ੂਗਰ ਅਤੇ 1400 ਕੈਲੋਰੀਜ਼ ਤੋਂ ਵੱਧ ਇੱਕ ਦਿਨ ਅਤੇ ਉੱਚ ਫਾਈਬਰ ਸਮੱਗਰੀ ਵਾਲੀ ਖੁਰਾਕ ਕੁਝ ਅਜਿਹੇ ਆਮ ਨੁਸਖੇ ਹਨ ਜੋ ਲੀਵਰ ਨੂੰ ਨੁਕਸਾਨ ਤੋਂ ਦੂਰ ਰੱਖ ਸਕਦੇ ਹਨ।

**ਵਾਇਰਲ ਹੈਪੇਟਾਈਟਸ ਦੇ ਵਿਰੁੱਧ ਸਾਵਧਾਨੀਆਂ:**

1. ਪੀਣ ਵਾਲੇ ਸਾਫ਼ ਪਾਣੀ ਨੂੰ ਯਕੀਨੀ ਬਣਾਓ
2. ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ
3. ਸੜਕ ਕਿਨਾਰੇ ਖਾਣ-ਪੀਣ ਤੋਂ ਪਰਹੇਜ਼ ਕਰੋ
4. ਨਾਈ ਦੀਆਂ ਦੁਕਾਨਾਂ ਅਤੇ ਸੈਲੂਨਾਂ ਵਿੱਚ ਬਲੈਕ ਹੈਡਸ ਨੂੰ ਹਟਾਉਣ ਲਈ ਵਰਤੇ ਜਾਂਦੇ ਰੇਜ਼ਰ ਬਲੇਡ, ਮੈਟਲ ਸਕ੍ਰੈਪਰ ਨੂੰ ਸਾਂਝਾ ਕਰਨ ਤੋਂ ਬਚੋ
5. ਸੁਰੱਖਿਅਤ ਜਿਨਸੀ ਅਭਿਆਸਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।
6. ਡਿਸਪੋਜ਼ੇਬਲ ਸਰਿੰਜਾਂ ਅਤੇ ਸੂਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ।
7. ਹੈਪੇਟਾਈਟਸ ਏ ਅਤੇ ਬੀ ਦਾ ਟੀਕਾਕਰਨ ਸੰਭਵ ਹੈ, ਇਸ ਲਈ ਸਮੇਂ ਸਿਰ ਟੀਕਾਕਰਨ ਕਰਵਾਓ।

# ਜਲੰਧਰ ਸਾਈਕਲਿੰਗ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਸਾਈਕਲਿੰਗ ਈਵੈਂਟ ਕਰਵਾਉਣ ਸਬੰਧੀ ਵਿਚਾਰਾਂ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਜਲੰਧਰ ਨੂੰ ਸਾਈਕਲਿੰਗ ਹੱਬ ਬਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਨੌਜਵਾਨਾਂ ਨੂੰ ਸਾਈਕਲਿੰਗ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਲੰਧਰ ਸਾਈਕਲਿੰਗ ਐਸੋਸੀਏਸ਼ਨ ਦੀ ਜੇ.ਡੀ. ਰਿਜ਼ਾਰਟ, ਭੋਗਪੁਰ ਵਿਖੇ ਹੋਈ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਪ ਸਿੰਘ ਕਾਹਲੋਂ ਨੇ ਕੀਤਾ। ਮੀਟਿੰਗ ਵਿੱਚ ਸਾਬਕਾ ਵੇਟ ਲਿਫਟਰ ਤੇ ਮੌਜੂਦਾ ਡੀ.ਐੱਸ. ਪੀ. ਇੰਦਰਜੀਤ ਸਿੰਘ ਉਚੇਚੇ ਤੌਰ ਉੱਤੇ ਸ਼ਾਮਲ ਹੋਏ। ਇਸ ਮੌਕੇ ਸ. ਕਾਹਲੋਂ ਨੇ ਕਿਹਾ ਕਿ ਜਲੰਧਰ ਸਾਈਕਲਿੰਗ ਐਸੋਸੀਏਸ਼ਨ ਦਾ ਗਠਨ ਹੀ ਜ਼ਿਲ੍ਹਾ ਤੇ ਬਲਾਕ ਪੱਧਰ ਉੱਤੇ ਖੇਡ ਸਾਈਕਲਿੰਗ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਵਿੱਚ ਵੱਖੋ ਵੱਖ ਖੇਡਾਂ ਸਬੰਧੀ ਬਹੁਤ ਉਤਸ਼ਾਹ ਹੈ ਪਰ ਢੁਕਵਾਂ ਮੰਚ ਨਾ ਮਿਲਣ ਕਾਰਨ ਖਿਡਾਰੀ ਅੱਗੇ ਆਉਣ ਵਿੱਚ ਅਸਫ਼ਲ ਰਹਿ ਜਾਂਦੇ ਹਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੀ ਐਸੋਸੀਏਸ਼ਨ ਵੱਲੋਂ ਪਿੰਡਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਾਈਕਲਿੰਗ ਨਾਲ ਜੋੜਿਆ ਜਾਵੇਗਾ ਤੇ ਬਹੁਤ ਜਲਦ ਜ਼ਿਲ੍ਹਾ ਪੱਧਰੀ ਸਾਈਕਲਿੰਗ ਮੁਕਾਬਲੇ ਕਰਵਾਏ ਜਾਣਗੇ।



ਇਸ ਮੌਕੇ ਸਾਬਕਾ ਵੇਟ ਲਿਫਟਰ ਤੇ ਡੀ.ਐੱਸ. ਪੀ. ਇੰਦਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਖੇਡਾਂ ਸਬੰਧੀ ਬਹੁਤ ਸਾਰੀਆਂ ਸਕੀਮਾਂ ਤੇ ਸੰਸਥਾਵਾਂ ਹਨ, ਪਰ ਉਹਨਾਂ ਬਾਰੇ ਜਾਣਕਾਰੀ ਨਾ ਹੋਣ ਕਾਰਨ ਖਿਡਾਰੀ ਉਹਨਾਂ ਸਕੀਮਾਂ ਤੇ ਸੰਸਥਾਵਾਂ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ।

ਜਲੰਧਰ ਸਾਈਕਲਿੰਗ ਐਸੋਸੀਏਸ਼ਨ ਖੇਡਾਂ ਦੇ ਘੇਰੇ ਨੂੰ ਵਸੀਹ ਕਰਨ ਲਈ ਜੋ ਉਪਰਾਲੇ ਕਰ ਰਹੀ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹਨ।

ਇਸ ਮੌਕੇ ਸਾਬਕਾ ਡੀ.ਐਸ.ਪੀ. ਸ. ਹਰਭਜਨ ਸਿੰਘ ਪਟਿਆਲਾ ਨੇ ਕਿਹਾ ਕਿ ਇਕ ਖੇਡ ਵਜੋਂ ਜਿੱਥੇ ਸਾਈਕਲਿੰਗ ਵਿੱਚ ਨੌਜਵਾਨਾਂ ਵਿੱਚ ਅਥਾਹ ਮੌਕੇ ਹਨ, ਉੱਥੇ ਇਕ ਇਨਸਾਨ ਲਈ ਵੀ ਰੋਜ਼ਾਨਾ ਸਾਈਕਲ ਚਲਾਉਣਾ ਲਾਹੇਵੰਦ ਹੈ। ਇਸ ਨਾਲ ਜਿੱਥੇ ਮਨੁੱਖ ਤੰਦਰੁਸਤ ਰਹਿੰਦਾ ਹੈ, ਉਥੇ ਵਾਤਾਵਰਨ ਦੀ ਸੰਭਾਲ ਵਿੱਚ ਵੀ ਯੋਗਦਾਨ ਪੈਂਦਾ ਹੈ। ਇਸ ਮੌਕੇ ਕੌਮਾਂਤਰੀ ਸਾਈਕਲਿਸਟ ਬਖ਼ਸ਼ੀਸ਼ ਸਿੰਘ ਨੇ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਲੱਗਣ ਤੋਂ ਬਾਅਦ ਮਹਿੰਗੇ ਇਲਾਜ ਕਰਵਾ ਕੇ ਡਾਕਟਰ ਦੀ ਸਲਾਹ ਨਾਲ ਸਾਈਕਲ ਚਲਾਉਣ ਤੋਂ ਚੰਗਾ ਹੈ ਕਿ ਪੰਜਾਬ ਦਾ ਹਰ ਇਕ ਬਾਸ਼ਿੰਦਾ ਵੇਲੇ ਸਿਰ ਸਾਈਕਲ ਚਲਾਉਣਾ ਸ਼ੁਰੂ ਕਰ ਦੇਵੇ। ਮੀਟਿੰਗ ਉਪਰੰਤ ਸਾਬਕਾ ਵੇਟ ਲਿਫਟਰ ਤੇ ਮੌਜੂਦਾ ਡੀ.ਐੱਸ. ਪੀ. ਇੰਦਰਜੀਤ ਸਿੰਘ ਵੱਲੋਂ ਖੇਡ ਖੇਤਰ ਤੇ ਸਮਾਜਕ ਖੇਤਰ ਵਿੱਚ ਪਾਏ ਯੋਗਦਾਨ ਲਈ ਸਾਈਕਲਿੰਗ ਐਸੋਸੀਏਸ਼ਨ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਸਾਈਕਲਿੰਗ ਐਸੋਸੀਏਸ਼ਨ ਦੇ ਮੈਂਬਰ ਪਰਵਿੰਦਰ ਸਿੰਘ ਹੈਪੀ ਭੋਗਪੁਰ, ਪਰਗਟ ਸਿੰਘ, ਗੁਰਕਿਰਪਾਲ ਸਿੰਘ, ਬੰਤ ਸਿੰਘ, ਸਤਿੰਦਰਪਾਲ ਸਿੰਘ ਸਮੇਤ ਇਲਾਕੇ ਦੇ ਖੇਡ ਪ੍ਰੇਮੀ ਹਾਜ਼ਰ ਸਨ।

# ਬਹੁ-ਰੰਗ ਕਲਾਮੰਚ ਵਲੋਂ ''ਵੋਇਸ ਆਫ ਇੰਡੀਆ" ਮਹੂੰਮਦ ਰਫੀ ਜੀ ਦੀ 44ਵੀਂ ਬਰਸੀ ਤੇ ਮਿਊਜ਼ੀਕਲ ਈਵਨਿੰਗ ਦਾ ਆਯੋਜਨ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਬਹੁ-ਰੰਗ ਕਲਾ ਮੰਚ ਵਲੋਂ "ਵੋਇਸ ਆਫ ਇੰਡੀਆ" ਤਹਿਤ ਦੇਸ਼ ਦੇ ਮਸ਼ਹੂਰ ਗਾਇਕ ਜਨਾਬ ਮੁਹੰਮਦ ਰਫੀ ਦੀ 44ਵੀਂ ਬਰਸੀ ਤੇ ਮਿਊਜ਼ੀਕਲ ਈਵਨਿੰਗ ਦਾ ਆਯੋਜਨ ਕੀਤਾ ਗਿਆ। ਜਿਸ ਦੇ ਮੁੱਖ ਮਹਿਮਾਨ ਕੈਬਿਨੇਟ ਮੰਤਰੀ ਬ੍ਰਹਮਸ਼ੰਕਰ ਜਿੰਪਾ ਸਨ ਅਤੇ ਵਿਸ਼ੇਸ਼ ਮਹਿਮਾਨ ਲੈਫਟੀਨੈਂਟ ਜਨਰਲ ਜੇ.ਐਸ.ਢਿਲੋਂ, ਡਾ.ਐਮ. ਜਮੀਲ ਬਾਲੀ, ਹਰਜੀਤ ਸਿੰਘ ਮਠਾਰੂ, ਐਡਵੋਕੇਟ ਐਸ.ਪੀ. ਰਾਣਾ ਅਤੇ ਐਲੀ ਰਮੇਸ਼ ਕੁਮਾਰ ਡਿਸਟ੍ਰਿਕ ਗਵਰਨਰ ਸਨ। ਇਸ ਪ੍ਰੋਗਰਾਮ ਦਾ ਸੰਚਾਲਨ ਰੰਗ-ਕਰਮੀ ਅਤੇ ਨਿਰਦੇਸ਼ਕ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਨੇ ਕੀਤਾ।




ਪ੍ਰੋਗਰਾਮ ਦੇ ਸ਼ੁਰੂ ਵਿੱਚ ਮੁਹੰਮਦ ਰਫੀ ਨੂੰ ਸ਼ਰਧਾਂਜਲੀ ਦੇ ਫੁੱਲ ਅਰਪਿਤ ਕਰਨ ਤੋਂ ਬਾਅਦ ਕੈਬਿਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਜੀ ਦੇ ਨਾਲ ਪ੍ਰੋ. ਹਰਜਿੰਦਰ ਅਮਨ, ਨੀਲ ਕਮਲ, ਡਾ. ਐਮ. ਜਮੀਲ ਬਾਲੀ, ਐਡਵੋਕੇਟ ਐਸ. ਪੀ. ਰਾਣਾ, ਡਾ. ਹਰਜਿੰਦਰ ਸਿੰਘ ਓਬਰਾਏ ਅਤੇ ਅਸ਼ੋਕ ਪੁਰੀ ਨੇ ਸ਼ਮਾ ਰੌਸ਼ਨ ਕੀਤੀ ਅਤੇ ਇਸ ਉਪਰੰਤ ਸੰਗੀਤ ਦੇ ਵਿਦਿਆਰਥੀ ਅਜੈ ਰਾਮ, ਜਸਵਿੰਦਰ ਸਿੰਘ ਅਤੇ ਐਮਨਪਾੱਲ ਦੀ ਪੇਸ਼ਕਾਰੀ ਨਾਲ ਹੁਸ਼ਿਆਰਪੁਰ ਦੇ ਕਰੋਕੇ ਗਾਇਨ ਦੇ ਐਡਵੋਕੇਟ ਪ੍ਰੀਤ ਡਡਵਾਲ, ਪ੍ਰੋ. ਸੁਖਵਿੰਦਰ ਸਿੰਘ ਅਤੇ ਹਰੀਸ਼ ਐਰੀ ਨੇ ਰਫੀ ਜੀ ਦੇ ਗੀਤ ਗਾਏ। ਇਸ ਮੌਕੇ ਤੇ ਮੰਚ ਸੰਚਾਲਕ ਅਸ਼ੋਕ ਪੁਰੀ ਨੇ ਦੱਸਿਆ ਕਿ ਮੁਹੰਮਦ ਰਫੀ ਦੀ ਆਵਾਜ਼ ਭਾਰਤ ਦੇ ਸੰਗੀਤ ਜਗਤ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਨੇ ਆਪਣੇ ਛੋਟ ਜਿਹੇ ਜੀਵਨ ਕਾਲ ਵਿੱਚ 29 ਹਜ਼ਾਰ ਗੀਤ ਗਾ ਕੇ ਇਕ ਰਿਕਾਰਡ ਕਾਇਮ ਕੀਤਾ। ਇਸ ਮੌਕੇ ਤੇ ਸੰਗੀਤ ਜਗਤ ਵਿੱਚ ਹੁਣ ਹੁਸ਼ਿਆਰਪੁਰ ਦਾ ਨਾਮ ਚਮਕਾਉਣ ਵਾਲੇ ਬਲਰਾਜ ਸਿੰਘ, ਨੀਲ ਕਮਲ, ਕੁਮਾਰ ਵਿਨੋਦ ਅਤੇ ਪ੍ਰੋ. ਹਰਜਿੰਦਰ ਅਮਨ ਨੇ ਪ੍ਰੋਗਰਾਮ ਨੂੰ ਰਫੀਨੁਮਾ ਬਣਾ ਦਿੱਤਾ।ਇਸ ਮੌਕੇ ਤੇ ਮੁੱਖ ਮਹਿਮਾਨ ਕੈਬਿਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਚੰਡੀਗੜ੍ਹ ਦੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢਦੇ ਹੋਏ ਹੁਸ਼ਿਆਰਪੁਰ ਨਾਲ ਆਪਣੀ ਪ੍ਰਤੀਬੱਧਤਾ, ਸਨੇਹ ਅਤੇ ਪਿਆਰ ਦਾ ਸਬੂਤ ਦਿੰਦੇ ਹੋਏ ਦੱਸਿਆ ਕਿ ਹੁਸ਼ਿਆਰਪੁਰ ਦੇ ਕਲਾਕਾਰਾਂ ਨੇ ਵਿਸ਼ਵ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ। ਉਨ੍ਹਾਂ ਆਖਿਆ ਕਿ ਬਹੁ-ਰੰਗ ਕਲਾਮੰਚ ਪਿਛਲੇ 35 ਸਾਲਾਂ ਤੋਂ ਇਲਾਕੇ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਸਨਮੁੱਖ ਹੁੰਦੇ ਹੋਏ ਅਤੇ ਸਾਹਿਤ ਅਤੇ ਸੱਭਿਆਚਾਰ ਦੀ ਭੁੱਖ ਨੂੰ ਪੂਰਾ ਕਰਦੇ ਹੋਏ ਕਰਮਸ਼ੀਲ ਹਨ। ਜਿਨ੍ਹਾਂ ਦੀ ਉਹ ਪ੍ਰਸ਼ੰਸਾ ਕਰਦੇ ਹਨ। ਇਹ ਨਿਧੜਕ ਕਲਾਕਾਰਾਂ ਨੂੰ ਜਿੱਥੇ ਲੋਕ ਪਿਆਰ ਕਰਦੇ ਹਨ, ਉਥੇ ਉਦਯੋਗਪਤੀਆਂ ਅਤੇ ਸਰਕਾਰਾਂ ਨੂੰ ਉਨ੍ਹਾਂ ਦੀ ਸਰਪਰਸਤੀ ਕਰਨੀ ਚਾਹੀਦੀ ਹੈ। ਦੁਆਬੇ ਦੀ ਧਰਤੀ ਦੇਸ਼ ਅਤੇ ਵਿਦੇਸ਼ਾਂ ਵਿੱਚ ਜਿੱਥੇ ਆਪਣਾ ਨਾਮ ਚਮਕਾ ਰਹੀ ਹੈ, ਉਥੇ ਹੁਸ਼ਿਆਰਪੁਰ ਦੇ ਪ੍ਰਵਾਸੀ ਗਾਇਕ ਪ੍ਰਭਜੋਤ ਚੋਹਾਨ ਅਤੇ ਹਰਵਿੰਦਰ ਰਾਏ ਨੇ ਮਹੁੰਮਦ ਰਫੀ ਦੇ ਗੀਤ ਗਾ ਕੇ ਅਤੇ ਆਪਣੀ ਧਰਤੀ ਨੂੰ ਯਾਦ ਕਰਦੇ ਹੋਏ ਹਾਜ਼ਰੀ ਲਗਵਾਈ। ਇਸ ਮੌਕੇ ਤੇ ਮੁੱਖ ਮਹਿਮਾਨ ਦੇ ਨਾਲ ਲੈਫਟੀਨੈਂਟ ਜਨਰਲ ਢਿੱਲੋ, ਹਰਜੀਤ ਸਿੰਘ ਮਠਾਰੂ, ਐਮ।ਜਮੀਲ ਬਾਲੀ, ਐਡਵੋਕੇਟ ਐਸ.ਪੀ. ਰਾਣਾ, ਐਲੀ ਰਮੇਸ਼ ਕੁਮਾਰ, ਅਵਤਾਰ ਸਿੰਘ ਅਤੇ ਗਾਇਕ ਬਲਰਾਜ, ਨੀਲ ਕਮਲ, ਕੁਮਾਰ ਵਿਨੋਦ, ਹਰਜਿੰਦਰ ਅਮਨ, ਪ੍ਰਭਜੋਤ ਚੋਹਾਨ ਅਤੇ ਹਰਵਿੰਦਰ ਰਾਏ ਨੂੰ ਸਨਮਾਨਿਤ ਕੀਤਾ ਗਿਆ। ਬਹੁ-ਰੰਗ ਕਲਾਮੰਚ ਦੇ ਸਰਪਰਸਤ ਡਾ।ਹਰਜਿੰਦਰ ਸਿੰਘ ਓਬਰਾਏ, ਨਿਰਦੇਸ਼ਕ ਅਸ਼ੋਕ ਪੁਰੀ ਅਤੇ ਹੋਰ ਬੁਧੀਜੀਵੀਆਂ ਨੇ ਮੁੱਖ ਮਹਿਮਾਨ ਕੈਬਿਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਇਕ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਕਨਵੈਨਸ਼ਨ 9 ਅਗਸਤ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜਮਹੂਰੀ ਅਧਿਕਾਰ ਸਭਾ ਵਲੋਂ 9 ਅਗਸਤ ਨੂੰ ਬੱਸ ਅੱਡਾ ਨਵਾਂਸਹਿਰ ਵਿਖੇ ਜਪਾਨ ਦੇ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਪ੍ਰਮਾਣੂ ਬੰਬਾਂ ਨਾਲ ਮਾਰੇ ਗਏ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਅਤੇ ਮੌਜੂਦਾ ਚੱਲ ਰਹੀਆਂ ਜੰਗਾਂ ਦੇ ਵਿਰੋਧ ਵਿਚ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਜਾਵੇਗਾ। ਇਹ ਫੈਸਲਾ ਅੱਜ ਜਮਹੂਰੀ ਅਧਿਕਾਰ ਸਭਾ ਸ਼ਹੀਦ ਭਗਤ ਸਿੰਘ ਨਗਰ ਜਿਲਾ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ।ਇਹ ਜਾਣਕਾਰੀ ਦਿੰਦੇ ਹੋਏ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ ਨੇ ਦੱਸਿਆ ਕਿ ਅਮਰੀਕਾ ਵਲੋਂ 6 ਅਗਸਤ 1945 ਨੂੰ ਜਪਾਨੀ ਸ਼ਹਿਰ ਹੀਰੋਸ਼ੀਮਾ ਅਤੇ 9 ਅਗਸਤ ਨੂੰ ਨਾਗਾਸਾਕੀ ਉੱਤੇ ਪ੍ਰਮਾਣੂ ਬੰਬ ਸੁੱਟਕੇ ਭਿਆਨਕ ਤਬਾਹੀ ਮਚਾਈ ਗਈ ਸੀ। ਜਿਹਨਾਂ ਵਿਚ 1,99,000 ਲੋਕ ਮਾਰੇ ਗਏ ਸਨ ਅਤੇ ਲੱਖਾਂ ਲੋਕ ਜਖਮੀ ਹੋਏ ਸਨ। ਇਹ ਇਤਿਹਾਸ ਵਿਚ ਕੀਤੀ ਗਈ ਸੱਭ ਤੋਂ ਵੱਡੀ ਅਤੇ ਭਿਆਨਕ ਤਬਾਹੀ ਹੈ। ਉਹਨਾਂ ਕਿਹਾ ਕਿ ਇਸ ਕਨਵੈਨਸ਼ਨ ਦੀ ਸਫਲਤਾ ਲਈ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਸੱਦਾ-ਪੱਤਰ ਦਿੱਤੇ ਜਾਣਗੇ। ਅੱਜ ਦੀ ਮੀਟਿੰਗ ਨੂੰ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ, ਦਲਜੀਤ ਸਿੰਘ ਐਡਵੋਕੇਟ, ਬੂਟਾ ਸਿੰਘ ਮਹਿਮੂਦ ਪੁਰ ਨੇ ਸੰਬੋਧਨ ਕੀਤਾ। ਇਸ ਮੀਟਿੰਗ ਵਿਚ ਜਿਲ੍ਹਾ ਮੀਤ ਪ੍ਰਧਾਨ ਗੁਰਨੇਕ ਸਿੰਘ, ਨਰਿੰਦਰ ਸਿੰਘ ਉੜਾਪੜ, ਗੁਰਦਿਆਲ ਸਿੰਘ ਮਹਿੰਦੀ ਪੁਰ ਅਤੇ ਬਲਜਿੰਦਰ ਸਿੰਘ ਦਿਆਲ ਵੀ ਹਾਜਰ ਸਨ।



# ਈ-ਰਿਕਸ਼ਾ ਤੇ ਆਟੋ ਰਿਕਸ਼ਾ ਚਾਲਕਾਂ ਦੇ ਲਰਨਿੰਗ ਲਾਇਸੰਸ ਬਣਾਉਣ ਸਬੰਧੀ ਵਿਸ਼ੇਸ਼ ਮੁਹਿੰਮ 5 ਅਗਸਤ ਤੋਂ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਸ਼ਹਿਰ ਦੇ ਈ-ਰਿਕਸ਼ਾ ਅਤੇ ਆਟੋ ਰਿਕਸ਼ਾ ਚਾਲਕਾਂ ਦੇ ਲਰਨਿੰਗ ਲਾਇਸੈਂਸ ਬਣਾਉਣ ਲਈ ਆਰ.ਟੀ.ਓ. ਦਫ਼ਤਰ ਵੱਲੋਂ 5 ਅਗਸਤ ਤੋਂ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਰੀਜਨਲ ਟਰਾਂਸਪੋਰਟ ਅਫ਼ਸਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਈ-ਰਿਕਸ਼ਾ ਤੇ ਆਟੋ ਰਿਕਸ਼ਾ ਚਾਲਕਾਂ ਨੂੰ ਲਰਨਿੰਗ ਲਾਇਸੈਂਸ ਬਣ-ਾਉਣ ਵਿੱਚ ਸਹਿਯੋਗ ਦੇਣ ਲਈ ਆਰ.ਟੀ.ਓ। ਦਫ਼ਤਰ ਵੱਲੋਂ ਇਹ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਈ-ਰਿਕਸ਼ਾ ਤੇ ਆਟੋ ਰਿਕਸ਼ਾ ਚਾਲਕਾਂ ਪਾਸ ਡਰਾਈਵਿੰਗ ਲਾਇਸੰਸ ਨਹੀਂ ਹੈ, ਉਹ ਲਰਨਿੰਗ ਲਾਇਸੈਂਸ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਏ.ਆਰ.ਟੀ.ਓ. ਵਿਸ਼ਾਲ ਗੋਇਲ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਲਰਨਿੰਗ ਲਾਇਸੈਂਸ ਬਣਾਉਣ ਵਿੱਚ ਮਦਦ ਲਈ ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕ ਵਿਖੇ ਵਿਸ਼ੇਸ਼ ਕਾਊਂਟਰ ਸਥਾਪਤ ਕੀਤਾ ਜਾ ਰਿਹਾ ਹੈ, ਜਿਥੇ ਸਮਰਪਿਤ ਕਰਮਚਾਰੀ ਨੂੰ ਤਾਇਤਾਨ ਕੀਤਾ ਜਾਵੇਗਾ ਤਾਂ ਜੋ ਬਿਨੈਕਾਰਾਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਆਰ।ਟੀ।ਓ। ਨੇ ਦੱਸਿਆ ਕਿ ਲਰਨਿੰਗ ਲਾਇਸੈਂਸ ਲਈ ਈ ਰਿਕਸ਼ਾ ਤੇ ਆਟੋ ਰਿਕਸ਼ਾ ਚਾਲਕਾਂ ਦਾ ਟੈਸਟ ਪਹਿਲ ਦੇ ਆਧਾਰ 'ਤੇ ਲਿਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਲਰਨਿੰਗ ਲਾਇਸੈਂਸ 180 ਦਿਨਾਂ ਲਈ ਬਣਾਇਆ ਜਾਂਦਾ ਹੈ ਅਤੇ ਚਾਲਕ ਲਰਨਿੰਗ ਲਾਇਸੈਂਸ ਬਣਨ ਤੋਂ 30 ਦਿਨਾਂ ਬਾਅਦ ਡਰਾਈਵਿੰਗ ਲਾਇਸੈਂਸ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਉਪਰਾਲੇ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਸ਼ਹਿਰ ਦੀਆਂ ਸੜਕਾਂ 'ਤੇ ਈ ਰਿਕਸ਼ਾ ਤੇ ਆਟੋ ਰਿਕਸ਼ਾ ਚਲਾਉਣ ਵਾਲਾ ਹਰੇਕ ਚਾਲਕ ਲਾਇਸੰਸਧਾਰਕ ਹੋਵੇ। ਇਸ ਤੋਂ ਪਹਿਲਾਂ ਆਰ.ਟੀ.ਓ। ਅਮਨਪ੍ਰੀਤ ਸਿੰਘ ਵੱਲੋਂ ਇਸ ਮੁੱਦੇ 'ਤੇ ਵੱਖ-ਵੱਖ ਐਸੋਸੀਏਸ਼ਨਾਂ ਨਾਲ ਮੀਟਿੰਗ ਵੀ ਕੀਤੀ ਗਈ ਤਾਂ ਜੋ ਇਸ ਪਹਿਲ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਇਆ ਜਾ ਸਕੇ।



# ਪੀ.ਏ.ਯੂ.- ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿਖੇ ਲਾਇਬ੍ਰੇਰੀ ਦੀ ਵਰਤੋਂ ਸਬੰਧੀ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੀ.ਏ.ਯੂ.- ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿਖੇ ਵਿਦਿਆਰਥੀਆਂ ਲਈ ਲਾਇਬ੍ਰੇਰੀ ਅਤੇ ਡਿਜੀਟਲ ਸਰੋਤਾਂ ਦੀ ਵਰਤੋਂ ਸਬੰਧੀ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮਹਿੰਦਰ ਸਿੰਘ ਰੰਧਾਵਾ ਲਾਇਬ੍ਰੇਰੀ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਫੈਕਲਟੀ ਮੈਂਬਰ ਡਾ. ਆਰਤੀ ਸ਼ਰਮਾ ਅਤੇ ਸ੍ਰੀ ਅਮਿਤ ਕੁਮਾਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਡਾ। ਮਨਮੋਹਨਜੀਤ ਸਿੰਘ, ਡੀਨ, ਪੀ।ਏ।ਯੂ।- ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਲਾਇਬ੍ਰੇਰੀ ਦੇ ਸਰੋਤਾਂ, ਸੇਵਾਵਾਂ ਅਤੇ ਨਿਯਮਾਂ ਤੋਂ ਜਾਣੂ ਕਰਵਾਉਣਾ ਹੈ। ਉਹਨਾਂ ਨੇ ਵਿਦਿਆਰਥੀ ਜੀਵਨ ਵਿੱਚ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕੀਤਾ। ਡਾ: ਆਰਤੀ ਸ਼ਰਮਾ ਨੇ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਲਾਇਬ੍ਰੇਰੀ ਦੀ ਅਹਿਮ ਭੂਮਿਕਾ ਅਤੇ ਇਸ ਦੇ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ ਬਾਰੇ ਦੱਸਿਆ। ਉਹਨਾਂ ਨੇ ਲਾਇਬ੍ਰੇਰੀ ਦੀਆਂ ਆਨਲਾਈਨ ਸੇਵਾਵਾਂ ਦੀ ਵਰਤੋਂ ਕਰਨ ਬਾਰੇ ਕਿਹਾ। ਲਾਇਬ੍ਰੇਰੀ ਦੇ ਈ-ਸਰੋਤਾਂ ਦੀ ਸਹੀ ਢੰਗ ਨਾਲ ਵਰਤੋਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਅਤੇ ਲਾਇਬ੍ਰੇਰੀ ਦੇ ਨਿਯਮਾਂ ਬਾਰੇ ਦੱਸਿਆ। ਅਮਿਤ ਕੁਮਾਰ ਨੇ ਲਾਇਬ੍ਰੇਰੀ ਇੰਚਾਰਜ ਅਤੇ ਕਾਲਜ ਸਟਾਫ਼ ਨੂੰ ਡਿਜੀਟਲ ਲਾਇਬ੍ਰੇਰੀ ਬਾਰੇ ਵਿਸ਼ੇਸ਼ ਸਿਖਲਾਈ ਪ੍ਰਦਾਨ ਕੀਤੀ।



ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਕਿਵੇਂ ਡਿਜੀਟਲ ਲਾਇਬ੍ਰੇਰੀ ਦੀ ਵਰਤੋਂ ਕਰਕੇ ਘਰ ਤੋਂ ਹੀ ਪਤਾ ਲਗਾ ਸਕਦੇ ਹਨ ਕਿ ਕਿਹੜੀ ਕਿਤਾਬ ਕਿੱਥੇ ਹੈ। ਉਹਨਾਂ ਨੇ ਸਟਾਫ ਅਤੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਸਰੋਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਦਾ ਆਯੋਜਨ ਲਾਇਬ੍ਰੇਰੀ ਇੰਚਾਰਜ ਸ਼੍ਰੀਮਤੀ ਪੁਨੀਤ ਵੱਲੋਂ ਕੀਤਾ ਗਿਆ।

# ਜ਼ਿਲ੍ਹੇ ਵਿੱਚ ਕਰਵਾਈ ਗਈ ਜ਼ਿਲ੍ਹਾ ਬੈਡਮਿੰਟਨ ਚੈਂਪਿਅਨਸ਼ਿਪ ਜੂਨੀਅਰ ਅਤੇ ਸਬ ਜੂਨੀਅਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਿਲਾ ਬੈਡ-ਮਿੰਟਨ ਐਸੋਸ਼ੀਏਸ਼ਨ, ਨਵਾਂਸ਼ਹਿਰ ਵਲੋਂ ਮਿਊਸੀਪਲ ਬੈਡ-ਮਿੰਟਨ ਹਾਲ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਜਿਲਾ ਬੈਡਮਿੰਟਨ ਚੈਂਪਿਅਨਸ਼ਿਪ ਜੂ-ਨੀਅਰ ਅਤੇ ਸਬ ਜੂਨੀਅਰ ਕਰਵਾਈ ਗਈ। ਜਿਸ ਦਾ ਉਦਘਾਟਨ ਵਿਧਾਇਕ ਹਲਕਾ ਬਲਾਚੌਰ ਸ੍ਰੀਮਤੀ ਸੰਤੋਸ਼ ਕਟਾਰੀਆ ਅਤੇ ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ ਵਲੋਂ ਕੀਤਾ ਗਿਆ। ਇਸ ਚੈਂਪਿਅਨਸ਼ਿਪ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਲਕਾ ਇੰਨਚਾਰਜ ਨਵਾਂਸ਼ਹਿਰ ਸ੍ਰੀ ਲਲਿਤ ਮੋਹਨ ਪਾਠਕ, ਹਲਕਾ ਇੰਨਚਾਰਜ ਬੰਗਾ ਸ੍ਰੀ ਕੁਲਜੀਤ ਸਿੰਘ ਸਰਹਾਲ ਅਤੇ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਸ੍ਰੀ ਸਤਨਾਮ ਸਿੰਘ ਜਲਵਾਹਾ ਨੇ ਸਿਰਕਤ ਕੀਤੀ। ਇਸ ਮੌਕ ਤੇ ਜ਼ਿਲਾ ਬੈਡਮਿੰਟਨ ਐਸੋਸ਼ੀਏਸ਼ਨ ਵਲੋਂ ਆਏ ਹੋਏ ਮੁੱਖ ਮਹਿਮਾਨਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਚੈਂਪਿਅਨਸ਼ਿਪ ਵਿੱਚ ਬੈਡਮਿੰਟਨ ਖੇਡ ਨਾਲ ਸਬੰਧਤ ਉਮਰ ਵਰਗ ਦੇ ਅੰਡਰ-9, 11, 13, 15, 17, 19 ਸਾਲਾਂ ਦੇ ਜੂਨੀਅਰ ਅਤੇ ਸਬ-ਜੂਨੀਅਰ ਖਿਡਾਰੀਆਂ ਅਤੇ ਖਿਡਾਰਨਾਂ ਨੇ ਭਾਗ ਲਿਆ।



ਇਸ ਮੌਕੇ ਤੇ ਵਿਧਾਇਕ ਹਲਕਾ ਬਲਾਚੌਰ ਸ੍ਰੀਮਤੀ ਸੰਤੋਸ਼ ਕਟਾਰੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਇਸੇ ਲੜ੍ਹੀ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਨੌਜਵਾਨ ਸਮਾਜ ਵਿੱਚ ਬਦਲਾਅ ਲਿਆ ਸਕਦੇ ਹਨ। ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ ਨੇ ਨੌਜਵਾਨਾਂ ਨੂੰ ਪੜਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਰੁਚੀ ਰੱਖਣ ਅਤੇ ਖਿਡਾਰੀਆਂ ਨੂੰ ਨਸ਼ਾ ਮੁਕਤ ਰਹਿਣ ਦੀ ਅਪੀਲ ਕੀਤੀ ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਮੌਕੇ ਤੇ ਆਏ ਹੋਏ ਮੁੱਖ ਮਹਿਮਾਨਾਂ ਅਤੇ ਵਿਸ਼ੇਸ ਮਹਿਮਾਨਾਂ ਨੂੰ ਜ਼ਿਲਾ ਖੇਡ ਅਫਸਰ ਸ੍ਰੀਮਤੀ ਵੰਦਨਾ ਚੌਹਾਨ ਅਤੇ ਉਨਾਂ ਦੀ ਕਮੇਟੀ ਮੈਂਬਰਾਂ ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਤੇ ਸ੍ਰੀ ਰਜਿੰਦਰ ਗਿੱਲ ਪ੍ਰਿਸੀਪਲ, ਸ੍ਰੀ ਰੋਹਿਤ ਅਰੋੜਾ, ਸ੍ਰੀ ਜੀਆ ਲਾਲ, ਸ੍ਰੀ ਰਾਕੇਸ਼ ਗੰਗੜ, ਸ੍ਰੀ ਸੰਜੀਵ ਕੁਮਾਰ, ਸ੍ਰੀ ਰਾਹੁਲ ਸ਼ਾਹ ਅਤੇ ਪਦਵੰਤੇ ਵਿਅਕਤੀ ਹਾਜ਼ਰ ਸਨ।

# ਭੂਮੀ ਪਾਲ ਮੋਹਾਲੀ ਵੱਲੋਂ ਮਾਈਕਰੋ ਸਿੰਚਾਈ ਦੇ ਪ੍ਰਦਰਸ਼ਨੀ ਪਲਾਂਟ ਪ੍ਰੋਜੈਕਟ ਦਾ ਨਿਰੀਖਣ ਅਤੇ ਬੂਟੇ ਲਗਾਉਣ ਦੀ ਮੁਹਿੰਮ ਦਾ ਆਰੰਭ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–**ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਭੂਮੀ ਅਤੇ ਜਲ ਸੰਭਾਲ ਵਿਭਾਗ ਵੱਲੋਂ ਵੱਖ-ਵੱਖ ਤਰਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ।ਵਿਭਾਗ ਵੱਲੋਂ ਸਿੰਚਾਈ ਲਈ ਜਮੀਨਦੋਜ ਨਾਲੀਆਂ ਵਿਛਾਉਣ ਦੇ ਪ੍ਰੋਜੈਕਟ, ਤੁਪਕਾ ਤੇ ਫੁਹਾਰਾ ਸਿੰਚਾਈ ਵਿਧੀਆਂ ਨੂੰ ਪ੍ਰਫੁੱਲਤ ਕਰਨਾ, ਛੱਤਾਂ ਦੇ ਮੀਂਹ ਦੇ ਪਾਣੀ ਨੂੰ ਧਰਤੀ ਹੇਠ ਰੀਚਾਰਜ ਕਰਨਾ, ਨਹਿਰਾਂ ਤੋਂ ਪਾਈਪਲਾਈਨ ਵਿਛਾ ਕੇ ਖੇਤਾਂ ਦੀ ਸਿੰਚਾਈ ਕਰਨਾ, ਚੈੱਕ ਡੈਮ ਬਣਾਉਣਾ ਵਗੈਰਾ ਰਾਹੀਂ ਪਾਣੀ ਬਚਾਉਣ ਦੇ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਇਹਨਾਂ ਗਤੀਵਿਧੀਆਂ ਨੂੰ ਕਿਸਾਨਾਂ ਤੱਕ ਸਹੀ ਢੰਗ ਨਾਲ ਪਹੁੰਚਾਉਣ ਲਈ ਭੂਮੀ ਰੱਖਿਆ ਕੰਪਲੈਕਸ ਬਲਾਚੌਰ ਦੇ ਕਿਸਾਨ ਚੇਤਨਾ ਕੇਂਦਰ ਵਿਖੇ ਵੱਖ-ਵੱਖ ਤਰਾਂ ਦੀ ਸੂਖਮ ਸਿੰਚਾਈ ਵਿਧੀਆਂ ਦਾ ਪ੍ਰਦਰਸ਼ਨੀ ਪਲਾਂਟ ਨਾਬਾਰਡ ਦੇ ਸਹਿਯੋਗ ਨਾਲ ਲਗਾਇਆ ਗਿਆ ਹੈ। ਇਸ ਪ੍ਰਦਰਸ਼ਨੀ ਪਲਾਂਟ ਦਾ ਨਿਰੀਖਣ ਕਰਨ ਲਈ ਭੂਮੀ ਪਾਲ, ਮੋਹਾਲੀ ਸ੍ਰੀ ਅਰਵਿੰਦਰ ਸਿੰਘ ਜੀ ਵੱਲੋਂ ਅੱਜ ਦੌਰਾ ਕੀਤਾ ਗਿਆ। ਨਿਰੀਖਣ ਦੌਰਾਨ ਭੂਮੀਪਾਲ ਮੋਹਾਲੀ ਜੀ ਨੇ ਕਿਹਾ ਕਿ ਭੂਮੀ ਅਤੇ ਜਲ ਸੰਭਾਲ ਵਿਭਾਗ ਕਿਸਾਨਾਂ ਨੂੰ ਜਮੀਨ ਦੋਜ ਨਾਲੀਆਂ ਵਿਛਾਉਣ ਉੱਪਰ 50 ਫੀਸਦੀ ਸਬਸਿਡੀ ਮੁੱਹਈਆ ਕਰਵਾ ਰਿਹਾ ਹੈ ਅਤੇ ਤੁਪਕਾ ਤੇ ਫੁਹਾਰਾ ਸਿੰਚਾਈ ਸਕੀਮ ਅਧੀਨ 80 ਤੋਂ 90 ਫੀਸਦੀ ਸਬਸਿਡੀ ਮੁੱਹਈਆ ਕਰਵਾਈ ਜਾ ਰਹੀ ਹੈ। ਮੰਡਲ ਭੂਮੀ ਰੱਖਿਆ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਬਾਠ ਨੇ ਪ੍ਰਦਰਸ਼ਨੀ ਪਲਾਂਟ ਸਬੰਧੀ ਜਾਣਕਾਰੀ ਦਿੰਦੇ ਹੋਏ ਭੂਮੀ ਪਾਲ ਜੀ ਨੂੰ ਦੱਸਿਆ ਕਿ ਇਸ ਪਲਾਂਟ ਨੂੰ ਲਗਾਉਣ ਲਈ 38,000 ਲੀਟਰ ਦੀ ਸਮਰੱਥਾ ਵਾਲਾ ਪਾਣੀ ਦਾ ਟੈਂਕ ਬਣਾਇਆ ਗਿਆ ਹੈ ।ਜਿਸ ਤੋਂ ਤਿੰਨ ਹਾਰਸ ਪਾਵਰ ਦੀ ਮੋਟਰ ਨਾਲ ਪਾਣੀ ਲਿਫ਼ਟ ਕਰਕੇ ਰੇਨ ਗੰਨ, ਮਿੰਨੀ ਸਪਰਿੰਕਲਰ, ਮਾਈਕਰੋ ਸਪਰਿੰਕਲਰ, ਫੋਗਰ ਅਤੇ ਤੁਪਕਾ ਸਿੰਚਾਈ ਵਿਧੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਉਪਰ ਨਾਬਾਰਡ ਦੀ ਸਹਾਇਤਾ ਨਾਲ 13 ਲੱਖ ਰੁਪਏ ਖਰਚ ਕੀਤੇ ਗਏ ਹਨ। ਉਹਨਾ ਦੱਸਿਆ ਕਿ ਕੰਪਲੈਕਸ ਅੰਦਰ ਕਿਸਾਨ ਚੇਤਨਾ ਕੇਂਦਰ ਸਥਾਪਤ ਕੀਤਾ ਗਿਆ ਹੈ ਜਿੱਥੇ ਵੱਖ-ਵੱਖ ਜਿਲਿਆਂ ਤੋਂ ਵਿਭਾਗ ਦੇ ਕਰਮਚਾਰੀ ਅਤੇ ਕਿਸਾਨ ਸਿੰਚਾਈ ਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਸਿੰਚਾਈ ਸਕੀਮਾਂ ਨੂੰ ਅਪਨਾਉਣਗੇ। ਇਸ ਮੌਕੇ ਤੇ ਭੂਮੀ ਪਾਲ ਮੋਹਾਲੀ ਜੀ ਵੱਲੋਂ ਕੰਪਲੈਕਸ ਅੰਦਰ ਬੂਟਾ ਲਗਾ ਕੇ ਪਲਾਂਟੇਸ਼ਨ ਸਬੰਧੀ ਚਲਾਈ ਜਾ ਰਹੀ ਸਕੀਮ ਦਾ ਆਗਾਜ ਕੀਤਾ ਗਿਆ ।ਇਸ ਮੌਕੇ ਸ੍ਰੀ ਕ੍ਰਿਸ਼ਨ ਦੁੱਗਲ ਉਪ ਮੰਡਲ ਭੂਮੀ ਰੱਖਿਆ ਅਫ਼ਸਰ ਨਵਾਂਸ਼ਹਿਰ, ਸ੍ਰੀ ਦਵਿੰਦਰ ਕਟਾਰੀਆ ਉਪ ਮੰਡਲ ਭੂਮੀ ਰੱਖਿਆ ਅਫ਼ਸਰ ਬਲਾਚੌਰ ਪ੍ਰਦਰਸ਼ਨੀ ਪਲਾਂਟ ਲਗਾਉਣ ਵਾਲੀ ਅਵੀਕਾ ਐਗਰੀ ਇੰਜ ਤੋਂ ਇੰਦਰ ਕੁਮਾਰ ਅਤੇ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜਰ ਸਨ।



# ਪੇਂਡੂ ਮਜਦੂਰ ਯੂਨੀਅਨ ਵਲੋਂ ਬੀ ਡੀ ਪੀ ਓ ਦਫਤਰਾਂ ਅੱਗੇ ਧਰਨਿਆਂ ਦਾ ਐਲਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਮਜਦੂਰਾਂ ਦੀਆਂ ਮੰਗਾਂ ਨੂੰ ਲੈ ਕੇ 21 ਅਗਸਤ ਤੋਂ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਇਹ ਫ਼ੈਸਲਾ ਅੱਜ ਇੱਥੇ ਯੂਨੀਅਨ ਦੀ ਮੀਟਿੰਗ ਵਿਚ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜਿਲ੍ਹਾ ਆਗੂ ਕਮਲਜੀਤ ਸਨਾਵਾ ਨੇ ਦੱਸਿਆ ਕਿ ਇਹ ਧਰਨੇ ਪਿੰਡਾਂ ਵਿਚ ਲਾਲ ਲਕੀਰ ਅੰਦਰਲੀ ਜਮੀਨ ਦੇ ਮਾਲਕੀ ਹੱਕ ਦੇਣ, ਰਿਹਾਇਸ਼ੀ ਪਲਾਟ ਦੇਣ ਅਤੇ ਮਕਾਨ ਉਸਾਰੀ ਲਈ ਗ੍ਰਾਂਟ ਦੇਣ, ਜਮੀਨ ਦੀ ਮੁੜ ਵੰਡ ਲਈ ਹੱਦਬੰਦੀ ਕਾਨੂੰਨ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਜ਼ਮੀਨ ਤੋਂ ਵਾਧੂ ਜਮੀਨ ਬੇਜਮੀਨਿਆਂ ਵਿਚ ਬਰਾਬਰ ਵੰਡਣ, ਮਗਨਰੇਗਾ ਕਾਮਿਆਂ ਦੀ ਦਿਹਾੜੀ ਵਿਚ ਵਾਧਾ ਕਰਨ, ਸਾਰਾ ਸਾਲ ਕੰਮ ਦੇਣ ਅਤੇ ਸਮਾਜਿਕ ਜਬਰ ਬੰਦ ਕਰਨ ਆਦਿ ਮੰਗਾਂ ਨੂੰ ਲੈ ਕੇ ਦਿੱਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਮਾਨ ਸਰਕਾਰ ਪੇਂਡੂ ਮਜਦੂਰਾਂ ਨੂੰ ਲਾਲ ਲਕੀਰ ਅੰਦਰ ਜਮੀਨ ਦੇ ਮਾਲਕੀ ਦੇ ਹੱਕ ਦੇਣ ਦੇ ਕਈ ਵਾਰ ਵਾਅਦੇ ਕਰ ਚੁੱਕੀ ਹੈ, ਪਰ ਇਹ ਵਾਅਦੇ ਪੂਰੇ ਨਹੀਂ ਕੀਤੇ। ਸਨਾਵਾ ਨੇ ਕਿਹਾ ਕਿ ਜਮੀਨ ਦਾ ਹੱਦਬੰਦੀ ਕਨੂੰਨ ਬਣਿਆਂ ਅੱਧੀ ਸਦੀ ਤੋਂ ਵੱਧ ਸਮਾਂ ਬੀਤ ਗਿਆ ਹੈ, ਪਰ ਇਹ ਕਨੂੰਨ ਕਿਸੇ ਵੀ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ। ਜਿਸ ਕਾਰਨ ਜਮੀਨ ਦੀ ਕਾਣੀ ਵੰਡ ਵੱਡੇ ਪੱਧਰ ਉੱਤੇ ਮੌਜੂਦ ਹੈ ।ਇਹ ਕਨੂੰਨ ਲਾਗੂ ਕਰਕੇ ਵਾਧੂ ਜਮੀਨ ਬੇਜਮੀਨਿਆਂ ਵਿਚ ਵੰਡੀ ਜਾਵੇ।ਮਹਿੰਗਾਈ ਦੇ ਦੌਰ ਵਿਚ ਮਗਨਰੇਗਾ ਵਰਕਰਾਂ ਦੀ ਦਿਹਾੜੀ ਬਹੁਤ ਘੱਟ ਹੈ, ਇਹ ਦਿਹਾੜੀ ਵਧਾਈ ਜਾਵੇ ਅਤੇ ਮਗਨਰੇਗਾ ਵਰਕਰਾਂ ਦੇ ਮੇਟ ਦੀ ਚੋਣ ਵਰਕਰਾਂ ਦੇ ਇਜਲਾਸ ਵਿਚ ਕੀਤੀ ਜਾਵੇ। ਮਜਦੂਰ ਆਗੂ ਨੇ ਕਿਹਾ ਕਿ ਹਰ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਸਮਾਜਿਕ ਜਬਰ ਦੀਆਂ ਰੋਜ਼ ਵਾਪਰਦੀਆਂ ਘਟਨਾਵਾਂ ਉੱਤੇ ਚਿੰਤਾ ਪ੍ਰਗਟਾਉਂਦਿਆਂ ਉਹਨਾਂ ਕਿਹਾ ਕਿ ਅੱਜ ਜਦੋਂ ਮਨੁੱਖ ਨੇ ਵਿਗਿਆਨ ਰਾਹੀਂ ਅਨੇਕਾਂ ਲੱਭਤਾਂ ਰਾਹੀਂ ਬਹੁਤ ਤਰੱਕੀ ਕਰ ਲਈ ਹੈ। ਅਜਿਹੇ ਸਮੇਂ ਸਾਡੇ ਦੇਸ਼ ਵਿਚ ਸਮਾਜਿਕ ਜਬਰ ਆਮ ਵਰਤਾਰਾ ਬਣਿਆਂ ਹੋਇਆ ਹੈ। ਜਿਸਨੂੰ ਠੱਲ ਪਾਉਣੀ ਮੌਜੂਦਾ ਸਰਕਾਰ ਦਾ ਕੰਮ ਹੈ, ਪਰ ਇਹ ਵੱਧਦਾ ਹੀ ਜਾ ਰਿਹਾ ਹੈ। ਜਿਸਨੂੰ ਸਰਕਾਰ ਬੰਦ ਕਰੇ। ਮਾਈਕਰੋ ਫਾਇਨਾਂਸ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਗਰੀਬ ਲੋਕਾਂ ਲਈ ਤੰਦੂਆ ਜਾਲ ਬਣ ਗਿਆ ਹੈ, ਜਿਓਂ ਜਿਓਂ ਲੋਕ ਇਸ ਵਿਚੋਂ ਬਾਹਰ ਨਿਕਲਣ ਦੇ ਯਤਨ ਕਰਦੇ ਹਨ, ਤਿਓਂ ਤਿਓਂ ਇਸ ਵਿਚ ਹੋਰ ਫਸ ਰਹੇ ਹਨ। ਇਹ ਕੰਪਨੀਆਂ ਲੋਕਾਂ ਦੀ ਅੰਨ੍ਹੀ ਲੁੱਟ ਕਰ ਰਹੀਆਂ ਹਨ। ਸਰਕਾਰ ਲੋਕਾਂ ਨੂੰ ਇਸਦੀ ਜਕੜ ਵਿਚੋਂ ਬਾਹਰ ਕੱਢੇ। ਉਹਨਾਂ ਦੱਸਿਆ ਕਿ 21 ਅਗਸਤ ਨੂੰ ਸੜੋਆ, 22 ਅਗਸਤ ਨੂੰ ਨਵਾਂਸਹਿਰ ਅਤੇ 26 ਅਗਸਤ ਨੂੰ ਬਲਾਚੌਰ ਬੀ।ਡੀ।ਪੀ ਓਜ਼ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ।



# ਅੱਖਾਂ ਜਾਂ ਸਰੀਰ ਦਾਨ ਦੇ ਨੇਕ ਕਾਰਜ ਵਿੱਚ ਸਾਨੂੰ ਵੱਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ - ਡਾ: ਬਲਵਿੰਦਰ ਕੁਮਾਰ ਡਮਾਣਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡਮਾਣਾ ਨੇ ਜ਼ਿਲ੍ਹਾ ਆਈ ਐਸੋਸੀਏਸ਼ਨ ਹੁਸ਼ਿਆਰਪੁਰ ਨਾਲ ਮੀਟਿੰਗ ਕੀਤੀ। ਇਸ ਮੌਕੇ ਅੱਖਾਂ ਦਾਨ ਕਰਨ ਵਾਲੀ ਸੰਸਥਾ ਦੇ ਮੈਂਬਰਾਂ ਦੀ ਪ੍ਰੇਰਨਾ ਸਦਕਾ ਸ੍ਰੀਮਤੀ ਹਰਵਿੰਦਰ ਕੌਰ ਹੁਸ਼ਿਆਰਪੁਰ ਨੇ ਆਪਣੀ ਮੌਤ ਉਪਰੰਤ ਡਾਕਟਰੀ ਖੋਜ ਲਈ ਆਪਣਾ ਸਰੀਰ ਦਾਨ ਕਰਨ ਦਾ ਪ੍ਰਣ ਲੈਂਦਿਆਂ ਫਾਰਮ ਭਰੇ ਅਤੇ ਪਿੰਡ ਚੌਟਾਲਾ ਦੇ ਸਰਬਜੀਤ ਸਿੰਘ ਨੇ ਵੀ ਫਾਰਮ ਭਰੇ ਅਤੇ ਆਪਣੀਆਂ ਅੱਖਾਂ ਦਾਨ ਕਰਨ ਦਾ ਪ੍ਰਣ ਲਿਆ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਵੀ ਮੌਜੂਦ ਸਨ। ਇਸ ਦੌਰਾਨ ਸਿਵਲ ਸਰਜਨ ਡਾ।ਡਮਾਣਾ ਅਤੇ ਅੱਖਾਂ ਦਾਨ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਸਰੀਰ ਅਤੇ ਅੱਖਾਂ ਦਾਨ ਕਰਨ ਵਾਲੇ ਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ: ਡਮਾਣਾ ਨੇ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਇਸ ਨੇਕ ਕਾਰਜ ਲਈ ਦੇਹ ਦਾਨੀਆਂ ਅਤੇ ਅੱਖਾਂ ਦਾਨ ਕਰਨ ਵਾਲਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੇਕਰ ਇਸ ਨਾਸ਼ਵਾਨ ਸਰੀਰ ਨੂੰ ਮਨੁੱਖਤਾ ਦੀ ਭਲਾਈ ਲਈ ਸਾੜਨ ਜਾਂ ਦਫ਼ਨਾਉਣ ਦੀ ਬਜਾਏ ਦਾਨ ਕੀਤਾ ਜਾਵੇ ਤਾਂ ਇਸ ਨਾਲ ਮਨੁੱਖਤਾ ਦੀ ਭਲਾਈ ਲਈ ਮਦਦ ਮਿਲੇਗੀ। ਅੱਖਾਂ ਜਾਂ ਸਰੀਰ ਦਾਨ ਕਰਨਾ ਮਹਾਨ ਕਾਰਜ ਹੈ। ਸਾਨੂੰ ਸਾਰਿਆਂ ਨੂੰ ਦੇਸ਼ ਦੀ ਸੇਵਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਡਾਕਟਰੀ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਹੋਈ ਅਥਾਹ ਤਰੱਕੀ ਸਦਕਾ ਅੱਜ ਇਹ ਸੰਭਵ ਹੋ ਗਿਆ ਹੈ ਕਿ ਅਸੀਂ ਕਿਸੇ ਨੂੰ ਵੀ ਅੰਗ ਦਾਨ ਕਰ ਸਕਦੇ ਹਾਂ ਅਤੇ ਆਪਣੇ ਸਰੀਰ ਦੇ ਕੁਝ ਅੰਗ ਵੀ ਦਾਨ ਕਰ ਸਕਦੇ ਹਾਂ। ਇਸ ਤਰ੍ਹਾਂ ਦੀ ਮਹਾਨ ਸੇਵਾ ਕਿਸੇ ਦੀ ਜਾਨ ਬਚਾ ਸਕਦੀ ਹੈ। ਡਾਕ-ਟਰੀ ਖੋਜ ਅਤੇ ਵਿਦਿਅਕ ਉਦੇਸ਼ਾਂ ਲਈ ਮੌਤ ਤੋਂ ਬਾਅਦ ਲੋਕਾਂ ਦੁਆਰਾ ਸੰਪੂਰਨ ਸਰੀਰ ਦਾਨ ਕੀਤੇ ਜਾ ਰਹੇ ਹਨ। ਅੱਖਾਂ ਦਾ ਦਾਨ ਉਨ੍ਹਾਂ ਅੰਗ ਦਾਨਾਂ ਵਿੱਚੋਂ ਇੱਕ ਹੈ ਜੋ ਕਿਸੇ ਨੇਤਰਹੀਣ ਵਿਅਕਤੀ ਦੇ ਜੀਵਨ ਦੇ ਹਨੇਰੇ ਵਿੱਚ ਰੌਸ਼ਨੀ ਲਿਆ ਸਕਦਾ ਹੈ। ਸਾਡੀਆਂ ਦਾਨ ਕੀਤੀਆਂ ਅੱਖਾਂ ਮਰਨ ਤੋਂ ਬਾਅਦ ਵੀ ਜਿਉਂਦੀਆਂ ਰਹਿ ਸਕਦੀਆਂ ਹਨ ਅਤੇ ਕਿਸੇ ਦੀ ਹਨੇਰੀ ਦੁਨੀਆਂ ਨੂੰ ਰੌਸ਼ਨ ਕਰ ਸਕਦੀਆਂ ਹਨ। ਜੇਕਰ ਅਸੀਂ ਅੱਖਾਂ ਦੀ ਰੌਸ਼ਨੀ ਤੋਂ ਬਿਨਾਂ ਇਸ ਸੁੰਦਰ ਜੀਵਨ ਨੂੰ ਜਿਊਣ ਬਾਰੇ ਸੋ-ਚੀਏ ਤਾਂ ਸਾਡੇ ਸਾਹਮਣੇ ਹਨੇਰਾ ਦਿਖਾਈ ਦੇਣ ਲੱਗਦਾ ਹੈ ਅਤੇ ਇੱਕ ਅਜੀਬ ਜਿਹੀ ਘਬਰਾਹਟ ਦੀ ਭਾਵਨਾ ਵੀ ਸ਼ੁਰੂ ਹੋ ਜਾਂਦੀ ਹੈ ਇਸ ਮੌਕੇ ਸੰਸਥਾ ਦੇ ਸਰਪ੍ਰਸਤ ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ ਨੇ ਕਿਹਾ ਕਿ ਸਮਾਜ ਸੇਵਾ ਲਈ ਸਰੀਰ ਦਾਨ ਕਰਨਾ ਚਾਹੀਦਾ ਹੈ। ਜਾਂ ਅੰਗ ਰੂਪ ਵਿੱਚ ਇੱਕ ਮਹਾਨ ਨੇਕੀ ਦਾ ਕੰਮ ਹੈ। ਇਸ ਲਈ ਸਾਰਿਆਂ ਨੂੰ ਇਸ ਨੇਕ ਕਾਰਜ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰੀਰ ਦਾਨ ਜਾਂ ਅੱਖਾਂ ਦਾਨ ਲਈ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਫਾਰਮ ਲਈ ਸਿਵਲ ਹਸਪਤਾਲ ਸਥਿਤ ਅੱਖਾਂ ਦਾਨ ਵਿੰਗ ਨਾਲ ਸੰਪਰਕ ਕਰੋ।



# ਉੱਘੇ ਅੰਬੇਡਕਰੀ ਆਗੂ ਡਾ. ਰਾਮ ਲਾਲ ਜੱਸੀ ਦਾ ਦੇਹਾਂਤ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ



**ਜਲੰਧਰ (ਜਸਪਾਲ ਕੁਮਾਰ)-** ਲਗ ਭਗ ਛੇ ਦਹਾਕਿਆਂ ਤੋਂ ਅੰਬੇਡਕਰੀ ਵਿਚਾਰਧਾਰਾ ਦੇ ਪਾਸਾਰ ਤੇ ਪ੍ਰਚਾਰ ਲਈ ਸਰਗਰਮ ਅੰਬੇਡਕਰ ਭਵਨ ਜਲੰਧਰ ਦੇ ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ ਜਿਨ੍ਹਾਂ ਦਾ 31 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ, ਮੁਹੱਲਾ ਰਾਮ ਨਗਰ ਦੇ ਸ਼ਮਸ਼ਾਨ ਘਾਟ ਵਿਖੇ ਉਹਨਾਂ ਦਾ ਬੁੱਧ ਰੀਤੀ ਅਨੁਸਾਰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਦੀ ਵਿਸ਼ੇਸ਼ ਗੱਲ ਇਹ ਸੀ ਕਿ ਉਨ੍ਹਾਂ ਦੇ ਬੇਟਿਆਂ ਦੇ ਨਾਲ ਚਿਖਾ ਨੂੰ ਅਗਨੀ ਦੇਣ ਦੀ ਰਸਮ ਪਰਿਵਾਰ ਦੀਆਂ ਲੜਕੀਆਂ ਨੇ ਅਦਾ ਕੀਤੀ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਹਾਜ਼ਰ ਉਨ੍ਹਾਂ ਦੇ ਸਨੇਹੀਆਂ ਤੋਂ ਇਲਾਵਾ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਜਲੰਧਰ ਦੇ ਟਰੱਸਟੀ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸਮੂਹ ਮੈਂਬਰ ਵੀ ਸ਼ਾਮਿਲ ਹੋਏ।

# ਡਿੰਪੀ ਰੈਸਟੋਰੈਂਟ ਵਿੱਚ ਤੀਆਂ ਦੇ ਤਿਉਹਾਰ ਤੇ ਗਿੱਧੇ ਨਾਲ ਮੁਟਿਆਰਾਂ ਨੇ ਮਚਾਈ ਧੂਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**–ਮੈਡਮ ਸੀਮਾ ਅਰੋੜਾ ਦੀ ਯੋਗ ਅਗਵਾਈ ਵਿੱਚ ਅੱਜ ਬੰਗਾ ਦੇ ਡਿੰਪੀ ਰੈਸ-ਟੋਰੈਂਟ ਵਿਖੇ "ਤੀਆਂ ਦਾ ਤਿਉਹਾਰ" ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਬੰਗਾ ਦੇ ਵੱਖ ਵੱਖ ਵਾਰਡਾਂ ਅਤੇ ਆਸ ਪਾਸ ਦੇ ਪਿੰਡਾਂ ਦੀਆਂ ਮੁਟਿਆਰਾਂ ਨੇ ਪੰਜਾਬੀ ਵੇਸ਼ ਭੂਸ਼ਾ ਵਿਚ ਸਜ ਕੇ ਭਾਗ ਲਿਆ। ਇਸ ਸਭਿਆਚਾਰਕ ਪ੍ਰੋਗਰਾਮ ਵਿੱਚ ਮਿਸ ਪੰਜਾਬਣ ਅਮਨਦੀਪ ਅਰੋੜਾ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਹਾਜ਼ਰ ਹੋਏ। ਇਸ ਮੌਕੇ ਸੀਮਾ ਅਰੋੜਾ ਅਤੇ ਉਨ੍ਹਾਂ ਦੀ ਟੀਮ ਨੇ ਬਹੁਤ ਹੀ ਗਰਮਜੋਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਸੀਮਾ ਅਰੋੜਾ ਨੇ ਕਿਹਾ ਕਿ ਆਪਣੇ ਸਭਿਆਚਾਰ ਨੂੰ ਸੰਭਾਲਣ ਲਈ ਸਾਨੂੰ ਹਰ ਸਾਲ ਇਹੋ ਜਿਹੇ ਪ੍ਰੋਗਰਾਮ ਰਲ ਮਿਲ ਕੇ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਾਡਾ ਸਭਿਆਚਾਰ ਬਹੁਤ ਹੀ ਅਮੀਰ ਸਭਿਆਚਾਰ ਹੈ ਜੋ ਆਪਸੀ ਪਿਆਰ ਅਤੇ ਮਿਲਵਰਤਨ ਦੀ ਭਾਵਨਾ ਪੈਦਾ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਮੁਟਿਆਰਾਂ ਨੇ ਪੰਜਾਬੀ ਸਭਿਆਚਾਰ ਨਾਲ ਸਬੰਧਿਤ ਗੀਤ ਪੇਸ਼ ਕੀਤੇ। ਇਸ ਮੌਕੇ ਘੋੜੀਆਂ, ਬੋਲੀਆਂ, ਗਿੱਧਾ, ਭੰਗੜਾ, ਲੋਕ ਨਾਚ, ਕੁਰਸੀ ਗੇਮ, ਗੁਬਾਰਾ ਗੇਮ ਅਤੇ ਕੋਰਿਓਗ੍ਰਾਫੀਆਂ ਪੇਸ਼ ਕਰਕੇ ਖੂਬ ਮਨੋਰੰਜਨ ਕੀਤਾ। ਗਿੱਧੇ ਦੀ ਵਾਰੀ ਸਮੇਂ ਵਿਸ਼ੇਸ਼ ਮਹਿਮਾਨ ਅਮਨਦੀਪ ਅਰੋੜਾ, ਸੀਮਾ ਅਰੋੜਾ ਅਤੇ ਹੋਰ ਸਾਥਣਾਂ ਨੇ ਜਿੱਥੇ ਨੱਚ ਨੱਚ ਕੇ ਧਮਾਲਾਂ ਪਾਈਆਂ ਉੱਥੇ ਛੱਜ ਕੁੱਟ ਕੁੱਟ ਕੇ ਸਾਰਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਸੋਨੂੰ ਸੋਢੀ, ਨੇਹਾ ਬੱਗਾ, ਹਰਪ੍ਰੀਤ ਕੌਰ, ਸੀਮਾ ਅਰੋੜਾ, ਗੁਰਪ੍ਰੀਤ ਕੌਰ, ਕਸ਼ਿਸ਼ ਸੇਠੀ, ਅਰਚਨਾ, ਆਰਤੀ ਅਰੋੜਾ, ਦਿਪਾਂਸ਼ੀ, ਰਿਤਿਕਾ ਝੰਡੇਰਾਂ, ਪੱਲਵੀ ਜੰਡਿਆਲਾ ਆਦਿ ਵੀ ਹਾਜਰ ਸਨ।



# ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ 'ਚ ਛੇਵੀਂ ਜਮਾਤ ਲਈ ਰਜਿਸਟ੍ਰੇਸ਼ਨ 16 ਸਤੰਬਰ ਤੱਕ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਮੁਫ਼ਤ ਅਤੇ ਉੱਚ ਗੁਣਵੱਤਾ ਵਾਲੀ ਆਧੁਨਿਕ ਸਿੱਖਿਆ ਦੇਣ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਫਲਾਹੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ ਸਿੱਖਿਆ ਵਾਲੇ ਰਿਹਾਇਸ਼ੀ ਪੀ।ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਚ ਵਿੱਦਿਅਕ ਸਾਲ 2025-26 ਦੀ ਛੇਵੀਂ ਜਮਾਤ ਲਈ ਆਨਲਾਈਨ ਰਜਿਸਟ੍ਰੇਸ਼ਨ 16 ਸਤੰਬਰ 2024 ਤੱਕ ਲਿੰਕ ਹਟਟਪਸ://ਨਅਵੋਦਐਅ।ਗੋਵ।ਨਿ/ਨਵਸ/ਇਨ/8ਮਏ1 'ਤੇ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰੀਖਿਆ 18 ਜਨਵਰੀ 2025 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੋਣ ਸੈਂਟਰਾਂ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਤੀਜੀ ਜਮਾਤ 2022-23, ਚੌਥੀ ਜਮਾਤ 2023-24 ਵਿਚ ਲਗਾਤਾਰ ਪੜ੍ਹਿਆ ਹੋਵੇ, ਵਿਦਿਅਕ ਸਾਲ 2024-25 ਵਿਚ ਪੰਜਵੀ ਜਮਾਤ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੜ੍ਹਦਾ ਹੋਵੇ ਅਤੇ 31 ਜੁਲਾਈ 2024 ਤੋਂ ਪਹਿਲਾਂ ਪੰਜਵੀਂ ਜਮਾਤ ਵਿਚ ਦਾਖ਼ਲ ਹੋਇਆ ਹੋਵੇ। ਉਸਦਾ ਜਨਮ 1 ਮਈ 2013 ਤੋਂ 31 ਜੁਲਾਈ 2015 (ਦੋਹਾਂ ਤਾਰੀਕਾ ਸਮੇਤ) ਤੱਕ ਹੋਇਆ ਹੋਵੇ। ਉਨ੍ਹਾਂ ਕਿਹਾ ਕਿ ਪੱਛੜੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰਾਂ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ. ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਉਹ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਵਾਉਣ। ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੋਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਪੰਜਵੀਂ ਜਮਾਤ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣ। ਜੇਕਰ ਕਿਸੇ ਨੂੰ ਰਜਿਸਟ੍ਰੇਸ਼ਨ ਵਿਚ ਕੋਈ ਸਮੱਸਿਆ ਆਵੇ ਤਾਂ ਜਵਾਹਰ ਨਵੋਦਿਆ ਵਿਦਿਆਲਿਆ ਦੇ ਫੋਨ ਨੰਬਰ 01882-289393 'ਤੇ ਕੰਮਕਾਜ਼ ਵਾਲੇ ਦਿਨ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਵਿਦਿਆਲਿਆ ਦੇ ਹੈਲਪ ਸੈਂਟਰ ਵਿਚ 3 ਵਜੇ ਤੱਕ ਆਪ ਜਾ ਕੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਲਿਆ ਵਿਚ ਬੱਚਿਆਂ ਨੂੰ ਆਧੁਨਿਕ ਸਿੱਖਿਆ, ਖਾਣਾ, ਰਿਹਾਇਸ਼, ਕਾਪੀਆਂ-ਕਿਤਾਬਾਂ, ਖੇਡਾਂ, ਕੰਪਿਊਟਰ ਸਿੱਖਿਆ, ਵਰਦੀਆਂ, ਸਿਹਤ ਸੇਵਾਵਾਂ ਮੁਫ਼ਤ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਚਰਿੱਤਰ ਉਸਾਰੀ ਅਤੇ ਸਰਵਪੱਖੀ ਵਿਕਾਸ 'ਤੇ ਜ਼ੋਰ ਦਿੱਤਾ ਜਾਂਦਾ ਹੈ।



# ਪੰਜਾਬੀ ਗਾਇਕ ਅੰਗਰੇਜ਼ ਅਲੀ ਦਾ ਕੀਤਾ ਯੂਕੇ ਵਿੱਚ ਗੋਲਡ ਮੈਡਲ ਨਾਲ ਸਨਮਾਨ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)-** ਆਪਣੀ ਦਮਦਾਰ ਆਵਾਜ਼ ਅਤੇ ਲਾਜਵਾਬ ਸਟੇਜੀ ਪੇਸ਼ਕਾਰੀ ਕਰਕੇ ਅਨੇਕਾਂ ਸੰਗੀਤ ਪ੍ਰੇਮੀਆ ਦੇ ਹਰਮਨ ਪਿਆਰੇ ਪ੍ਰਸਿੱਧ ਗਾਇਕ ਅੰਗਰੇਜ਼ ਅਲੀ ਦਾ ਇੰਗਲੈਂਡ ਵਿੱਚ ਕਬੱਡੀ ਕਲੱਬ ਵੱਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਸਮੇਤ ਸਮੂਹ ਅਹੁਦੇਦਾਰਾਂ ਨੇ ਦੱਸਿਆ ਕਿ ਗਾਇਕ ਅੰਗਰੇਜ਼ ਅਲੀ ਜਿੱਥੇ ਇੱਕ ਉੱਚ ਕੋਟੀ ਦੇ ਗਵਈਏ ਹਨ, ਉੱਥੇ ਸਾਡੀ ਇਸ ਸਿੰਘ ਸਭਾ ਕਲੱਬ ਸਾਲੋ ਨਾਲ ਲਈ ਸਮੇਂ ਸਮੇਂ ਤੇ ਖੜਦੇ ਆਏ ਹਨ। ਇਸ ਮੌਕੇ ਉਹਨਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਗਾਇਕ ਅੰਗਰੇਜ਼ ਅਲੀ ਯੂ ਕੇ ਵਿੱਚ ਆ ਕੇ ਆਪਣੀਆਂ ਲਾਜਵਾਬ ਸਟੇਜੀ ਪੇਸ਼ਕਾਰੀਆਂ ਨਾਲ ਪੰਜਾਬੀਆਂ ਅਤੇ ਪੰਜਾਬੀਅਤ ਦੀ ਸੇਵਾ ਕਰਦੇ ਆ ਰਹੇ ਹਨ। ਇਸ ਮੌਕੇ ਗਾਇਕ ਅੰਗਰੇਜ ਅਲੀ ਨੇ ਆਪਣੇ ਇਸ ਸਨਮਾਨ ਲਈ ਸਮੂਹ ਸਿੰਘ ਸਭਾ ਕਲੱਬ ਸਾਲੋ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਹਰ ਸਮੇਂ ਹਰ ਮੌਕੇ ਇਸ ਕਲੱਬ ਦੀ ਸੇਵਾ ਵਿੱਚ ਹਾਜ਼ਰ ਹਨ। ਇਸ ਮੌਕੇ ਯੂ ਕੇ ਦੇ ਐਮ ਪੀ ਤਰਮਨਜੀਤ ਸਿੰਘ ਢੇਸੀ ਵਲੋਂ ਵੀ ਗਾਇਕ ਅੰਗਰੇਜ਼ ਅਲੀ ਦੀ ਗਾਇਕੀ ਦੀ ਸਲਾਘਾ ਕੀਤੀ। ਉਹਨਾਂ ਕਿਹਾ ਕਿ ਗਾਇਕ ਅੰਗਰੇਜ਼ ਅਲੀ ਅੰਦਰ ਗਾਇਕੀ ਦੇ ਨਾਲ-ਨਾਲ ਦੋਸਤੀ ਬਣਾਉਣ ਤੇ ਪੁਗਾਉਣੀ ਉਹਨਾਂ ਦੀ ਸ਼ਖਸ਼ੀਅਤ ਵਿੱਚ ਸਭ ਤੋਂ ਅਹਿਮ ਖਾਸੀਅਤ ਤੇ ਇੱਕ ਹੋਰ ਵੀ ਵੱਡਾ ਗੁਣ ਹੈ। ਇਸ ਮੌਕੇ ਕਲੱਬ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।



# ਡਰੋਲੀ ਕਲਾਂ ਵਿੱਚ ਲੱਗੇ ਅੱਖਾਂ ਦੇ ਕੈਂਪ ਦੌਰਾਨ ਚੁਣੇ ਗਏ ਮਰੀਜ਼ਾਂ ਦੇ ਹੋਏ ਅਪ੍ਰੇਸ਼ਨ

**ਅਲਾਵਲਪੁਰ (ਮਦਨ ਬੰਗੜ)-** ਬੀਤੇ ਦਿਨ ਪ੍ਰਧਾਨ ਜਥੇਦਾਰ ਮਨੋਹਰ ਸਿੰਘ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਹਮਸਫ਼ਰ ਯੂਥ ਕਲੱਬ, ਸਿਵਲ ਹਸਪਤਾਲ ਐਮ ਓ ਜਲੰਧਰ ਦੀ ਦੇਖ ਰੇਖ ਹੇਠ ਸਫਲਤਾ ਪੂਰਵਕ ਸੰਪੰਨ ਕੀਤੇ । ਸਾਰੇ ਮਰੀਜ਼ਾਂ ਨੂੰ ਆਪਣੀਆ ਅੱਖਾਂ ਸੰਬੰਧੀ ਧਿਆਨ ਰੱਖਣ ਦੀ ਹਿਦਾਇਤ ਕੀਤੀ ਗਈ।



ਐਸ ਐਮ ਓ ਮੈਡਮ ਗੁਰਪ੍ਰੀਤ ਕੌਰ ਅਤੇ ਦੁਆਬੇ ਦੀ ਸਿਰਮੌਰ ਸੰਸਥਾ ਸ਼ਹੀਦ ਬਾਬਾ ਮੱਤੀਂ ਸਾਹਿਬ ਸੇਵਾ ਸੁਸਾਇਟੀ ਡਰੋਲੀ ਕਲਾਂ ਆਦਮਪੁਰ ਦੁਆਬਾ ਵੱਲੋਂ ਸਾਂਝੇ ਤੌਰ ਤੇ ਮਾਨਵਤਾ ਦੀ ਸੇਵਾ ਨੂੰ ਮੁੱਖ ਰੱਖਦਿਆਂ ਅੱਖਾਂ ਦਾ ਫ੍ਰੀ ਚੈਕਅਪ ਮੈਡੀਕਲ ਕੈਂਪ ਲਗਾਇਆ ਗਿਆ।

ਜਿਸ ਵਿੱਚ 213 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਜਰੂਰਤ ਅਨੁਸਾਰ ਮਰੀਜ਼ਾਂ ਦੇ ਅਪ੍ਰੇਸ਼ਨ ਸਿਵਲ ਹਸਪਤਾਲ ਜਲੰਧਰ ਵਿਖੇ ਮੈਡਮ ਗੁਰਪ੍ਰੀਤ ਕੌਰ ਐਸ

ਇਸ ਦੌਰਾਨ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਲਈ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਮੈਮੋਰੀਅਲ ਪਬਲਿਕ ਸਕੂਲ ਦੇ ਸਮੂਹ ਪ੍ਰਬੰਧਕਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ । ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਆਪਣਾਂ ਵੱਡਮੁੱਲਾ ਯੋਗਦਾਨ ਪਾਉਣ ਵਾਲਿਆਂ ਚ ਵਿਸ਼ੇਸ਼ ਤੌਰ ਤੇ ਭਾਈ ਸੁਖਜੀਤ ਸਿੰਘ ਸੇਵਾਦਾਰ ਸ਼ਹੀਦ ਬਾਬਾ ਮੱਤੀਂ ਸਾਹਿਬ ਦਾ ਸੇਵਾ ਸੁਸਾਇਟੀ ਡਰੋਲੀ ਕਲਾਂ ਸਮੂਹ ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ।

# ਉੜੀਸਾ ਵਿੱਚ ਸਬਮਰਸੀਬਲ ਪੰਪਾਂ ਦੇ ਰੂਪ 'ਚ ਸ਼ੁਰੂ ਕੀਤੀ ਛਬੀਲ ਦੀ ਸੇਵਾ ਤਿੰਨ ਮਹੀਨੇ ਤੋਂ ਨਿਰੰਤਰ ਅੱਜ ਵੀ ਜਾਰੀ ਹੈ - ਭਾਈ ਰਾਮ ਸਿੰਘ ਮੈਗੜਾ

**ਫਗਵਾੜਾ (ਬੀ. ਕੇ. ਰੱਤੂ)-** ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਟੀਮ ਫਰਾਂਸ ਅਤੇ ਭਾਰਤ ਵੱਲੋਂ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਭਾਰਤ ਦੇ ਸੂਬਾ (ਉੜੀਸਾ) ਦੇ ਜੰਗਲਾਂ ਵਿੱਚ ਆਦਿ-ਵਾਸੀ ਜ਼ਰੂਰਤ ਮੰਦ ਇਲਾਕੀਆਂ ਵਿੱਚ (ਸਬਮਰਸੀਬਲ ਪੰਪਾਂ) ਦੀ ਛਬੀਲ ਜੋ ਕੇ ਤਿੰਨ ਜੂਨ ਤੋ ਸ਼ੁਰੂ ਕੀਤੀ ਗਈ ਸੀ, ਉਹ ਅੱਜ ਤਿੰਨ ਅਗਸਤ ਤਿੰਨ ਮਹੀਨੇ ਪੂਰੇ ਹੋਣ 'ਤੇ ਵੀ ਅੱਜ ਲਗਾਤਾਰ ਜਾਰੀ ਹੈ। ਪ੍ਰੈਸ ਨੂੰ ਇਹ ਜਾਣਕਾਰੀ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਗੜਾਂ ਨੇ ਦਿੰਦੀਆਂ ਦੱਸਿਆ ਉਹਨਾਂ ਕਿਹਾ ਕੇ ਸਬਮਰਸੀਬਲ ਪੰਪਾਂ ਦੀ ਇਹ ਛਬੀਲ ਉੜੀਸਾ ਦੇ ਆਦਿ-ਵਾਸੀ ਜ਼ਰੂਰਤਮੰਦ ਇਲਾਕੀਆਂ ਵਿੱਚ ਲਗਵਾਈ ਗਈ ਹੈ। ਜਿੱਥੇ ਉੱਥੇ ਦੇ ਲੋਕ ਛੱਪੜਾਂ ਟੋਬਿਆਂ ਦਾ ਗੰਦਾ ਪਾਣੀ ਪੀ ਕੇ ਗੁਜ਼ਾਰਾ ਕਰਦੇ ਹਨ, ਜਿਸ ਨਾਲ ਇਹਨਾਂ ਲੋਕਾਂ ਨੂੰ ਬਹੁਤ ਹੀ ਭਿਆਨਕ ਤੋਂ ਭਿਆਨਕ ਬਿਮਾਰੀਆਂ ਲੱਗ ਜਾਦੀਆਂ ਹਨ ਅਤੇ ਇਹ ਲੋਕ ਸਿੱਧੇ ਹੀ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਇੱਥੇ ਦੱਸਣਯੋਗ ਹੈ ਕੇ ਅੱਜ ਵੀ ਕੁੱਝ ਆਪੇ ਬਣੇ ਉਚ ਜਾਤੀ ਦੇ ਜਾਤ ਹੰਕਾਰੀ ਲੋਕ ਇਹਨਾਂ ਨੂੰ ਆਪਣੇ ਖੂਹਾਂ ਨਲਕਿਆਂ ਤੋਂ ਅੱਜ ਵੀ ਵਰਤਣ ਲਈ ਪਾਣੀ ਨਹੀਂ ਭਰਨ ਦਿੰਦੇ। ਇਹਨਾਂ ਗਰੀਬ, ਦੁੱਖੀ, ਮਜ਼ਬੂਰ, ਲਾਚਾਰਾ, ਬੇਵੱਸਾਂ ਦੀ ਇਸ ਮੁਸ਼ਕਲ ਨੂੰ ਵੇਖਦੀਆਂ ਹੋਇਆਂ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਤੇ ਭਾਰਤ ਨੇ ਸਬਮਰਸੀਬਲ ਪੰਪਾਂ ਦੀ ਸੇਵਾ ਸੂਰੂ ਕੀਤੀ ਹੈ। ਜੋ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਸੰਸਥਾ ਵੱਲੋਂ ਜਿਹਨਾਂ ਗੁਰੂ ਘਰਾਂ ਦੀਆਂ ਸੰਗਤਾਂ ਅਤੇ ਉੱਥੋਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਹੁਣ ਤੱਕ ਸੇਵਾਵਾ ਸਹਿਯੋਗ ਕੀਤਾ ਗਿਆ ਹੈ, ਬੇਗਮਪੁਰਾ ਏਡ ਇੰਟਰਨੈਸ਼ਨਲ ਉਹਨਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹੈ। ਸੰਸਥਾ ਵੱਲੋਂ ਸੰਸਾਰ ਭਰ ਵਿੱਚ ਅਤੇ ਹੋਰਨਾਂ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਇਸ ਮਹਾਨ ਕਾਰਜ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਬੇਨਤੀ ਵੀ ਕੀਤੀ ਗਈ। ਸੰਗਤਾਂ ਨੂੰ ਅਪੀਲ ਕਰਦੀਆਂ ਭਾਈ ਰਾਮ ਸਿੰਘ ਮੈਗੜਾਂ ਜੀ ਨੇ ਕਿਹਾ ਹੈ ਕਿ ਜੇ ਚਾਰ ਪੰਜ ਐਨ.ਆਰ. ਆਈ. ਵੀਰ ਰਲਕੇ ਮਿਲਕੇ ਵੀ ਇੱਕ -ਇੱਕ ਸਬਮਰਸੀਬਲ ਪੰਪ ਦੀ ਵੀ ਸੇਵਾ ਕਰ ਸਕਦੇ ਹਨ ਅਤੇ ਇਸ ਮਹਾਨ ਮਹਾਂਦਾਨ ਵਿੱਚ ਹਿੱਸਾ ਪਾ ਕੇ ਇਹਨਾਂ ਜ਼ਰੂਰਤਮੰਦ ਲੋਕਾਂ ਦੀ ਬਾਂਹ ਫੜ ਸਕਦੇ ਹਨ।



# ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸੀਨੀਅਰ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਦੇ 3 ਜੇਤੂ ਖਿਡਾਰੀਆਂ ਦਾ ਸਨਮਾਨ

**ਸੰਗਰੂਰ, (ਦਲਜੀਤ ਕੌਰ)** ਪਿਛਲੇ ਹਫ਼ਤੇ ਗੋਆ ਵਿਖੇ ਹੋਈ ਸੀਨੀਅਰ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਆਪਣੀ ਖੇਡ ਪ੍ਰਤਿਭਾ ਸਦਕਾ ਸੋਨ ਤਗ਼ਮੇ ਤੇ ਕਾਂਸੀ ਤਗ਼ਮਾ ਜਿੱਤਣ ਵਾਲੇ 3 ਖਿਡਾਰੀਆਂ ਨੂੰ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਨਮਾਨਿਤ ਕਰਦਿਆਂ ਭਵਿੱਖ ਵਿੱਚ ਹੋਰ ਵੱਡੀਆਂ ਮੱਲਾਂ ਮਾਰਨ ਦਾ ਸੱਦਾ ਦਿੱਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੋਚ ਜਸਪ੍ਰੀਤ ਸਿੰਘ ਢੀਂਡਸਾ ਅਤੇ ਜੇਤੂ ਖਿਡਾਰੀਆਂ ਹਰਸ਼ਪ੍ਰੀਤ ਸਿੰਘ, ਅਕਾਸ਼ਦੀਪ ਸਿੰਘ ਤੇ ਇਸ਼ੂ ਦੀ ਇਸ ਮਾਣਮੱਤੀ ਪ੍ਰਾਪਤੀ ਲਈ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਿਹਨਤ, ਨਿਰੰਤਰ ਅਭਿਆਸ ਤੇ ਲਗਨ ਨਾਲ ਕੋਈ ਵੀ ਮੀਲ ਪੱਥਰ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਖੇਡਾਂ ਦੇ ਖੇਤਰ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਦਰਜ ਕਰਕੇ ਨਾ ਕੇਵਲ ਆਪਣੇ ਜ਼ਿਲ੍ਹੇ ਬਲਕਿ ਸੂਬੇ ਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਿਹ ਖੁਸ਼ੀ ਦੀ ਗੱਲ ਹੈ ਕਿ ਕਿੱਕ ਬਾਕਸਿੰਗ ਵਿੱਚ ਨੌਜਵਾਨਾਂ ਦਾ ਉਤਸ਼ਾਹ ਪਹਿਲਾਂ ਨਾਲੋਂ ਕਾਫ਼ੀ ਵਧਿਆ ਹੈ ਅਤੇ ਪੰਜਾਬ ਸਰਕਾਰ ਵੀ ਸੂਬੇ ਵਿੱਚ ਖੇਡ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਅਹਿਮ ਉਪਰਾਲੇ ਕਰ ਰਹੀ ਹੈ।



ਇਸ ਮੌਕੇ ਕੋਚ ਜਸਪ੍ਰੀਤ ਸਿੰਘ ਢੀਂਡਸਾ ਨੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਏ।ਡੀ।ਸੀ (ਵਿਕਾਸ) ਵਰਜੀਤ ਵਾਲੀਆ ਤੇ ਸਹਾਇਕ ਕਮਿਸ਼ਨਰ ਉਪਿੰਦਰ-ਜੀਤ ਕੌਰ ਬਰਾੜ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰਸ਼ਪ੍ਰੀਤ ਸਿੰਘ ਨੇ 60 ਕਿਲੋ ਭਾਰ ਵਰਗ ਤਹਿਤ ਹੋਏ ਫੁੱਲ ਕਨੈਕਟ ਮੁਕਾਬਲੇ ਵਿੱਚ ਸੋਨ ਤਗਮਾ, ਅਕਾਸ਼ਦੀਪ ਸਿੰਘ ਨੇ 91 ਪਲੱਸ ਕਿਲੋ ਭਾਰ ਵਰਗ ਤਹਿਤ ਲੋਅ ਕਿੱਕ ਮੁਕਾਬਲੇ ਵਿੱਚ ਸੋਨ ਤਗ਼ਮਾ ਅਤੇ ਇਸ਼ੂ ਨੇ 57 ਕਿਲੋ ਭਾਰ ਵਰਗ ਦੇ ਲਾਈਟ ਕਨੈਕਟ ਮੁਕਾਬਲੇ ਵਿੱਚ ਕਾਂਸੀ ਤਗ਼ਮਾ ਹਾਸਲ ਕੀਤਾ ਹੈ। ਉਨ੍ਹਾਂ ਨੇ ਖਿਡਾਰੀਆਂ ਨੂੰ ਸਮੇਂ ਸਮੇਂ 'ਤੇ ਅੱਗੇ ਵਧਣ ਲਈ ਨਿਰੰਤਰ ਹੱਲਾਸ਼ੇਰੀ ਦਿੰਦੇ ਰਹਿਣ ਲਈ ਡਿਪਟੀ ਕਮਿਸ਼ਨਰ ਸਮੇਤ ਹੋਰਨਾਂ ਅਧਿਕਾਰੀਆਂ ਦਾ ਧੰਨਵਾਦ ਵੀ ਕੀਤਾ।

# 27ਵਾਂ 5 ਰੋਜ਼ਾ ਵਿਸ਼ਾਲ 'ਸਿਰਜਣਾ' ਸਮਰ-ਕੈਂਪ ਸੰਪੰਨ

## ਬੱਚਿਆਂ ਨੂੰ ਕਲਾ ਦੀ ਚੇਟਕ ਲਾਉਣ ਲਈ ਸਖ਼ਸ਼ੀਅਤ ਉਸਾਰੀ ਦਾ ਉਪਰਾਲਾ

ਲਹਿਰਾਗਾਗਾ, (ਦਲਜੀਤ ਕੌਰ ) ਪਿਛਲੇ ਪੰਜ ਦਿਨਾਂ ਤੋਂ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਚੱਲ ਰਿਹਾ 27ਵਾਂ 5 ਰੋਜ਼ਾ 'ਬਾਲ ਸਖ਼ਸ਼ੀਅਤ ਉਸਾਰੀ ਕੈਂਪ' ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਿਆ। ਵਾਤਾਵਰਨ ਨੂੰ ਸਮਰਪਿਤ ਕੀਤੇ ਇਸ ਵਿਸ਼ਾਲ-ਕੈਂਪ ਦੌਰਾਨ ਕਰੀਬ 2000 ਬੱਚਿਆਂ ਨੇ ਭਾਗ ਲਿਆ।



ਇਸ ਕੈਂਪ ਦੌਰਾਨ ਬੱਚਿਆਂ ਨੇ ਰੰਗਮੰਚ, ਚਿੱਤਰਕਾਰੀ, ਘੋੜਸਵਾਰੀ, ਮਿੱਟੀ ਦੇ ਖਿਡੌਣੇ ਅਤੇ ਭਾਂਡੇ ਬਣਾਉਣਾ, ਦਸਤਾਵੇਜ਼ੀ-ਫਿਲਮਾਂਕਣ, ਗੀਤ-ਸੰਗੀਤ, ਮਾਰਸ਼ਲ-ਆਰਟ, ਡਿਜ਼ਾਈਨ-ਵਰਕਸ਼ਾਪ ਅਤੇ ਮੰਚ-ਸੰਚਾਲਨ ਸਮੇਤ 11 ਕਲਾਵਾਂ ਨੂੰ ਸਿੱਖਣ ਲਈ ਯਤਨ ਕੀਤੇ। ਜਿੱਥੇ ਹਰ ਰੋਜ਼ ਬੱਚੇ ਤੈਅ ਕੀਤੇ ਰੰਗ ਦੇ ਕੱਪੜੇ ਪਾਉਂਦੇ ਸਨ, ਨਾਲ ਹੀ ਮੱਡ-ਗੇਮ ਵਿੱਚ ਉਤਸ਼ਾਹ ਨਾਲ ਭਾਗ ਲੈਂਦੇ ਰਹੇ। ਇਹ ਖੇਡ ਸਭ ਤੋਂ ਵੱਧ ਖਿੱਚ ਦਾ ਕਾਰਣ ਬਣੀ ਰਹੀ।

ਯਸ਼ ਸੰਗਰੂਰ ਦੀ ਨਿਰਦੇਸ਼ਨਾ ਹੇਠ ਬੱਚਿਆਂ ਨੇ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ। ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਅਤੇ ਮੈਡਮ ਅਮਨ ਢੀਂਡਸਾ ਨੇ ਕਿਹਾ ਕਿ ਭਾਵੇਂ ਇਸ ਵਾਰ ਜੂਨ ਮਹੀਨੇ ਪੰਜਾਬ-ਸਰਕਾਰ ਦੀਆਂ ਹਦ-ਾਇਤਾਂ ਨੂੰ ਵੇਖਦਿਆਂ 10 ਦਿਨਾਂ ਦਾ ਕੈਂਪ ਨਹੀਂ ਲਗਾਇਆ ਜਾ ਸਕਿਆ। ਪ੍ਰੰਤੂ ਇਹਨਾਂ ਪੰਜ ਦਿਨਾਂ ਦੌਰਾਨ ਇਸ ਖੱਪੇ ਨੂੰ ਭਰਨ ਦਾ ਸੁਹਿਰਦ ਯਤਨ ਕੀਤਾ ਗਿਆ। ਉਹਨਾਂ ਕਿਹਾ ਕਿ ਬਿਨਾਂ ਕਿਸੇ ਫੀਸ ਤੋਂ ਸਕੂਲ ਦੇ ਸਾਰੇ ਹੀ ਵਿਦਿਆਰਥੀਆਂ ਨੂੰ ਇਸ ਕੈਂਪ ਵਿੱਚ ਮੌਕਾ ਦਿੱਤਾ ਗਿਆ। ਉਹਨਾਂ ਦੱਸਿਆ ਕਿ ਸੀਬਾ ਦਾ 'ਸਿਰਜਣਾ' ਕੈਂਪ ਪੰਜਾਬ ਦਾ ਸਭ ਤੋਂ ਵਿਸ਼ਾਲ-ਕੈਂਪ ਹੈ। ਕੈਂਪ ਦੌਰਾਨ ਹੁੰਦੀਆਂ ਗਤੀਵਿਧੀਆਂ ਨੂੰ ਫੈਡਰੇਸ਼ਨ ਆਫ਼ ਸਕੂਲ ਐਸੋਸੀਏਸ਼ਨ ਆਫ਼ ਪੰਜਾਬ ਨੇ ਵੀ ਸਲਾਹਿਆ ਹੈ। ਕੈਂਪ ਕੋਆਰਡੀਨੇਟਰ ਹਰਵਿੰਦਰ ਸਿੰਘ ਅਤੇ ਪ੍ਰਿੰਸੀਪਲ ਮੈਡਮ ਸੁਨੀਤਾ ਨੰਦਾ ਨੇ ਕਿਹਾ ਕਿ ਭਾਵੇਂ ਇਹਨਾਂ 5 ਦਿਨਾਂ ਵਿੱਚ ਬੱਚੇ ਕਿਸੇ ਕਲਾ ਵਿੱਚ ਸੰਪੂਰਨ ਤਾਂ ਨਹੀਂ ਹੋ ਜਾਂਦੇ, ਪਰ ਉਹ ਜ਼ਿੰਦਗੀ ਦੀ ਪਹਿਲੀ ਪੌੜੀ ਉੱਪਰ ਹੀ ਆਪਣੀ ਸ਼ਖ਼ਸੀਅਤ ਨੂੰ ਨਿਖਾਰਣਾ ਜਰੂਰ ਸਿੱਖ ਲੈਂਦੇ ਹਨ।

# ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਹੀ ਦਿੱਤਾ ਜਾਵੇ: ਡਾ. ਕਿਰਪਾਲ ਸਿੰਘ

**ਸੰਗਰੂਰ, (ਦਲਜੀਤ ਕੌਰ)** ਸਿਹਤ ਵਿਭਾਗ ਸੰਗਰੂਰ ਵੱਲੋਂ 1 ਤੋਂ 7 ਅਗਸਤ ਤੱਕ ਵਿਸ਼ਵ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਜਾਗਰੁਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ ਜਿਸ ਦੀ ਰਸਮੀ ਸ਼ੁਰੂਆਤ ਅੱਜ ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਸਿਵਲ ਹਸਪਤਾਲ ਸੰਗਰੂਰ ਤੋਂ ਕੀਤੀ। ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੁਆਰਾ ਸਮੇਂ ਸਮੇਂ ਤੇ ਪ੍ਰਕਾਸ਼ਿਤ ਖੋਜ ਰਿਪੋਰਟਾਂ ਅਨੁਸਾਰ ਬੱਚਿਆਂ ਦੀ ਸਿਹਤ, ਪੋਸ਼ਣ ਅਤੇ ਵਿਕਾਸ ਲਈ ਮਾਂ ਦਾ ਦੁੱਧ ਲਾਜ਼ਮੀ ਹੈ। ਉਨ੍ਹਾਂ ਨੇ ਕਿਹਾ ਕਿ ਬੱਚੇ ਦੇ ਜਨਮ ਤੋਂ 1 ਘੰਟੇ ਦੇ ਅੰਦਰ ਮਾਂ ਦਾ ਦੁੱਧ ਸ਼ੁਰੂ ਕਰਵਾਉਣਾ ਅਤੇ ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਹੀ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਬਾਅਦ ਪੂਰਕ ਖੁਰਾਕ ਦੇ ਨਾਲ-ਨਾਲ ਘਟੋਂ ਘੱਟ 2 ਸਾਲ ਤੱਕ ਮਾਂ ਦਾ ਦੁੱਧ ਜਾਰੀ ਰੱਖਣਾ ਚਾਹੀਦਾ ਹੈ।




ਉਨ੍ਹਾਂ ਕਿਹਾ ਕਿ ਮਾਂ ਦੇ ਦੁੱਧ ਨੂੰ ਉਚਿਤ ਸਮੇਂ ਤੱਕ ਜਾਰੀ ਨਾ ਰੱਖਣ ਦੇ ਕਾਰਨ ਬੱਚਿਆਂ ਵਿੱਚ ਨਿਮੋਨਿਆ ਅਤੇ ਡਾਇਰਿਆ ਦਾ ਖ਼ਤਰਾ ਵੱਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਾਂ ਦਾ ਦੁੱਧ ਬੱਚੇ ਦੇ ਮਾਨਸਿਕ, ਸਰੀਰਕ ਅਤੇ ਸਰਵਪੱਖੀ ਵਿਕਾਸ ਲਈ ਲਾਭਦਾਇਕ ਹੈ। ਉਹਨਾਂ ਕਿਹਾ ਕਿ ਮਾਂ ਆਪਣੇ ਬੱਚੇ ਦੇ ਜਨਮ ਦੇ ਪਹਿਲੇ ਦੋ ਤਿੰਨ ਦਿਨਾਂ ਦੌਰਾਨ ਆਪਣਾ ਪਹਿਲਾਂ ਗਾੜਾ ਜਾਂ ਪੀਲੇ ਰੰਗ ਦਾ ਦੁੱਧ ਜਿਸ ਨੂੰ ਬੋਲਾ ਦੁੱਧ ਕਹਿੰਦੇ ਹਨ ਜਰੂਰ ਪਿਲਾਏ ,ਬੱਚੇ ਦਾ ਜਨਮ ਹੋਣ ਉਪਰੰਤ ਮਾਂ ਦੇ ਦੁੱਧ ਤੋਂ ਪਹਿਲਾਂ ਹੋਰ ਕੋਈ ਚੀਜ਼ ਨਹੀਂ ਦੇਣੀ ਚਾਹੀਦੀ ਆਪਣੇ ਬੱਚੇ ਨੂੰ ਕਿਸੇ ਪ੍ਰਕਾਰ ਦੀ ਗੁੜ੍ਹਤੀ ਨਹੀਂ ਦੇਣੀ ਚਾਹੀਦੀ। ਜੇਕਰ ਮਾਂ ਖੁਦ ਬਿਮਾਰ ਹੈ ਤਾਂ ਵੀ ਆਪਣੇ ਬੱਚੇ ਨੂੰ ਬਿਨਾਂ ਕਿਸੇ ਨੁਕਸਾਨ ਡਰ ਤੋਂ ਦੁੱਧ ਪਿਲਾਉਣਾ ਚਾਹੀਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਆਪਣੇ ਬੱਚੇ ਨੂੰ ਛੇ ਮਹੀਨੇ ਤੋਂ ਬਾਅਦ ਹੀ ਠੋਸ ਖੁਰਾਕ ਦੇਣੀ ਸ਼ੁਰੂ ਕਰਨੀ ਚਾਹੀਦੀ ਹੈ। ਮਾਂ ਦਾ ਦੁੱਧ ਓਪਰੇ ਦੁੱਧ ਨਾਲੋਂ ਹਮੇਸ਼ਾ ਲਾਭਦਾਇਕ ਹੁੰਦਾ ਹੈ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਅੰਜੂ ਸਿੰਗਲਾ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ: ਇੰਦਰਜੀਤ ਸਿੰਗਲਾ, ਸੀਨੀਅਰ ਮੈਡੀਕਲ ਅਫ਼ਸਰ ਡਾ ਸੰਜੇ ਕਾਮਰਾ, ਔਰਤ ਰੋਗਾਂ ਦੇ ਮਾਹਰ ਡਾ. ਹਰਪ੍ਰੀਤ ਕੌਰ ਰੇਖੀ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸਰੋਜ ਰਾਣੀ, ਮਲਟੀਪਰਪਜ ਹੈਲਥ ਸੁਪਰਵਾਈਜ਼ਰ ਫੀਮੇਲ ਅਮਰਜੀਤ ਕੌਰ, ਮ.ਪ.ਹ.ਵ. (ਮੇਲ) ਯਾਦਵਿੰਦਰ ਸਿੰਘ, ਮ.ਪ.ਕਹ.ਵ (ਫੀਮੇਲ) ਸਰਬਜੀਤ ਕੌਰ, ਗਗਨਪਾਲ ਕੌਰ ਆਦਿ ਹਾਜ਼ਰ ਸਨ।

# ਰੈਡ ਕਰਾਸ ਵਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਰੈਡ ਕਰਾਸ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵਿਖੇ ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਵਸ ਸਬੰਧੀ



ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਸ. ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਕੀਤੀ। ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਊਧਮ ਸਿੰਘ ਭਾਰਤ ਦੀ ਆਜ਼ਾਦੀ ਦੀ ਲਹਿਰ ਦੀ ਜਾਣੀ-ਪਛਾਣੀ ਹਸਤੀ ਸੀ। ਉਨ੍ਹਾਂ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਵੀ ਕਿਹਾ ਜਾਂਦਾ ਹੈ। ਉਹ ਗਦਰ ਪਾਰਟੀ ਨਾਲ ਸਬੰਧਤ ਇੱਕ ਭਾਰਤੀ ਇਨਕਲਾਬੀ ਸੀ। ਉਹਨਾਂ ਨੂੰ ਮਾਈਕਲ ਓਡਵਾਇਰ ਦੀ ਹੱਤਿਆ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਹੈ। ਇਹ ਕਤਲ 1919 ਵਿੱਚ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ ਸਾਕੇ ਦਾ ਬਦਲਾ ਲੈਣ ਲਈ ਕੀਤਾ ਗਿਆ ਸੀ। ਜਿਸ ਲਈ ਓਡਵਾਇਰ ਜ਼ਿੰਮੇਵਾਰ ਸੀ ਅਤੇ ਜਿਸ ਵਿੱਚੋਂ ਉਹ ਖੁਦ ਬਚਿਆ ਸੀ। ਬਾਅਦ ਵਿੱਚ ਉਸ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਦੋਸ਼ੀ ਠਹਿਰਾਇਆ ਗਿਆ ਅਤੇ 31 ਜੁਲਾਈ 1940 ਨੂੰ ਫਾਂਸੀ ਦੇ ਦਿੱਤੀ ਗਈ। ਹਿਰਾਸਤ ਵਿੱਚ ਰਹਿਣ ਦੌਰਾਨ, ਉਸਨੇ 'ਰਾਮ ਮੁਹੰਮਦ ਸਿੰਘ ਆਜ਼ਾਦ' ਨਾਮ ਦੀ ਵਰਤੋਂ ਕੀਤੀ। ਜੋ ਭਾਰਤ ਵਿੱਚ ਤਿੰਨ ਪ੍ਰਮੁੱਖ ਧਰਮਾਂ ਅਤੇ ਉਸਦੀ ਬਸਤੀਵਾਦ ਵਿਰੋਧੀ ਭਾਵਨਾ ਨੂੰ ਦਰਸਾਉਂਦਾ ਹੈ। ਕਮਲਜੀਤ ਕੌਰ ਅਤੇ ਜਸਵਿੰਦਰ ਕੌਰ (ਕੌਂਸਲਰ) ਨੇ ਵੀ ਸ: ਊਧਮ ਸਿੰਘ ਦੇ ਜੀਵਨ ਬਾਰੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਮਨਜੀਤ ਸਿੰਘ, ਹਰਪ੍ਰੀਤ ਕੌਰ, ਪਰਵੇਸ਼ ਕੁਮਾਰ, ਜਸਵਿੰਦਰ ਕੌਰ, ਗੁਰਬਖਸ ਕੌਰ, ਸੀਮਾ ਰਾਣੀ ਅਤੇ ਕੈਦੀ ਹਾਜ਼ਰ ਸਨ।

# ਪ੍ਰਬੁੱਧ ਭਾਰਤ ਫਾਉਡੈਂਸਨ ਵੱਲੋਂ 15 ਵੀ ਪੁਸਤਕ ਪ੍ਰਤੀਯੋਗਤਾ ਲਈ ਪਿੰਡ ਮੱਲ੍ਹਾਂ ਬੇਦੀਆਂ ਬਣਾਇਆ ਗਿਆ ਸੈਂਟਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪ੍ਰਬੁੱਧ ਭਾਰਤ ਫਾਉਡੈਂਸਨ ਫਗਵਾੜਾ ਪੰਜਾਬ ਵੱਲੋਂ ਕਰਵਾਈ ਜਾ ਰਹੀ 15 ਵੀਂ ਪੁਸਤਕ ਪ੍ਰਤੀਯੋਗਤਾ ਲਈ ਪਿੰਡ ਮੱਲ੍ਹਾਂ ਬੇਦੀਆਂ ਨਜ਼ਦੀਕ ਔੜ ਜਿਲ੍ਹਾ ਸ:ਭ:ਸ: ਨਗਰ ਨਵਾਂਸ਼ਹਿਰ ਵਿਖੇ ਬੱਚਿਆਂ ਦੇ ਪੇਪਰ ਪਾਉਣ ਲਈ ਸੈਂਟਰ ਬਣਾਇਆ ਗਿਆ ਹੈ। ਪ੍ਰੈਸ ਨੂੰ ਇਹ ਜਾਣਕਾਰੀ ਮਿਸ਼ਨਰੀ ਲੇਖਕ ਤੇ ਗਾਇਕ



ਨੇਕਾ ਮੱਲ੍ਹਾਂ ਬੇਦੀਆਂ ਨੇ ਦਿੰਦੀਆਂ ਦੱਸਿਆ ਕਿ ਪ੍ਰਬੁੱਧ ਭਾਰਤ ਫਾਉਡੈਂਸਨ ਫਗਵਾੜਾ ਵੱਲੋਂ ਹਰੇਕ ਸਾਲ ਬਾਬਾ ਸਾਹਿਬ ਡਾ।ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਸੰਘਰਸ਼ ਤੇ ਕਿਤਾਬ ਵਿੱਚੋਂ ਲਿਆ ਜਾਂਦਾ ਹੈ, ਤਾਂ ਕਿ ਬਾਬਾ ਸਾਹਿਬ ਜੀ ਦੇ ਜੀਵਨ ਸੰਘਰਸ਼ ਤੋਂ ਬੱਚੇ ਸੇਧ ਲੈ ਕੇ ਚੰਗਾ ਜੀਵਨ ਬਤੀਤ ਕਰਨ। ਇਹ ਪ੍ਰਤੀਯੋਗਤਾ ਵਿੱਚ ਪਹਿਲੇ ਦੂਜੇ ਤੀਜੇ ਨੰਬਰ ਤੇ ਆਉਣ ਵਾਲੇ ਬੱਚਿਆਂ ਨੂੰ ਕ੍ਰਮਵਾਰ 50,000 / 20,000 / 10,000 /ਇਨਾਮ ਵੀ ਦਿੱਤੇ ਜਾਣਗੇ। ਬੱਚਿਆਂ ਨੂੰ ਪੇਪਰ ਪਾਉਣ ਲਈ ਤਿਆਰ ਕਰਨ ਦੀ ਜ਼ਿੰਮੇਵਾਰੀ ਬਾਬੂ ਧੰਨਾ ਸਿੰਘ ਅਤੇ ਵਿੱਕੀ ਬਾਗਲਾ ਨਿਭਾ ਰਹੇ ਹਨ। ਬੱਚਿਆਂ ਨੂੰ ਪੇਪਰ ਪਾਉਣ ਲਈ ਕਿਤਾਬਾਂ ਵੀ ਦੇ ਦਿੱਤੀਆਂ ਗਈਆਂ ਹਨ ਤਾਂ ਜੋ ਬੱਚੇ ਕਿਤਾਬਾਂ ਪੜ੍ਹਕੇ ਮਿਹਨਤ ਕਰਕੇ ਪੇਪਰ ਪਾ ਸਕਣ। ਇਹ ਪੁਸਤਕ ਪ੍ਰਤੀਯੋਗਤਾ 25 ਅਗਸਤ ਨੂੰ ਹੋ ਰਹੀ ਹੈ।

# ਭਾਸ਼ਾ ਵਿਭਾਗ ਵਿਖੇ ਪੁਸਤਕ ਵਿਕਰੀ ਕੇਂਦਰ ਦਾ ਉਦਘਾਟਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਭਾਸ਼ਾ ਵਿਭਾਗ ਪੰਜਾਬ, ਪਾਠਕਾਂ ਨੂੰ ਘੱਟ ਕੀਮਤ 'ਤੇ ਵਧੀਆ ਸਾਹਿਤ ਉਪਲੱਬਧ ਕਰਵਾਉਣ ਲਈ ਯਤਨਸ਼ੀਲ ਹੈ। ਪੁਸਤਕ ਪ੍ਰੇਮੀਆਂ ਲਈ ਇਹ ਖੁਸ਼ੀ ਵਾਲੀ ਗੱਲ ਹੈ ਕਿ ਭਾਸ਼ਾ ਵਿਭਾਗ ਦੇ ਨਵਾਂਸ਼ਹਿਰ ਦਫ਼ਤਰ ਵਿਖੇ ਪੁਸਤਕ ਵਿਕਰੀ ਕੇਂਦਰ ਦਾ ਉਦਘਾਟਨ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦੁਆਰਾ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਬੋਲਦਿਆਂ ਕਿਹਾ ਕਿ ਪੁਸਤਕ ਮਨੁੱਖ ਦੀ ਸੱਚੀ ਦੋਸਤ ਹੈ ਅਤੇ ਇਹ ਮਨੁੱਖ ਨੂੰ ਹਰ ਮੁਸ਼ਕਿਲ ਵਿੱਚੋਂ ਬਾਹਰ ਕੱਢਣ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ। ਸਾਨੂੰ ਸਾਰਿਆਂ ਨੂੰ ਆਪਣੇ ਘਰ ਵਿੱਚ ਵੱਧ ਤੋਂ ਵੱਧ ਕਿਤਾਬਾਂ ਰੱਖਣੀਆਂ ਚਾਹੀਦੀਆਂ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਵੀ ਕਿਤਾਬਾਂ ਦੇ ਲੜ ਲੱਗ ਸਕੇ। ਲੈਕਚਰਾਰ ਬਲਵੀਰ ਕੁਮਾਰ ਨੇ ਕਿਹਾ ਕਿ ਕਿਤਾਬਾਂ ਦੀ ਮਨੁੱਖ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਤਾ ਹੈ। ਭਾਵੇਂ ਕਿ ਤਕਨਾਲੋਜੀ ਦੇ ਯੁੱਗ ਵਿੱਚ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਫਿਰ ਵੀ ਕਿਤਾਬ ਦਾ ਕੋਈ ਵੀ ਬਦਲ ਨਹੀਂ ਹੈ। ਪ੍ਰਸਿੱਧ ਗਜ਼ਲਗੋ ਕੁਲਵਿੰਦਰ ਕੁੱਲਾ ਨੇ ਕਿਹਾ ਕਿ ਪੁਸਤਕਾਂ ਪੜ੍ਹਨ ਨਾਲ ਜਿੱਥੇ ਮਨੁੱਖੀ ਸੋਚ ਵਿਕਾਸ ਕਰਦੀ ਹੈ ਉੱਥੇ ਹੀ ਮਨੁੱਖ ਦੀ ਸੋਚ ਨੂੰ ਹਾਂ ਪੱਖੀ ਬਣਾਉਣ ਵਿੱਚ ਵੀ ਸਹਾਈ ਹੁੰਦੀ ਹੈ। ਮਾਸਟਰ ਕੇਵਲ ਰਾਮ ਨੇ ਕਿਹਾ ਕਿ ਪੁਸਤਕਾਂ ਮਨੁੱਖ ਦੇ ਦੁੱਖ ਸੁੱਖ ਦੀਆਂ ਸਾਥੀ ਹੁੰਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਅਤੇ ਬੱਚਿਆਂ ਨੂੰ ਖ਼ਾਸ ਦਿਨ ਉੱਪਰ ਤੋਹਫ਼ੇ ਦੇ ਰੂਪ ਵਿੱਚ ਪੁਸਤਕਾਂ ਦੇਣੀਆਂ ਚਾਹੀਦੀਆਂ ਹਨ। ਅੰਤ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਨੇ ਕਿਹਾ ਕਿ ਭਾਸ਼ਾ



ਵਿਭਾਗ ਨੇ ਪਾਠਕਾਂ ਨੂੰ ਪੁਸਤਕਾਂ ਨਾਲ ਜੋੜਨ ਲਈ ਬਹੁਤ ਸਾਰੀਆਂ ਧਾਰਮਿਕ, ਇਤਿਹਾਸਕ ਅਤੇ ਸਾਹਿਤਕ ਪੁਸਤਕਾਂ ਬਹੁਤ ਹੀ ਘੱਟ ਕੀਮਤ ਉੱਪਰ ਉਪਲੱਬਧ ਕਰਵਾਈਆਂ ਹਨ। ਪੁਸਤਕ ਪ੍ਰੇਮੀ ਭਾਸ਼ਾ ਵਿਭਾਗ ਦੀਆਂ ਪੁਸਤਕਾਂ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਤੋਂ ਖ਼ਰੀਦ ਸਕਦੇ ਹਨ। ਇਸ ਮੌਕੇ ਭਾਸ਼ਾ ਵਿਭਾਗ ਤੋਂ ਅਰਸ਼ਦੀਪ ਸਿੰਘ, ਹਨੀ ਕੁਮਾਰ, ਚਰਨਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਰਹੇ।

# ਗ਼ਰਕਦੀ ਨਿਆਂ ਪ੍ਰਣਾਲੀ ਨਾਲ ਨਿਆਂ ਕੌਣ ਕਰੇ?



ਡਾ. ਧਰਮਪਾਲ ਸਾਹਿਲ
9876156964

ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜੱਜ ਡੀ.ਵਾਈ. ਚੰਦਰਚੂੜ ਨੇ ਸੁਪਰੀਮ ਕੋਰਟ ਦੀ 75ਵੀਂ ਵਰ੍ਹੇ ਗੰਢ ਤੇ ਬੋਲਦਿਆਂ ਇਸ ਗੱਲ ਨੂੰ ਕਬੂਲਿਆ ਕਿ ਲੋਕ ਅਦਾਲਤੀ ਪ੍ਰਕ੍ਰਿਆ ਤੋਂ ਐਨੇ ਅੱਕ-ਥੱਕ ਗਏ ਹਨ ਕਿ ਉਹ ਕਿਸੇ ਵੀ ਤਰ੍ਹਾਂ ਸਮਝੌਤਾ ਕਰਨਾ ਚਾਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਅਦਾਲਤ ਨਾ ਆਉਣਾ ਪਵੇ। ਅਦਾਲਤੀ ਪ੍ਰਕ੍ਰਿਆ ਉਨ੍ਹਾਂ ਲਈ ਸਜਾ ਬਣ ਜਾਣ ਕਾਰਨ ਪਟੀਸ਼ਨਰ ਘੱਟ ਰਾਸ਼ੀ ਤੇ ਵੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੇ ਹਨ। ਹਾਲਾਂਕਿ ਉਹ ਜਿਆਦਾ ਰਾਸ਼ੀ ਦੇ ਹੱਕਦਾਰ ਹੁੰਦੇ ਹਨ। ਉਨ੍ਹਾਂ ਨੇ ਇਸ ਨੂੰ ਭਿਆਨਕ ਸਥਿਤੀ ਦੱਸਦਿਆਂ ਇਸ ਤੇ ਚਿੰਤਾ ਪ੍ਰਗਟ ਕੀਤੀ। ਇਸੇ ਸੰਦਰਭ ਵਿੱਚ ਹੀ ਲੋਕ ਸਭਾ ਦੇ ਚਲ ਰਹੇ ਅਜਲਾਸ ਵਿੱਚ ਦੇਸ਼ ਦੇ ਕਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੇਸ਼ ਭਰ ਵਿੱਚ ਵੱਖੋ-ਵੱਖਰੀਆਂ ਅਦਾਲਤਾਂ ਵਿੱਚ ਲਟਕੇ ਪਏ ਅਦਾਲਤੀ ਮਾਮਲਿਆਂ ਦੀ ਜਾਣਕਾਰੀ ਦਿੰਦਿਆਂ ਜਿਹੜੀ ਅਸਲ ਤਸਵੀਰ ਪੇਸ਼ ਕੀਤੀ ਹੈ ਉਹ ਸੁਣ ਕੇ ਸਾਡੀ ਨਿਆਂ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਭਿਆਨਕ ਮੰਜ਼ਰ ਸ੍ਹਾਮਣੇ ਆਇਆ ਹੈ। ਮੰਤਰੀ ਵਲੋਂ ਲੋਕ ਸਭਾ ਵਿੱਚ ਜ਼ਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਪੰਜ ਕਰੋੜ ਤੋਂ ਵੱਧ ਅਦਾਲਤੀ ਕੇਸ ਨਿਆਂ ਦੇ ਇੰਤਜ਼ਾਰ ਵਿੱਚ ਰੁਕੇ ਹੋਏ ਹਨ।ਇਨ੍ਹਾਂ ਵਿੱਚੋਂ 84045 ਸੁਪਰੀਮ ਕੋਰਟ ਵਿੱਚ, 6011678 ਮਾਮਲੇ ਹਾਈ ਕੋਰਟਾਂ ਵਿੱਚ, ਅਤੇ 45351913 (ਸਾਡੇ ਚਾਰ ਕਰੋੜ ਤੋਂ ਵੱਧ) ਹੇਠਲੀਆਂ ਅਦਾਲਤਾਂ ਵਿੱਚ ਲਟਕੇ ਹੋਏ ਹਨ। ਇਨ੍ਹਾਂ ਦਾ ਕੁੱਲ ਆਂਕੜਾਂ 51447636 ਬਣਦਾ ਹੈ ਅਤੇ ਇਨ੍ਹਾਂ ਵਿੱਚੋਂ ਸਭ ਤੋਂ ਵੱਧ 1.18 ਕਰੋੜ ਕੇਸ ਇੱਕਲੇ ਉੱਤਰ ਪ੍ਰਦੇਸ਼ ਵਿੱਚ ਹੀ ਲਟਕੇ ਹੋਏ ਹਨ। ਉਨ੍ਹਾਂ ਨੇ ਸਟੇਟ ਵਾਈਜ ਵੀ ਅਜਿਹੇ ਰੁਕੇ ਹੋਏ ਕੇਸਾਂ ਦੇ ਵੇਰ੍ਹਵੇ ਪੇਸ਼ ਕੀਤੇ।

ਕਨੂੰਨ ਮੰਤਰੀ ਮੇਘਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਕੇਵਲ ਕੇਂਦਰ ਸਰਕਾਰ ਨਾਲ ਸੰਬੰਧਤ 698904 ਕੇਸ ਦਰਜ਼ ਹਨ।ਇਨ੍ਹਾਂ'ਚੋਂ ਵਿੱਤ ਅਤੇ ਰੱਖਿਆ ਮੰਤਰਾਲੇ ਨਾਲ ਜੁੜੇ ਕੇਸ ਸਭ ਤੋਂ ਵੱਧ ਹਨ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਇੰਨੇ ਵੱਧ ਕੇਸ, ਕਰਮਚਾਰੀਆਂ - ਜੱਜਾਂ ਦੀ ਘਾਟ, ਪੜਤਾਲ ਅਜੈਂਸੀਆਂ, ਗਵਾਹਾਂ ਅਤੇ ਵਾਦੀਆਂ ਦਾ ਲੋੜੀਂਦੇ ਸਹਿਯੋਗ ਦੀ ਘਾਟ ਕਾਰਨ ਹਨ। ਅਦਾਲਤਾਂ ਵਲੋਂ ਕੇਸਾਂ ਦੇ ਨਿਪਟਾਰੇ ਲਈ ਸਮੇ ਸੀਮਾ ਦੇ ਨਿਰਧਾਰਨ ਦੀ ਵਿਵਸਥਾ ਵਿੱਚ ਕਮੀ ਹੈ। ਉਨ੍ਹਾਂ ਨੇ ਕਨੂੰਨ ਸੁਧਾਰ ਪ੍ਰੋਗ੍ਰਾਮ ਦੀ ਮਦਦ ਲੈਣ ਦਾ ਵਾਇਦਾ ਕੀਤਾ। ਹਾਲਾਂਕਿ ਅੱਜ ਤੋਂ ਲਗਭਗ 40 ਸਾਲ ਪਹਿਲਾਂ ਹੀ ਸਾਬਕਾ ਚੀਫ ਜਸਟਿਸ ਸ਼੍ਰੀ ਭਗਵਤੀ ਨੇ ਇਹ ਗੱਲ ਭਰੇ ਮਨ ਨਾਲ ਆਖ ਦਿੱਤੀ ਸੀ" ਮੈਨੂੰ ਇਹ ਗੱਲ ਬਹੁਤ ਹੀ ਦੁੱਖੀ ਹਿਰਦੈ ਨਾਲ ਕਹਿਣੀ ਪੈ ਰਹੀ ਹੈ ਕਿ ਸਾਡਾ ਨਿਆਂ ਤੰਤਰ ਗ਼ਰਕ ਹੋਣ ਦੇ



ਕੰਢੇ ਤੇ ਪੁੱਜ ਚੁੱਕਾ ਹੈ। ਸਾਡਾ ਨਿਆਂ ਤੰਤਰ ਲਮਕਦੇ ਕੇਸਾਂ ਦੇ ਬੋਝ ਹੇਠ ਦੱਬਦਾ ਜਾ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਚਾਲੀ ਸਾਲ ਬਾਅਦ ਵੀ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਸਗੋਂ ਪਰਨਾਲਾ ਹੁਣ ਵੱਡੇ ਨਾਲੇ ਵਿੱਚ ਬਦਲ ਚੁੱਕਿਆ ਹੈ। ਇਸ ਦੌਰਾਨ ਕਈ ਕਨੂੰਨ ਮੰਤਰੀ ਅਤੇ ਚੀਫ ਜਸਟਿਸ ਆਏ ਤੇ ਚਲੇ ਗਏ, ਪਰ ਇਸ ਪੱਖੋਂ ਠੋਸ ਸੁਧਾਰ ਕਰਨ ਲਈ ਕਿਸੇ ਨੇ ਕਦਮ ਨਹੀਂ ਪੁੱਟਿਆ। ਤਰੀਕ ਤੇ ਤਰੀਕ ਤੇ ਤਰੀਕ ਪਾਉਣ ਅਤੇ ਪਵਾਉਣ ਲਈ ਕੌਣ ਲੋਕ ਜਿੰਮੇਦਾਰ ਹਨ? ਅਦਾਲਤਾਂ ਵਿੱਚ ਕਰਮਚਾਰੀਆਂ ਅਤੇ ਜੱਜਾਂ ਦੀ ਨਿਉਕਤੀਆਂ ਕਿਸਨੇ ਕਰਨੀਆਂ ਹਨ? ਜੱਜਾਂ ਨੂੰ ਕੇਸ ਸਮੇਂ ਸੀਮਾ ਵਿੱਚ ਨਿਪਟਾਉਣ ਦਾ ਹੁਕਮ ਕਿਸਨੇ ਦੇਣਾ ਹੈ? ਅਣਲੋੜੀਂਦੇ ਕੇਸਾਂ ਤੇ ਰੋਕ ਕਿਸਨੇ ਲਾਉਣੀ ਹੈ? ਪੁਲਿਸ ਨੂੰ ਝੂਠੇ ਕੇਸ ਰਜਿਸਟਰ ਕਰਨ ਤੋਂ ਕਿਸਨੇ ਰੋਕਨਾ ਹੈ? ਵਕੀਲਾਂ, ਮੁੰਸ਼ੀਆਂ, ਝੂਠੇ ਗਵਾਹਾਂ, ਵਿਚੋਲਿਆਂ, ਜਾਂਚ ਅਜੈਂਸੀਆਂ, ਰੀਡਰਾਂ, ਰਜਿਸਟਰਾਰਾਂ, ਜੱਜਾਂ ਆਦਿ ਦੇ ਆਪਸੀ ਤਾਲਮੇਲ ਦੀ ਕੜੀ ਨੂੰ ਕਿਸਨੇ ਤੋੜਣਾ ਹੈ? ਵਧੀਕੀ ਦਾ ਸ਼ਿਕਾਰ ਹੋਇਆ ਅਭਿਮੰਨਿਉ ਰੂਪੀ ਪਟੀਸ਼ਨਰ ਇੱਕ ਵਾਰ ਇਨ੍ਹਾਂ ਕੌਰਵਾਂ ਦੇ ਚੱਕਰਵਿਊ ਵਿੱਚ ਫਸ ਜਾਂਦਾ ਹੈ, ਫਿਰ ਕੋਈ ਵਿਰਲਾ-ਵਾਂਝਾਂ ਹੀ ਸਾਲਮ-ਸਬੂਤਾ ਬਾਹਰ ਆਉਂਦਾ ਹੈ। ਅਦਾਲਤਾਂ ਵਿੱਚ ਵਕੀਲਾਂ ਦੀਆਂ ਦਲੀਲਾਂ, ਗਵਾਹਾਂ ਅਤੇ ਸਬੂਤਾਂ ਦੇ ਆਧਾਰ ਤੇ ਸਿਰਫ ਫੈਸਲੇ ਹੁੰਦੇ ਹਨ, ਨਿਆਂ ਨਹੀਂ ਮਿਲਦਾ। ਜੇਤੂ ਪਟੀਸ਼ਨਰ ਵੀ ਇੰਨਾਂ ਸਮਾਂ, ਪੈਸਾ, ਊਰਜਾ, ਉਮਰ ਦੇ ਸਾਲ ਗੁਆ ਚੁੱਕਾ ਹੁੰਦਾ ਹੈ ਕਿ ਉਸ ਦੀ ਜਿੱਤ ਹਾਰ ਨਾਲੋਂ ਵੀ ਕਿਤੇ ਮੰਹਿਗੀ ਪੈਂਦੀ ਹੈ। ਅਪਰਾਧੀ ਨੂੰ ਸਜਾ ਦਵਾਉਂਦਾ ਉਹ ਦੋਸ਼ੀ ਨਾਲੋਂ ਵੱਧ ਆਪ ਪ੍ਰਤਾੜਿਤ ਹੁੰਦਾ ਹੈ। ਸਜਾ ਸਹਿੰਦਾ ਹੈ। ਇਹ ਕਹਾਵਤਾਂ ਐਵੇਂ ਹੀ ਤਾਂ ਨਹੀਂ ਬਣੀਆਂ, ਅਦਾਲਤਾਂ ਵਿੱਚ ਬੰਦਾ ਕਾਲੇ ਵਾਲ ਲੈਕੇ ਵੜਦਾ ਹੈ ਤੇ ਧੌਲੇ ਕਰਾ ਕੇ ਮੁੜਦਾ ਹੈ ਜਾਂ ਮੁਕੱਦਮਾ ਪਿਉ ਦਰਜ਼ ਕਰਾਉਂਦਾ ਹੈ ਫੈਸਲਾ ਪੋਤਰੇ ਸੁਣਦੇ ਹਨ। ਅਦਾਲਤਾਂ ਦੀਆਂ ਕੰਧਾਂ ਵੀ ਪੈਸੇ ਭਾਲਦੀਆਂ ਹਨ ਜਾਂ ਫਿਰ ਰੱਬ ਆਦਮੀ ਨੂੰ ਬੀਮਾਰੀ ਅਤੇ ਮੁਕੱਦਮੇਬਾਜੀ ਤੋਂ ਬਚਾਵੇ, ਇਹ ਖਾਣੇ ਖਾਣ ਤੇ ਮੰਜੇ ਬਾਣ ਨਹੀਂ ਰਹਿਣ ਦਿੰਦੇ।ਕਾਲੇ ਕੋਟਾਂ ਵਾਲਿਆਂ ਦੇ ਦਿਲ ਵੀ ਕਾਲੇ ਹੁੰਦੇ ਹਨ। ਕਨੂੰਨ ਅੰਨ੍ਹਾ ਹੁੰਦਾ ਹੈ ਇਸੇ ਲਈ ਨਿਆਂ ਦੀ ਦੇਵੀ ਦੀਆਂ ਅੱਖਾਂ ਤੇ ਪੱਟੀ ਬੱਝੀ ਹੁੰਦੀ ਹੈ। ਜਸਟਿਸ ਡੀਲੇਡ, ਜਸਟਿਸ ਡਿਨਾਈਡ ਯਾਨੀ ਨਿਆਂ ਵਿੱਚ ਦੇਰੀ ਮਤਲਬ ਨਿਆਂ ਤੋਂ ਵਾਂਝੇ ਕਰਨਾ ਹੁੰਦਾ ਹੈ। ਪੰਜਾਬੀ ਦਾ ਸਿਰਮੌਰ ਸਾਇਰ ਸੁਰਜੀਤ ਪਾਤਰ ਐਵੈਂ ਹੀ ਤਾਂ ਨਹੀਂ ਕੁਰਲਾਉਂਦਾ ਇਸ ਦੁਨੀਆਂ ਤੋ ਚਲਿਆਂ ਗਿਆ, "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ/ ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ/ਆਖੋ ਇਨ੍ਹਾਂ ਨੂੰ ਉਜੜੇ ਘਰੀ ਜਾਣ ਹੁਣ/ ਇਹ ਕਦੋਂ ਤੀਕ ਇੱਥੇ ਖੜੇ ਰਹਿਣਗੇ।"


ਇਸ ਗ਼ਰਕ ਤੇ ਦਰਕ ਚੁੱਕੀ ਭਾਰਤੀ ਨਿਆਂ ਵਿਵਸਥਾ ਵਿੱਚ ਆਮ ਬੰਦੇ ਦੀ ਇਸ ਤੋਂ ਵੱਧ ਭਿਆਨਕ ਤਰਾਸਦੀ ਹੋਰ ਕੀ ਹੋ ਸਕਦੀ ਹੈ? ਜਿਸ ਸੱਚਾਈ ਨੂੰ ਮੁਲਕ ਦੇ ਚੀਫ ਜਸਟਿਸ ਨੇ ਖ਼ੁਦ ਮੰਨਿਆ ਹੈ, ਉਹ ਵਿਅਕਤੀ ਇਸ ਨਿਆਂ ਵਿਵਸਥਾ ਤੋਂ ਕਿੰਨੇ ਕੁ ਨਿਰਾਸ਼, ਹਤਾਸ਼, ਲਾਚਾਰ, ਬੇਬਸ ਤੇ ਮਜਬੂਰ ਹੋ ਜਾਂਦੇ ਹਨ, ਜਿਨ੍ਹਾਂ ਨੂੰ ਨਿਆਂ ਦੀ ਆਸ ਵਿੱਚ ਮਜਬੂਰਨ ਸਮਝੌਤੇ ਕਰਨੇ ਪੈਂਦੇ ਹਨ। ਬਣਦੇ ਹੱਕ ਦੀ ਥਾਂ ਭੀਖ ਵਾਂਗ ਕਿਧਰੇ ਘੱਟ ਰਾਸ਼ੀ ਤੇ ਆਪਣੇ ਆਪ ਨੂੰ ਮਨਾਉਂਦੇ ਹੋਣਗੇ। ਉਹ ਕਿਵੇਂ ਆਪਣੇ ਢੱਠੇ ਹੋਏ ਜ਼ਮੀਰ ਨੂੰ ਢਾਰਸ ਦਿੰਦੇ ਹੋਣਗੇ? ਇਨ੍ਹਾਂ ਸਾਰਿਆਂ ਤੋਂ ਵੱਡਾ ਸਿਤਮ ਇਹ ਹੁੰਦਾ ਹੈ ਕਿ ਦੋਸ਼ੀ ਵਕੀਲਾਂ ਦੇ ਹੱਥਕੰਡਿਆਂ, ਪੈਸੇ ਅਤੇ ਝੂਠੇ ਗਵਾਹਾਂ ਦੇ ਜ਼ੋਰ ਤੇ ਜਮਾਨਤ, ਸਟੇਅ ਜਾਂ ਅੰਤਰਿਮ ਰਿਲੀਫ ਦਾ ਲਾਭ ਉਠਾਉਂਦਾ ਰਹਿੰਦਾ ਹੈ ਤੇ ਮੁਵੱਕਿਲ ਲੋਅਰ ਤੋਂ ਸੈਸ਼ਨ, ਹਾਈ ਕੋਰਟ ਤੋਂ ਸੁਪਰੀਮ ਕੋਰਟ ਤੱਕ ਦੀ ਭੂਲ-ਭਲਈਆਂ ਵਿੱਚ ਫੱਸਿਆ ਰਹਿੰਦਾ ਹੈ। ਪੈਸੇ ਵਾਲਾ ਮਹਿੰਗਾ ਵਕੀਲ ਕਰਕੇ, ਉਪਰਲੀਆਂ ਅਦਾਲਤਾਂ ਦਾ ਪੂਰਾ ਲਾਭ ਉਠਾਉਂਦਾ ਹੈ ਤੇ ਗ਼ਰੀਬ ਲਈ ਨਿਆਂ ਦੀ ਮੂਰਤੀ ਦੀਆਂ ਅੱਖਾਂ ਤੇ ਪੱਟੀ ਹਮੇਸ਼ਾ ਬੱਝੀ ਰਹਿੰਦੀ ਹੈ।ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਅਤੇ ਦੇਸ਼ ਦੇ ਕਨੂੰਨ ਮੰਤਰੀ ਨੇ ਕੇਸਾਂ ਦੇ ਆਂਕੜੇ ਦੇ ਕੇ ਲਟਕੇ ਹੋਏ ਕੇਸਾਂ ਅਤੇ ਉਸਦੇ ਕਾਰਨਾਂ ਤੇ ਚਿੰਤਾ ਪ੍ਰਗਟ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜਣ ਵਾਲਾ ਕੰਮ ਕੀਤਾ ਹੈ।

ਜ਼ਰਾ ਸੋਚੋ, ਜੇ ਇੱਕ ਵਰ੍ਹੇ ਵਿੱਚ ਇੱਕ ਲੱਖ ਕੇਸਾਂ ਦਾ ਵੀ ਨਿਪਟਾਰਾ ਹੋ ਜਾਵੇ ਤਾਂ ਵੀ ਪੰਜ ਕਰੋੜ ਤੋਂ ਵੱਧ ਕੇਸਾਂ ਨੂੰ ਨਿਪਟਾਉਣ ਵਿੱਚ ਕਿੰਨੀਆਂ ਸਦੀਆਂ ਲੱਗਣਗੀਆਂ? ਕੀ ਸਿਰਫ ਚੀਫ ਜਸਟਿਸ ਅਤੇ ਕਨੂੰਨ ਮੰਤਰੀ ਦੀ ਚਿੰਤਾ ਨਾਲ ਮਸਲਾ ਹੱਲ ਹੋ ਸਕੇਗਾ?

# ਕਵਿਤਾ, ਗੀਤ ਅਤੇ ਗ਼ਜ਼ਲਾਂ ਦੇ ਰੰਗ ਬਿਰੰਗੇ ਫੁੱਲਾਂ ਦਾ ਖ਼ੂਬਸੂਰਤ ਗੁਲਦਸਤਾ-ਪੁਸਤਕ ਖ਼ਲਾਅ

**ਪੁਸਤਕ- ਖ਼ਲਾਅ (ਕਾਵਿ-ਸੰਗ੍ਰਹਿ)**
**ਸ਼ਾਇਰ -ਸਾਗਰ ਸੂਦ ਸੰਜੇ**
**ਮੋਬਾਇਲ-9872888174**
**ਪੰਨੇ:120 ਮੁੱਲ:300/- ਰੁਪਏ**
**ਪਬਲਿਸ਼ਰ: ਸਾਹਿਤਯ ਕਲਸ਼ ਪਬਲੀਕੇਸ਼ਨਜ਼, ਪਟਿਆਲਾ**

ਸਾਗਰ ਸੂਦ ਸੰਜੇ ਦਾ ਪੰਜਾਬੀ ਸਾਹਿਤ ਦੇ ਖੇਤਰ ਉੱਘਾ ਅਤੇ ਚਰਚਿਤ ਨਾਂਅ ਹੈ। ਉਸਦੀਆਂ ਰਚਨਾਵਾਂ ਵਿੱਚ ਗਹਿਰਾਈਆਂ ਭਰਪੂਰ ਵਿਸ਼ਿਆਂ ਦੀ ਵਿਆਖਿਆ ਹੁੰਦੀ ਹੈ। ਉਹ ਗ਼ਜ਼ਲ ਲਿਖੇ, ਗੀਤ ਜਾਂ ਕਵਿਤਾ, ਉਹਦਾ ਲਹਿਜ਼ਾ, ਉਹਦੀ ਸ਼ੈਲੀ ਵਿਲੱਖਣ ਸੰਸਾਰ ਸਿਰਜਦੀ ਹੈ। ਜਿੰਨਾਂ ਉਹ ਮਿਠਾਸ ਭਰੇ ਸੁਭਾਅ ਦਾ ਮਿਸ਼ਰਣ ਹੈ, ਓਨੀ ਹੀ ਮਿਲਵਰਤਣ ਚ ਮਿਠਾਸ ਹੈ ਅਤੇ ਉਤਨੀ ਸੋਚ ਅਤੇ ਸ਼ਬਦਾਂ 'ਚ ਮਿਠਾਸ ਹੈ।



ਉਹਦੇ ਸ਼ਬਦਾਂ 'ਚ ਲੈਅ, ਗੂੰਜ ਹੈ, ਤਰੰਨਮ ਹੈ, ਮੁਸੱਲਸਲ ਵਹਿੰਦੀ ਨਦੀ ਦੇ ਪਾਣੀ ਵਰਗੀ ਰਵਾਨਗੀ ਹੈ। ਉਹਦੀਆਂ ਰਚਨਾਵਾਂ ਦੇ ਵਿਸ਼ਿਆਂ ਦੀ ਵਿਭਿੰਨਤਾ ਅਤੇ ਵਿਸ਼ੇਸ਼ਤਾ ਹੀ ਉਹਦੀ ਖਾਸੀਅਤ ਹੈ। ਉਹਦੀ ਹਥਲੀ ਪੁਸਤਕ "ਖ਼ਲਾਅ" ਕਾਵਿ ਸੰਗ੍ਰਹਿ ਜ਼ਿੰਦਗੀ ਵਿਚਲੇ ਇਕਾਂਤ ਖ਼ਲਾਅ ਦੀ ਪੂਰਤੀ ਕਰਦੀ ਹੈ, ਪੱਤਝੜ ਵਿੱਚ ਬਹਾਰ ਲਿਆਉਂਦੀ ਹੈ। ਬਗੀਚੇ ਰੂਪੀ ਪੁਸਤਕ ਗ਼ਜ਼ਲਾਂ, ਗੀਤਾਂ ਅਤੇ ਕਵਿਤਾਵਾਂ ਦੇ ਫੁੱਲਾਂ ਤੇ ਖ਼ੁਸ਼ੀਆਂ ਵਰਗੇ ਭੌਰਿਆਂ ਨੂੰ ਸੱਦਾ ਦਿੰਦੀ ਹੈ।

ਇਹ ਪੁਸਤਕ ਵਿੱਚ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਨੂੰ ਦਰਸ-ਾਉਂਦੀਆਂ 28 ਗ਼ਜ਼ਲਾਂ, 39 ਗੀਤ ਅਤੇ 10 ਲੈਅ ਬੱਧ ਕਵਿਤਾਵਾਂ ਦੇ ਖ਼ੂਬਸੂਰਤ ਫੁੱਲਾਂ ਦੇ ਗੁਲਦਸਤੇ ਚੋਂ ਖ਼ੁਸ਼ਬੂ ਬਿਖਰਦੀ ਹੈ।

ਔਰਤਾਂ ਤੇ ਅੱਤਿਆਚਾਰਾਂ ਦੀ ਦਾਸਤਾਂ ਨੂੰ ਬਿਆਨਦਾ ਕੁੱਖ ਚ ਕਤਲ ਹੁੰਦੀਆਂ ਧੀਆਂ ਦੇ ਹੱਕ ਚ ਖੜਦੇ ਸ਼ਾਇਰ ਦੀ ਗ਼ਜ਼ਲ ਦਾ ਸ਼ੇਅਰ ਉਹਦੀ ਗੰਭੀਰ ਅਤੇ ਸੂਹੀ ਸੋਚ ਦੀ ਸਾਹਦੀ ਭਰਦਾ ਹੈ:

ਉਜਾੜੋ ਕੁੱਖ ਨਾ ਏਦਾਂ ਕਿ ਦੇਣਾ ਕਿੰਝ ਦੇਵੋਗੇ
ਪਲੇ ਨੇ ਭਗਤ ਸਿੰਘ ਕਿੰਨੇ ਇੰਨ੍ਹਾਂ ਦੀ ਬੁੱਕਲ ਅੰਦਰ

ਇਸੇ ਤਰ੍ਹਾਂ ਪਰਿਵਾਰਕ ਰਿਸ਼ਤਿਆਂ, ਸਮਾਜਿਕ, ਸੱਭਿਆਚਾਰਕ ਅਤੇ ਸਾਹਿਤਕ ਦ੍ਰਿਸ਼ਾਂ ਨੂੰ ਲੇਖਕ ਬਾਕਮਾਲ ਸ਼ਬਦਾਂ ਚ ਪ੍ਰੋਅ ਦਿੰਦਾ ਹੈ।ਧੀ ਦਾ ਡੋਲੀ ਵਿੱਚ ਬੈਠਣ ਵੇਲੇ ਦੇ ਭਾਵਪੂਰਤ ਵਕਤ ਨੂੰ ਸ਼ਾਇਰ ਨੇ ਆਪਣੇ ਮਨੋਭਾਵਾਂ ਰਾਹੀਂ ਖ਼ੂਬਸੂਰਤ ਪ੍ਰਸਤੁਤ ਕੀਤਾ ਹੈ। ਇਸੇ ਤਰ੍ਹਾਂ ਮਾਂ ਪ੍ਰਤੀ ਲਿਖੇ 'ਮਾਂ' ਗੀਤ ਉਹਦੇ ਸ਼ਬਦ ਦਿਲ ਨੂੰ ਟੁੰਬਦੇ ਹਨ।ਉਹ ਆਪਣੀ ਮਨੋਦਸ਼ਾ ਨੂੰ ਸ਼ਬਦਾਂ ਦਾ ਅਮਲੀ ਜਾਮਾ ਪਹਿਨਾ ਕੇ ਗੀਤ ਸਿਰਜ ਦਿੰਦਾ ਹੈ:

ਮਾਂ ਦੇ ਚਰਨੀਂ ਤਾਂ ਯਾਰੋ ਰੱਬ ਆਪ ਆ ਕੇ ਬਹਿੰਦਾ
ਨਾਲ ਕਾਲਜੇ ਜੇ ਲਾਵੇ ਕੋਲ ਦੁੱਖ ਨਹੀਂਓ ਰਹਿੰਦਾ
ਰਹਿਣ ਮਾਪੇ ਜੇ ਸੁਖੀ ਰੱਬ ਆਪੇ ਖੁਸ਼ ਹੁੰਦਾ
ਕਰੋ ਰੱਜ ਰੱਜ ਕੇ ਸੇਵਾ ਅੱਜ ਸਾਗਰ ਹੈ ਕਹਿੰਦਾ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਇਸੇ ਤਰ੍ਹਾਂ ਮਾਂ ਬੋਲੀ ਪੰਜਾਬੀ, ਮਾਂ ਦੀ ਮਮਤਾ,ਮਾੜੇ ਲੇਖ, ਪਿਆਰ ਖੋਹ ਲਿਆ, ਉਲਝੀ ਤੰਦ, ਪੀੜ ਦਿਲ ਦੀ, ਚੰਨ ਸਿਤਾਰੇ, ਗੀਤਾਂ ਦੀ ਅਰਥੀ, ਆ ਨੱਚੀਏ ਗਾਈਏ, ਟਿੱਚ ਬਟਨਾਂ ਦੀ ਜੋੜੀ ਆਦਿ ਸਮੇਤ ਸਾਰੇ ਗੀਤ ਆਪਣੇ ਆਪਣੇ ਵਿਲੱਖਣ ਰੰਗ ਬਿਖੇਰਦੇ ਹਨ।

ਕਵਿਤਾਵਾਂ ਦੀ ਸਿਰਜਣਾ ਵੀ ਲੇਖਕ ਨੇ ਕਵਿਤਾ ਦੇ ਛੰਦਬੱਧ ਰੂਪ ਵਿੱਚ ਕੀਤੀ ਹੈ। ਇੱਕ ਵਾਰ ਪੁਸਤਕ ਨੂੰ ਪੜ੍ਹਨ ਬੈਠ ਜਾਈਏ ਤਾਂ ਰੁਕਣ ਨੂੰ ਮਨ ਨਹੀਂ ਕਰਦਾ। ਹਰ ਰਚਨਾ ਬਚਿਤ੍ਰ ਸੋਚ ਦੀ ਧਾਰਨੀ ਹੈ। ਮੰਜ਼ਿਲ ਮੇਰੀ ਦੂਰ ਨਹੀਂ, ਪੱਤਝੜ ਦਾ ਫੁੱਲ, ਕਾਸ਼, ਸੁਪਨਿਆਂ ਦਾ ਸੌਦਾਗਰ, ਅਸਲੀਅਤ, ਤੇਰੇ ਆਉਣ ਤੋਂ ਬਾਅਦ,ਸਾਗਰ, ਮੁਲਾਕਾਤ ਆਦਿ ਕਵਿਤਾਵਾਂ ਚੰਗਾ ਪ੍ਰਭਾਵ ਪਾਠਕ ਮਨ ਤੇ ਛੱਡਦੀਆਂ ਹਨ। ਇੱਕ ਕਵਿਤਾ ਵਿੱਚ ਮਨੁੱਖੀ ਵਿਵਹਾਰ ਅਤੇ ਮਨੋਭਾਵਨਾਵਾਂ ਨੂੰ ਆਪਣੀ ਕਵਿਤਾ ਸਾਗਰ ਵਿੱਚ ਬਹੁਤ ਸੋਹਣਾ ਬਿਆਨ ਕਰਦਾ ਹੈ:

ਜਦ ਵੀ ਉਹ ਇਕੱਲਾ ਹੁੰਦਾ ਸੀ,
ਪਤਾ ਨਹੀਂ ਕੀ ਬੁੜਬੁੜਾਉਂਦਾ ਸੀ,
ਅੱਜ ਤਕ ਨਾ ਮੈਨੂੰ ਸਮਝ ਪਈ,
ਕੀ ਜ਼ਿੰਦਗੀ ਤੋਂ ਉਹ ਚਾਹੁੰਦਾ ਸੀ,
ਕਰਦਾ ਸੀ ਆਪਣੀ ਮਰਜ਼ੀ ਪਰ
ਉਹ ਦਰਦ ਦਿਲਾਂ ਦੇ ਸਹਿੰਦਾ ਸੀ,
ਇੱਕ ਵਾਰੀ ਮਿਲਿਆ ਮੈਂ ਉਹਨੂੰ
ਜੋਂ ਖੁਦ ਨੂੰ ਸਾਗਰ ਕਹਿੰਦਾ ਸੀ...

ਇਸੇ ਤਰ੍ਹਾਂ ਪੜਦਿਆਂ ਪੜਦਿਆਂ ਅਕੇਵਾਂ ਜਾਂ ਥਕੇਵਾਂ ਮਹਿਸੂਸ ਨਹੀਂ ਹੁੰਦਾ, ਸਗੋਂ ਦਿਲਚਸਪੀ ਵਧਦੀ ਜਾਂਦੀ ਹੈ।ਲੇਖਕ ਦੀ ਪੰਜਾਬ, ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਭੇਂਟ ਇਹ ਪੁਸਤਕ ਸਾਹਿਤਕ ਹਲਕਿਆਂ ਵਿੱਚ ਨਿਵੇਕਲਾ ਰੰਗ ਬਿਖੇਰੇਗੀ।

# ਕਾਵਿ ਸੰਗ੍ਰਹਿ-ਜੁਗਨੀ ਜੜੇ ਨਗੀਨੇ(ਸ਼ਬਦ ਚਿੱਤਰ)

**ਸ਼ਾਇਰ: ਦਰਸ਼ਨ ਸਿੰਘ ਭੰਮੇ**
**ਸੰਪਰਕ:9463023656**
**ਕੀਮਤ: 250 ਰੁਪਏ**
**ਪੰਨੇ:98, ਪਬਲਿਸ਼ਰ: ਗੁੱਡ ਵਿਲ ਪਬਲੀਕੇਸ਼ਨਜ਼ ਮਾਨਸਾ**

ਸਾਹਿਤਕ ਸਿਰਜਣਾ ਦੀਆਂ ਵਿਧਾਵਾਂ ਵਿੱਚੋਂ ਕਵਿਤਾ, ਗੀਤ ਅਤੇ ਸ਼ੇਅਰ ਤੋਂ ਇਨਸਾਨੀ ਮਨ ਜਲਦੀ ਪ੍ਰਭਾਵਿਤ ਹੁੰਦਾ ਹੈ, ਕਿਉਂਕਿ ਕਵਿਤਾ ਸੀਮਤ ਸ਼ਬਦਾਂ ਵਿੱਚ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਣ ਦਾ ਇਕਮਾਤਰ ਜ਼ਰੀਆ ਹੈ। ਸੋ ਸ਼ਾਇਰਾਂ ਨੇ ਸਾਹਿਤਕ ਖੇਤਰ ਆਪਣੀ ਸ਼ੈਲੀ ਰਾਹੀਂ ਇਸ ਵਿਧਾ ਜ਼ਰੀਏ ਆਪਣੀ ਆਪਣੀ ਪ੍ਰਤਿਭਾ ਦੀ ਨਿਵੇਕਲੀ ਪਛਾਣ ਸਥਾਪਤ ਕੀਤੀ ਹੈ। ਛੰਦ ਬੱਧ ਕਵਿਤਾ ਦੀ ਰਚਨਾ ਦਾ ਆਪਣਾ ਵਿਲੱਖਣ ਆਧਾਰ ਅਤੇ ਰੁਤਬਾ ਹੈ। ਇਸ ਵਿਧਾ ਰਾਹੀਂ ਸ਼ਾਇਰ ਦਰਸ਼ਨ ਸਿੰਘ ਭੰਮੇ ਨੇ ਆਪਣੀ ਨਿਵੇਕਲੀ ਪਿਰਤ ਰਾਹੀਂ ਸਾਹਿਤਕ ਖੇਤਰ ਵਿੱਚ ਆਪਣੇ ਰੁਤਬੇ ਨੂੰ ਕਾਇਮ ਰੱਖਣ ਸਫਲਤਾ ਹਾਸਿਲ ਕੀਤੀ ਹੈ। ਮਾਲਵੇ ਦੀ ਧਰਤੀ ਜ਼ਿਲ੍ਹਾ ਬਠਿੰਡਾ ਦੇ ਇਤਿਹਾਸਕ ਪਿਛੋਕੜ ਵਾਲੇ ਸ਼ਹਿਰ ਤਲਵੰਡੀ ਸਾਬੋ ਦੇ ਪਿੰਡ ਕੋਠੀ ਵਾਲਾ ਰਾਹ ਦੇ ਜੰਮਪਲ ਮਲਵਈ ਸ਼ਾਇਰ ਨੇ ਆਪਣੀਆਂ ਰਚਨਾਵਾਂ ਰਾਹੀਂ ਹਥਲੀ ਪੁਸਤਕ "ਜੁਗਨੀ ਜੜੇ ਨਗੀਨੇ" ਵਿੱਚ ਵੱਖ ਵੱਖ ਸਾਹਿਤਕ ਹਸਤੀਆਂ ਦੀ ਜੀਵਨੀਆਂ ਨੂੰ ਕਾਵਿ ਰੂਪ ਵਿੱਚ ਪਾਠਕਾਂ ਦੇ ਰੂਬਰੂ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਹੈ।



ਇਸ ਲੇਖਕ ਨੇ ਪਹਿਲਾਂ ਵੀ ਸੁੱਖਾਂ ਲੱਦੇ ਸੁਨੇਹੇ, ਦੋ ਪ੍ਰੀਤ ਕਿੱਸੇ (ਲੈਲਾ ਮਜਨੂੰ, ਸੱਸੀ ਪੁੰਨੂੰ), ਛੰਦ ਬਗੀਚਾ, ਛੰਦ ਗਠੜੀ, ਮਾਤਾ ਗੰਗਾ ਜੀ (ਜੀਵਨ ਬਿਰਤਾਂਤ), ਰੂਪ ਬਸੰਤ, ਪਰਮ ਗਾਥਾਵਾਂ, ਪਰਮ ਗਾਥਾਵਾਂ ਭਾਗ ਦੂਜਾ, ਛੰਦ ਪਟਾਰੀ ਅਤੇ ਛੰਦ ਬੁਖ਼ਾਰੀ ਆਦਿ ਪੁਸਤਕਾਂ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਕੀਤੀ ਹੈ ਕਰਕੇ ਚੰਗਾ ਨਾਮਣਾ ਖੱਟਿਆ ਹੈ।

ਹਥਲੀ ਪੁਸਤਕ ਕਾਵਿ ਸੰਗ੍ਰਹਿ ਵਿਚਲੀਆਂ ਛੰਦ ਬੱਧ ਕਵਿਤਾਵਾਂ ਪੜ੍ਹ ਕੇ ਪਾਠਕ ਵਾਹ ਵਾਹ ਕਹਿ ਉੱਠਦਾ ਹੈ। ਵੱਖ ਵੱਖ ਸਾਹਿਤਕ ਹਸਤੀਆਂ ਦੇ ਜੀਵਨ ਬਿਰਤਾਂਤ ਤੇ ਆਧਾਰਿਤ ਇਹ ਪੁਸਤਕ ਸਾਹਿਤਕ ਹਲਕਿਆਂ ਵਿੱਚ ਸੰਜੀਦਗੀ ਭਰਪੂਰ ਚਰਚਾ ਦਾ ਵਿਸ਼ਾ ਬਣੇਗੀ। ਵਾਰਤਕ ਵਿਧਾ ਵਿੱਚ ਲੇਖਕ ਕੋਲ ਕਿਸੇ ਸ਼ਖ਼ਸੀਅਤ ਦੀ ਜ਼ਿੰਦਗੀ ਅਤੇ ਉੱਪਲਬਧੀਆਂ ਬਾਬਤ ਲਿਖਣ ਲਈ ਸ਼ਬਦਾਂ ਦੀ ਹੱਦਬੰਦੀ ਦੀ ਸ਼ਰਤ ਮਾਅਨੇ ਨਹੀਂ ਰੱਖਦੀ, ਪਰ ਕਵਿ ਵਿਧਾ ਰੂਪ ਰਾਹੀਂ ਸੀਮਤ ਸ਼ਬਦਾਂ ਵਿੱਚ ਕਿਸੇ ਸ਼ਖ਼ਸੀਅਤ ਦੇ ਜੀਵਨ ਦੇ ਬਿਰਤਾਂਤ ਨੂੰ ਪ੍ਰਸਤੁਤ ਕਰਨਾ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ ਹੁੰਦਾ,ਕੋਈ ਗੂੜ ਗਿਆਨੀ ਸਾਹਿਤਕਾਰ ਹੀ ਅਜਿਹਾ ਕਾਰਜ ਕਰ ਸਕਦਾ ਹੈ ਅਤੇ ਜਿਸਨੂੰ ਦਰਸ਼ਨ ਸਿੰਘ ਭੰਮੇ ਨੇ ਕਰ ਵਿਖਾਇਆ ਹੈ। ਇਸ ਪੁਸਤਕ ਦੀ ਨਿਵੇਕਲੀ ਗੱਲ ਇਹ ਦੇਖ਼ਣ ਨੂੰ ਮਿਲੀ ਹੈ ਕਿ ਇਹ ਪੁਸਤਕ ਜਿੰਨ੍ਹਾਂ ਮਹਾਨ ਸਖ਼ਸ਼ੀਅਤਾਂ ਨੂੰ ਸਮਰਪਿਤ ਹੈ, ਉਹਨਾਂ ਬਾਰੇ ਵੀ ਕਵਿਤਾ ਰਾਹੀਂ ਹੀ ਮਨੋਭਾਵਾਂ ਨੂੰ ਵਿਅਕਤ ਕੀਤਾ ਗਿਆ ਹੈ। ਇਹ ਪੁਸਤਕ ਪੰਡਿਤ ਬ੍ਰਹਮਾ ਨੰਦ ਡਿੱਖ ਜੀ, ਸ੍ਰੀ ਦਲੀਪ ਸਿੰਘ ਚੱਠਾ ਜੀ, ਸ੍ਰੀ ਰਾਮ ਸਿੰਘ ਭੰਮੇ ਜੀ ਆਦਿਕ ਸਖ਼ਸ਼ੀਅਤਾਂ ਨੂੰ ਸਮਰਪਤ ਹੈ। ਪ੍ਰੋ. ਬ੍ਰਹਮ ਜਗਦੀਸ਼ ਸਿੰਘ ਨੇ ਜੁਗਨੀ ਜੜੇ ਨਗੀਨੇ ਪੁਸਤਕ ਲਈ ਆਪਣੇ ਮਨੋਭਾਵਾਂ ਨੂੰ ਵਿਸਥਾਰ ਪੂਰਵਕ ਪ੍ਰਗਟਾਉਂਦਿਆਂ ਲੇਖਕ ਦੀ ਇਸ ਉਪਲਬਧੀ ਤੇ ਮੁਬਾਰਕਬਾਦ ਦਿੱਤੀ ਹੈ। ਇਸ ਪੁਸਤਕ ਵਿੱਚ ਸਾਹਿਤਕ ਅਤੇ ਆਪਣੇ ਆਪਣੇ ਖੇਤਰ ਵਿੱਚ ਬੁਲੰਦੀ ਦੀਆਂ ਬਰੂਹਾਂ ਤੇ ਬਿਰਾਜਮਾਨ ਸਖ਼ਸ਼ੀਅਤਾਂ ਪ੍ਰੋ. ਕਰਮ ਸਿੰਘ ਚੋਹਾਨ, ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ, ਓਮ ਪ੍ਰਕਾਸ਼ ਦਰਸ਼ਕ ਬੀਰਬਲ ਦਾਸ , ਜਸਵੀਰ ਢੰਡ, ਸੁਖਚਰਨ ਸਿੰਘ ਸੱਦੇਵਾਲੀਆ, ਪ੍ਰੋ ਅੱਛਰੂ ਸਿੰਘ, ਗੁਰਮੇਲ ਕੌਰ ਜੋਸ਼ੀ, ਲਾਭ ਸਿੰਘ ਖੀਵਾ, ਗੁਰਦੇਵ ਸਿੰਘ ਖੋਖਰ , ਜਗਰੂਪ ਸਿੰਘ ਝੁਨੀਰ, ਸੁਖਦਰਸ਼ਨ ਗਰਗ ਬਾਲਿਆਂ ਵਾਲੀ, ਜਸਪਾਲ ਮਾਨਖੇੜਾ, ਪੰਡਿਤ ਰੇਵਤੀ ਪ੍ਰਸ਼ਾਦ, ਪ੍ਰੋ ਨਵ ਸੰਗੀਤ ਸਿੰਘ, ਹਰੀ ਸਿੰਘ ਜਾਚਕ, ਜਗਦੀਸ਼ ਰਾਏ ਕੁਲਰੀਆਂ,ਜਨਕ ਸੰਗਤ, ਮੰਗਤ ਕੁਲਜਿੰਦ, ਦਰਸ਼ਨ ਜੋਗਾ, ਨਿਰੰਜਣ ਬੋਹਾ, ਰਣਬੀਰ ਸਿੰਘ ਰਾਣਾ, ਲਾਲ ਚੰਦ, ਜਗਦੀਪ ਗਿੱਲ, ਡਾ. ਖੁਸ਼ਨਸੀਬ ਗੁਰਬਖ਼ਸ਼ੀਸ਼ ਕੌਰ ਸੂਰੀਆ ਆਦਿ ਦੇ ਜੀਵਨ ਬਿਉਰਾ ਨੂੰ ਕਾਵਿਧਾਰਾ ਰਾਹੀਂ ਦਰਸਾਇਆ ਗਿਆ ਹੈ।

ਪੁਸਤਕ ਵਿੱਚ ਸ਼ਾਮਿਲ ਸ਼ਖ਼ਸੀਅਤਾਂ ਬਾਰੇ ਲਿਖਣ ਤੋਂ ਪਹਿਲਾਂ ਪੁਸਤਕ ਵਿੱਚ ਉਸ ਪਰਵਦਗਾਰ ਦੀ ਮੰਗਲਾਚਰਨ ਸਿਰਲੇਖ ਅਧੀਨ ਉਸਤਿਤ ਕੀਤੀ ਗਈ ਹੈ।

ਸਭ ਰਚਨਾ ਤੇਰੀ ਐ ਰਚਕੇ ਅੰਦਰ ਇਸਦੇ ਵੱਸਿਆ,
ਜਿੰਨ੍ਹਾਂ ਨੇ ਵੇਖ ਲਿਆ ਜਾਂਦਾ ਨਹੀਂ ਉਹਨਾਂ ਤੋਂ ਦੱਸਿਆ ...

ਲੇਖਕ ਦੀ ਲਿਖਣ ਸ਼ੈਲੀ ਚੋਂ ਕਵੀਸ਼ਰੀ ਦਾ ਲੈਅ ਖੂਬ ਝਲਕਦੀ ਹੈ ।ਲੇਖਕ ਨੇ ਕਵੀਸ਼ਰੀ ਲੈਅ ਬੱਧ ਕਵਿਤਾਵਾਂ ਦੀ ਸਿਰਜਣਾ ਕਰਕੇ ਇੱਕ ਖੂਬਸੂਰਤ ਅਤੇ ਸਾਰਥਕ ਪ੍ਰੰਪਰਾ ਨੂੰ ਜਨਮ ਦਿੱਤਾ ਹੈ।

ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਜੀ ਬਾਰੇ ਲੇਖਕ ਦੀ ਕਲਮ ਉਹਨਾਂ ਦੀ ਹੈਸੀਅਤ ਦਾ ਪ੍ਰਗਟਾਵਾ ਕਰਦਿਆਂ ਲਿਖਦੀ ਹੈ:

ਤਾਰਾ ਸਿੰਘ ਦਾ ਪੁੱਤਰ ਪਾਰਸ ਸਭ ਤੋਂ ਨਿਆਰਾ ਸੀ,
ਰਾਮੂੰਵਾਲਾ ਪਿੰਡ ਓਸਨੂੰ ਹੱਦੋਂ ਤੋਂ ਪਿਆਰਾ ਸੀ,
ਯਾਦਾਂ ਛੱਡ ਅਨੇਕਾਂ ਵੀਰੋ ਛੱਡ ਪਰਿਵਾਰ ਗਿਆ।

# ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ ਅਤੇ ਦੇਸ਼ ਦੀ ਬਦਹਾਲੀ



ਗੁਰਮੀਤ ਪਲਾਹੀ
91-98158-02070

ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਬਦਤਰ ਸਿਹਤ ਸੇਵਾਵਾਂ, ਅਪਰਾਧ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਆਦਿ ਬਾਰੇ ਲੱਖ ਵਾਰ ਦਲੀਲਾਂ ਦੇ ਕੇ ਆਪਾਂ ਇਹ ਸਿੱਧ ਕਰਨ ਦਾ ਯਤਨ ਕਰੀਏ ਕਿ ਦੇਸ਼ 'ਚ ਵੱਧ ਰਹੀ ਆਬਾਦੀ ਇਹਨਾ ਸਮੱਸਿਆਵਾਂ ਕਾਰਨ ਹੈ, ਪਰ ਅਸਲ ਵਿੱਚ ਸਿਆਸੀ ਬੇਈਮਾਨੀ, ਵੋਟਾਂ ਦੀ ਸਿਆਸਤ, ਆਰਥਿਕ ਨੀਤੀਆਂ ਕਾਰਨ ਵੱਧ ਰਿਹਾ ਦੇਸ਼ 'ਚ ਅਮੀਰ-ਗਰੀਬ ਦਾ ਪਾੜਾ, ਦੇਸ਼ ਭਾਰਤ ਨੂੰ ਭੈੜੀ ਹਾਲਤ ਵਿੱਚ ਲੈ ਜਾਣ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਦੇਸ਼ ਬਦਹਾਲੀ ਦਾ ਸ਼ਿਕਾਰ ਹੈ।

ਭਾਰਤ ਦੀ ਜਨ ਸੰਖਿਆ ਵਿਸ਼ਵ ਜਨਸੰਖਿਆ ਦਾ 18 ਫ਼ੀਸਦੀ ਹੈ। ਭਾਰਤ ਕੋਲ ਵਿਸ਼ਵ ਦੀ ਕੁੱਲ ਜ਼ਮੀਨ ਦਾ 2.5 ਫ਼ੀਸਦੀ ਹੈ ਅਤੇ 4 ਫ਼ੀਸਦੀ ਪਾਣੀ ਹੈ। ਦੇਸ਼ ਕੋਲ ਜਿੰਨੀ ਜ਼ਮੀਨ ਹੈ, ਉਸਦੇ ਕੁਲ 60 ਫ਼ੀਸਦੀ ਹਿੱਸੇ 'ਤੇ ਖੇਤੀ ਹੁੰਦੀ ਹੈ, ਪਰ ਦੇਸ਼ ਦੇ 20 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਆਖ਼ਰ ਕਾਰਨ ਕੀ ਹੈ? ਕੀ ਅਸੀਂ ਕੁਦਰਤੀ ਸੋਮਿਆਂ ਦੀ ਕੁਵਰਤੋਂ ਕਰਕੇ, ਸਭੋ ਕੁਝ ਧੰਨ ਕੁਬੇਰਾਂ ਹੱਥ ਫੜਾਕੇ, ਉਹਨਾਂ ਨੂੰ ਆਪਣੀ ਮਰਜ਼ੀ ਨਾਲ ਮੁਨਾਫ਼ਾ ਕਮਾਉਣ ਦੀ ਆਗਿਆ ਦੇ ਕੇ, ਦੇਸ਼ ਨੂੰ ਕੰਗਾਲੀ ਮੰਦਹਾਲੀ ਦੇ ਰਸਤੇ ਨਹੀਂ ਤੋਰ ਦਿੱਤਾ?

ਕਾਰਪੋਰੇਟਾਂ ਜਿਸ ਢੰਗ ਨਾਲ ਬੁਨਿਆਦੀ ਢਾਂਚਾ ਉਸਾਰਨ ਦੇ ਨਾਂਅ ਤੇ ਜੰਗਲਾਂ ਦੀ ਕਟਾਈ ਕੀਤੀ, ਕੁਦਰਤੀ ਖਾਨਾਂ ਦੀ ਦਰਵਰਤੋਂ ਕੀਤੀ, ਦੇਸ਼ 'ਚ ਪ੍ਰਦੂਸ਼ਣ ਪੈਦਾ ਕੀਤਾ, ਕੀਟਨਾਸ਼ਕਾਂ ਖਾਦਾਂ ਦੀ ਵਰਤੋਂ ਕਰਵਾਕੇ ਦੇਸ਼ ਵਾਸੀਆਂ ਹੱਥ ਬੀਮਾਰੀਆਂ ਦੀਆਂ ਪੰਡਾਂ ਹੀ ਨਹੀਂ ਫੜਾਈਆਂ ਉਹਨਾ ਨੂੰ ਬੁਰੇ ਹਾਲੀਂ ਕਰ ਦਿੱਤਾ। ਸਿੱਟਾ ਜਲਵਾਯੂ ਤਬਦੀਲੀ 'ਚ ਵੇਖਿਆ ਜਾ ਸਕਦਾ ਹੈ।

ਜਲਵਾਯੂ ਤਬਦੀਲੀ ਨੇ ਅਜੀਵਕਾ, ਪਾਣੀ ਦੀ ਅਪੂਰਤੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਪੈਦਾ ਕੀਤਾ ਖਾਧ ਪਦਾਰਥਾਂ ਦੀ ਪੂਰਤੀ ਲਈ ਚਣੌਤੀ ਪੈਦਾ ਕੀਤੀ ਇਥੋਂ ਤੱਕ ਕਿ ਖਾਧ ਸੁਰੱਖਿਆ ਲਈ ਵੱਡੀ ਚਣੌਤੀ ਦਿੱਤੀ।

ਅੱਜ ਖੇਤੀ ਯੋਗ ਜ਼ਮੀਨ ਉਤੇ ਲਗਾਤਾਰ ਹਮਲਾ ਹੋ ਰਿਹਾ ਹੈ, ਰਕਬਾ ਘੱਟ ਰਿਹਾ ਹੈ, ਖੇਤੀ ਭੂਮੀ ਦੀ ਹੋਰ ਕੰਮਾਂ ਲਈ ਵਰਤੋਂ ਵਧ ਰਹੀ ਹੈ। ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਖੇਤੀ ਜ਼ਮੀਨ 'ਚ ਕਮੀ ਸਮਾਜਿਕ-ਆਰਥਿਕ ਤਾਣੇ-ਬਾਣੇ ਤੇ ਵੀ ਅਸਰ ਪਾ ਰਹੀ ਹੈ। ਵੇਸਟਲੈਂਡ ਐਟਲਾਸ-2019 ਦੇ ਅਨੁਸਾਰ ਪੰਜਾਬ ਜਿਹੇ ਖੇਤੀ ਪ੍ਰਧਾਨ ਸੂਬੇ ਵਿੱਚ 14000 ਹੈਕਟੇਅਰ ਅਤੇ ਪੱਛਮੀ ਬੰਗਾਲ ਵਿੱਚ 62000 ਹੈਕਟੇਅਰ ਖੇਤੀ ਯੋਗ ਭੂਮੀ ਘੱਟ ਗਈ ਹੈ। ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ 48000 ਹੈਕਟੇਅਰ ਖੇਤੀ ਯੋਗ ਜ਼ਮੀਨ ਹਰ ਸਾਲ ਘੱਟ ਰਹੀ ਹੈ। ਇਹ ਸਭ ਕੁਝ ਵਿਕਾਸ ਦੇ ਨਾਂਅ ਤੇ ਹੋ ਰਿਹਾ ਹੈ। ਕੀ ਯੂ।ਪੀ। 'ਚ ਸਚਮੁੱਚ ਵਿਕਾਸ ਹੋ ਰਿਹਾ ਹੈ? ਜੇ ਉਥੇ ਵਿਕਾਸ ਹੈ ਤਾਂ ਦੇਸ਼ 'ਚ ਸਭ ਤੋਂ ਵੱਧ ਪ੍ਰਵਾਸ ਦੀ ਦਰ ਯੂ।ਪੀ। 'ਚ ਕਿਉਂ ਹੈ?

1992 'ਚ ਪੇਂਡੂ ਪਰਿਵਾਰਾਂ ਕੋਲ 11.7 ਕਰੋੜ ਹੈਕਟੇਅਰ ਖੇਤੀ ਯੋਗ ਭੂਮੀ ਸੀ, ਜੋ 2013 ਤੱਕ ਘਟਕੇ 9.2 ਕਰੋੜ ਹੈਕਟੇਅਰ ਰਹਿ ਗਈ। ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਅਗਲੇ ਸਾਲ ਤੱਕ ਖੇਤੀ ਯੋਗ ਜ਼ਮੀਨ 8 ਕਰੋੜ ਹੈਕਟੇਅਰ ਹੀ ਰਹਿ ਜਾਏਗੀ। ਤਾਂ ਫਿਰ ਦੇਸ਼ ਭੁੱਖਾ ਨਹੀਂ ਮਰੇਗਾ? ਕਿਥੋਂ ਮਿਲੇਗਾ ਕਿਰਤੀ ਲੋਕਾਂ ਨੂੰ ਅੰਨ? ਕਿਥੇ ਮਿਲੇਗਾ ਸਾਫ਼-ਸੁਥਰਾ ਪਾਣੀ?

ਵਿਸ਼ਵ ਭੁੱਖ ਸੂਚਕਾਂਕ-2022 ਦੀ ਰਿਪੋਰਟ ਅਨੁਸਾਰ 16.3 ਫ਼ੀਸਦੀ ਆਬਾਦੀ ਕੁਪੋਸ਼ਨ ਦਾ ਸ਼ਿਕਾਰ ਹੈ। 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਅਵਿਕਸਤ ਹਨ। ਭਾਰਤ ਵਿੱਚ 3।3 ਫ਼ੀਸਦੀ ਬੱਚਿਆਂ ਦੀ 5 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ- ਪਹਿਲਾਂ ਮੌਤ ਹੋ ਜਾਂਦੀ ਹੈ । ਇਥੇ ਹੀ ਬੱਸ ਨਹੀਂ ਦੇਸ਼ਾਂ 'ਚ ਪੈਦਾ ਹੋ ਰਿਹਾ 30 ਫ਼ੀਸਦੀ ਅਨਾਜ਼ ਬਰਬਾਦ ਹੋ ਰਿਹਾ ਹੈ। ਇਹ ਭੋਜਨ ਕਿਸੇ ਦੇ ਪੱਲੇ ਨਹੀਂ ਪੈ ਰਿਹਾ।

ਭਾਰਤ ਦੇਸ਼ ਦੇ ਹਾਕਮਾਂ ਦੀ ਅੱਖ ਤਾਂ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਨਣ 'ਤੇ ਟਿੱਕੀ ਹੋਈ ਹੈ, ਅੱਜ ਕੱਲ ਭਾਰਤ ਦਾ ਹਾਕਮ 5 ਟ੍ਰਿਲੀਅਨ ਡਾਲਰ ਦੀ ਗੱਲ ਕਰਦਾ ਹੈ ਅਤੇ 2047 ਤੱਕ 30 ਟ੍ਰਿਲੀਅਨ ਦੀ ਆਰਥਿਕਤਾ ਵਾਲਾ ਮਾਲਕ ਬਨਣ ਦੇ ਦਾਅਵੇ ਕਰ ਰਿਹਾ ਹੈ। ਕੀ ਭਾਰਤ ਉਦੋਂ ਤੱਕ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਦਾ ਸਫ਼ਰ ਪੂਰਾ ਕਰ ਸਕੇਗਾ, ਜਦੋਂ ਤੱਕ ਦੇਸ਼ ਵਾਸੀਆਂ ਕੋ ਸਿੱਖਿਆ, ਸਿਹਤ, ਚੰਗੇ ਵਾਤਾਵਰਨ ਦੀਆਂ ਇਕੋ ਜਿਹੀਆਂ ਸਹੂਲਤਾਂ ਪੈਦਾ ਨਹੀਂ ਹੁੰਦੀਆਂ? ਇੱਕ ਬਹੁਤ ਹੀ ਹੈਰਾਨ-ਕੁਨ ਰਿਪੋਰਟ ਯੂ.ਐਨ. ਓ. ਵਲੋਂ ਭਾਰਤੀ ਬਜ਼ਟ 2024 ਦੇ ਪੇਸ਼ ਹੋਣ ਦੇ ਦੂਜੇ ਦਿਨ ਜੁਲਾਈ 'ਚ ਛਪੀ ਹੈ, ਜਿਸ ਅਨੁਸਾਰ 20 ਦੇਸ਼ਾਂ ਦੇ 64 ਮਿਲੀਅਨ ਬੱਚੇ ਸਾਊਥ ਏਸ਼ੀਆ ਵਿੱਚ ਅਤੇ 59 ਮਿਲੀਅਨ ਬੱਚੇ ਸਬ-ਸਹਾਰਾ ਅਫਰੀਕਾ ਵਿੱਚ ਇਹੋ ਜਿਹੇ ਹਨ, ਜਿਹੜੇ 5 ਮਹੀਨਿਆਂ ਤੋਂ 23 ਮਹੀਨਿਆਂ ਤੱਕ ਦੀ ਉਮਰ ਦੇ ਹਨ ਅਤੇ ਜਿਹਨਾ ਨੂੰ ਸਹੀ ਖਾਣਾ ਤੱਕ ਵੀ ਨਸੀਬ ਨਹੀਂ ਹੁੰਦਾ। ਇਹਨਾ ਵਿੱਚ 19.3 ਫ਼ੀਸਦੀ ਬੱਚੇ ਭਾਰਤ ਦੇਸ਼ ਨਾਲ ਸਬੰਧਤ ਹਨ।

ਹਾਰਵਰਡ ਸਟੱਡੀ ਜੋ 2024 'ਚ ਛਪੀ ਸੀ,ਵਿੱਚ "ਸਿਫ਼ਰ ਭੋਜਨ ਵਾਲੇ ਬੱਚਿਆਂ" (Zero Food Cihl- dren) ਦੀ ਗੱਲ ਕੀਤੀ ਗਈ ਸੀ, ਇਹ ਬੱਚੇ 5 ਮਹੀਨਿਆਂ ਤੋਂ 23 ਮਹੀਨਿਆਂ ਦੀ ਉਮਰ ਦੇ ਬੱਚੇ ਹੁੰਦੇ ਹਨ, ਜਿਹਨਾ ਨੂੰ ਪਿਛਲੇ 24 ਘੰਟਿਆਂ 'ਚ ਭੋਜਨ ਨਹੀਂ ਮਿਲਦਾ ਅਤੇ ਭਾਰਤ ਇਸ ਲਿਸਟ ਵਿੱਚ ਦੁਨੀਆ ਭਰ 'ਚ ਚੌਥੇ ਸਥਾਨ 'ਤੇ ਹੈ। ਪਹਿਲੇ ਸਥਾਨ ਤੇ ਗੁਆਣਾ (21.8%) ਦੂਜੇ 'ਤੇ ਪਾਲੀ(21.5%) ਅਤੇ ਚੌਥੇ 'ਤੇ ਭਾਰਤ (19.3%) ਰੱਖਿਆ ਗਿਆ ਸੀ, ਭਾਵੇਂ ਕਿ ਭਾਰਤ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਫਰਜ਼ੀ, ਨਕਲੀ ਕਰਾਰ ਦਿੱਤਾ ਸੀ। ਪਰ ਇਹ ਗੱਲ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੀ ਕੁੱਲ 140 ਕਰੋੜ ਆਬਾਦੀ ਵਿੱਚ 76.5 ਕਰੋੜ ਆਬਾਦੀ ਇਹੋ ਜਿਹੀ ਹੈ, ਜਿਸਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿਚੋਂ 19.5 ਕਰੋੜ ਛੋਟੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਜਿਹਨਾਂ ਵਿੱਚ ਲੜਕੀਆਂ ਦੀ ਗਿਣਤੀ ਵੱਧ ਹੈ।

ਇਹ ਗੱਲ ਵੀ ਤੱਥਾਂ ਤੋਂ ਉਲਟ ਨਹੀਂ ਹੈ ਕਿ ਭਾਰਤ ਵਿੱਚ ਅਮੀਰ ਵਰਗ, ਮੱਧ ਵਰਗੀ ਕਿਸਾਨ ਤਾਂ ਚੰਗਾ ਭੋਜਨ ਪ੍ਰਾਪਤ ਕਰਨ ਦੇ ਯੋਗ ਹਨ ਪਰ ਬਾਕੀ ਪੇਂਡੂ ਆਬਾਦੀ, ਮਜ਼ਦੂਰ, ਕਿਸਾਨ, ਆਦਿਵਾਸੀ ਅਤੇ ਮੱਧ ਵਰਗ ਦੇ ਲੋਕਾਂ ਨੂੰ ਬਿਹਤਰ ਭੋਜਨ ਨਸੀਬ ਨਹੀਂ ਹੁੰਦਾ। ਇਸ ਤੋਂ ਵੱਡੀ ਹੋਰ ਕਿਹੜੀ ਵਿਡੰਬਨਾ ਹੋ ਸਕਦੀ ਹੈ ਕਿ ਤਰੱਕੀਆਂ ਕਰਨ ਦੇ ਸੁਪਨੇ ਲੈਣ ਵਾਲਾ "ਮਹਾਨ ਦੇਸ਼", ਗਰੀਬੀ, ਭੁੱਖਮਰੀ ਦੇ ਪੰਜੇ 'ਚ ਫਸਿਆ ਹੋਇਆ ਹੈ ਅਤੇ ਉਸ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਨਿਆਂ ਨੇ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ।

ਕੀ ਇਹ ਸੱਚ ਨਹੀਂ ਕਿ ਮਨੁੱਖ ਨੂੰ ਭੋਜਨ ਤਦੇ ਪ੍ਰਾਪਤ ਹੋਏਗਾ, ਜੇਕਰ ਮਨੁੱਖ ਪੱਲੇ ਰੁਜ਼ਗਾਰ ਹੋਏਗਾ। ਰੁਜ਼ਗਾਰ ਤਦੇ ਮਿਲੇਗਾ, ਜੇਕਰ ਹੱਥ 'ਚ ਕੋਈ ਸਿਖਲਾਈ ਹੋਏਗੀ। ਥਿੰਕ ਟਿੰਕ ਇਸਟੀਚੀਊਟ ਫਾਰ ਹਿਊਮਨ ਡਿਵੈਲਪਮੈਂਟ ਨੇ ਇੱਕ ਰਿਪੋਰਟ ਛਾਪੀ ਹੈ, ਭਾਰਤ ਬਾਰੇ, ਜਿਸ 'ਚ ਲਿਖਿਆ ਹੈ ਕਿ ਦੱਖਣੀ ਏਸ਼ੀਆਈ ਰਾਸ਼ਟਰ ਵਿੱਚ ਤਿੰਨ ਵਿਚੋਂ ਇੱਕ ਯੁਵਕ ਨਾ ਤਾਂ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨਾ ਹੀ ਉਹ ਕੋਈ ਸਿਖਲਾਈ ਪਰਾਪਤ ਕਰ ਰਿਹਾ ਹੈ। ਹਾਲਾਤ ਇਹ ਹਨ ਕਿ ਦੇਸ਼ ਵਿੱਚ ਪੜ੍ਹੇ ਲਿਖੇ ਯੁਵਕਾਂ 'ਚ ਬੇਰੁਜ਼ਗਾਰੀ ਦਰ 40 ਫ਼ੀਸਦੀ ਤੋਂ ਉਪਰ ਟੱਪ ਚੁੱਕੀ ਹੈ।



ਭਾਰਤ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਦੀ 5 ਫ਼ੀਸਦੀ ਆਬਾਦੀ ਗਰੀਬਾਂ ਦੀ ਹੈ। ਭਾਵ ਸੱਤ ਕਰੋੜ ਲੋਕ ਗਰੀਬ ਹਨ। ਸਰਕਾਰ ਨੇ ਘਰੇਲੂ ਉਪਯੋਗ ਸਰਵੇਖਣ ਕਰਵਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ 'ਚ ਪ੍ਰਤੀ ਵਿਅਕਤੀ ਔਸਤਨ ਖ਼ਰਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ 'ਚ 4963 ਰੁਪਏ ਹੈ। ਜਿਸਦਾ ਸਿੱਧਾ ਅਰਥ ਹੈ ਕਿ ਭਾਰਤ ਦੇ 71 ਕਰੋੜ ਲੋਕ ਪ੍ਰਤੀ ਦਿਨ 100-150 ਰੁਪਏ ਜਾਂ ਉਸਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ। ਜੇਕਰ ਪਰਤ-ਦਰ-ਪਰਤ ਹੇਠਾਂ ਜਾਈਏ ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ। ਸਭ ਤੋਂ ਹੇਠਲੇ 20 ਫੀਸਦੀ ਲੋਕ 70-100 ਰੁਪਏ ਤੇ ਜੀਵਨ ਨਿਰਬਾਹ ਕਰਦੇ ਹਨ ਅਤੇ ਹੋਰ ਹੇਠਲੇ 10 ਫ਼ੀਸਦੀ ਲੋਕ 60-90 ਰੁਪਏ 'ਤੇ ਜੀਵਨ ਗੁਜ਼ਾਰਾ ਕਰਦੇ ਹਨ। ਕੀ ਇਹ ਗਰੀਬ ਨਹੀਂ ਹਨ? ਜਾਂ ਇਹਨਾ ਦੀ ਸ਼੍ਰੇਣੀ ਗਰੀਬੀ ਰੇਖਾ ਤੋਂ ਵੀ ਹੋਰ ਹੇਠ ਹੈ?

ਇਥੇ ਇਹ ਗੱਲ ਸਮਝਣ ਵਾਲੀ ਹੈ ਕਿ ਆਬਾਦੀ ਦਾ 50 %, ਭਾਵ 71 ਕਰੋੜ ਲੋਕ, ਨਾ ਤਾਂ ਸਰਕਾਰੀ ਕਰਮਚਾਰੀ ਹਨ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਹਨ, ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖ਼ਾਹਦਾਰ ਕਰਮਚਾਰੀ ਹਨ। ਪਰ ਤਦ ਵੀ ਇਹ ਲੋਕ ਜੀ।ਐਸ।ਟੀ। ਜਿਹੇ ਟੈਕਸ, ਚੀਜਾਂ ਖਰੀਦਣ ਵੇਲੇ ਦਿੰਦੇ ਹਨ, ਜਿਹਨਾ 'ਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਹਨ, ਜਿਹਨਾਂ ਦੀ ਆਮਦਨ ਪਿਛਲੇ 6 ਸਾਲਾਂ ਤੋਂ ਮਹਿੰਗਾਈ ਦੇ ਦੌਰ 'ਚ ਸਥਿਰ ਹੋ ਕੇ ਰਹੇ ਗਈ ਹੋਈ ਹੈ। ਇਸ ਸਥਿਰ ਹੋਈ ਆਮਦਨ ਦਾ ਆਖ਼ਰ ਜ਼ੁੰਮੇਵਾਰ ਕੌਣ ਹੈ? ਕੀ ਇਸ ਦੀ ਜ਼ੁੰਮੇਵਾਰ ਸਰਕਾਰ ਨਹੀਂ ਹੈ? ਕੀ ਇਸਦਾ ਜ਼ੁੰਮੇਵਾਰ ਆਰਥਿਕ ਬਦਨੀਤੀ ਦਾ ਅਲੰਬਰਦਾਰ ਦੇਸ਼ ਦਾ ਕਾਰਪੋਰੇਟ ਲਾਣਾ ਨਹੀਂ ਹੈ? ਆਰਥਿਕ ਬਦਨੀਤੀ ਤੇ ਸਿਆਸੀ ਬੇਈਮਾਨੀ ਹੰਢਾਉਂਦਿਆਂ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਦਹਾਕੇ ਬੀਤ ਗਏ ਹਨ। ਸਰਕਾਰਾਂ ਆਉਂਦੀਆਂ ਹਨ, ਸਰਕਾਰਾਂ ਤੁਰ ਜਾਂਦੀਆਂ ਹਨ। ਗਰੀਬਾਂ ਦੇ ਨਾਂਅ 'ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੇ ਢਿੱਡ ਭਰਦੇ ਹਨ ਪਰ ਲੋਕਾਂ ਦੀ ਉਹ ਪ੍ਰਵਾਹ ਨਹੀਂ ਕਰਦੇ।

ਵਿਸ਼ਵ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਹੈ। 140 ਕਰੋੜ ਤੋਂ ਉਪਰ ਵਿਸ਼ਵ ਦੇ ਗਲੋਬਲ ਭੁੱਖਮਰੀ ਇਡੈਕਸ-2023 ਅਨੁਸਾਰ 125 ਦੇਸ਼ਾਂ ਵਿੱਚ ਸਾਡਾ ਸਥਾਨ 111 ਵਾਂ ਹੈ। ਬੇਰੁਜ਼ਗਾਰੀ ਦੀ ਦਰ 2024 ਜੂਨ ਅਨੁਸਾਰ 9।3 ਫ਼ੀਸਦੀ ਹੈ। ਬੇਰੁਜ਼ਗਾਰੀ 'ਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ। ਸਿਹਤ ਸੇਵਾਵਾਂ ਪ੍ਰਤੀ 167 ਦੇਸ਼ਾਂ 'ਚ ਸਾਡਾ ਸਥਾਨ 111ਵੇਂ ਸਥਾਨ ਤੇ ਹੈ। ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ 'ਚ ਭਾਰਤ 134 ਦੇਸ਼ਾਂ 'ਚ ਤੀਜੇ ਸਥਾਨ 'ਤੇ ਹੈ। ਭਾਵ ਦੇਸ਼ ਦੇ ਵੱਡੇ ਸ਼ਹਿਰ ਅੱਤ ਦਰਜੇ ਦੇ ਗੰਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦੇ ਸਭ ਤੋ ਗੰਦੇ ਸ਼ਹਿਰਾਂ 'ਚ ਸ਼ਾਮਲ ਹੈ। ਪਾਣੀ ਪ੍ਰਦੂਸ਼ਣ ਦੇ ਮਾਮਲੇ 'ਚ ਵੀ ਦੇਸ਼ ਪਿਛੇ ਨਹੀਂ। ਇਸ ਸਭ ਕੁਝ ਦਾ ਅਸਰ ਸਧਾਰਨ ਲੋਕਾਂ 'ਤੇ ਪੈਂਦਾ ਹੈ। ਦੇਸ਼ ਦੀਆਂ ਆਰਥਿਕ ਬਦਨੀਤੀਆਂ ਗਰੀਬ ਲੋਕਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀਆਂ ਹਨ। ਭੁੱਖਮਰੀ ਨੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ। ਗੰਦੀਆਂ ਬਸਤੀਆਂ (ਸਲੱਮ ਏਰੀਆ) ਵਧ ਰਿਹਾ ਹੈ, ਖੇਤੀ ਘਟ ਰਹੀ ਹੈ। ਪ੍ਰਦੂਸ਼ਣ ਨੇ ਬਿਮਾਰੀਆਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਪੈਦਾ ਬਿਮਾਰੀਆਂ ਨੂੰ ਕਾਬੂ ਕਰਨ ਦੇ ਨਾਂਅ ਹੇਠ ਨਵੀਆਂ ਦਵਾਈਆਂ ਬਣਾਕੇ, ਭਰਮ ਪੈਦਾ ਕਰਕੇ ਲੋਕਾਂ ਨੂੰ ਕਾਰਪੋਰੇਟ ਜਗਤ ਠਗ ਰਿਹਾ ਹੈ।

ਬਿਨ੍ਹਾਂ ਸ਼ੱਕ ਦੇਸ਼ ਦਾ ਵਿਕਾਸ ਜ਼ਰੂਰੀ ਹੈ। ਬੁਨਿਆਦੀ ਢਾਂਚਾ, ਪੁਲ, ਸੜਕਾਂ, ਸਕੂਲ, ਕਾਲਜ, ਹਸਪਤਾਲ ਜ਼ਰੂਰੀ ਹਨ। ਪਰ ਜਿਹਨਾ ਪੇਂਡੂ ਇਲਾਕਿਆਂ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਦੀਆਂ ਬਸਤੀਆਂ ਹਨ, ਉਹਨਾ ਤੱਕ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਕੀ ਜ਼ਰੂਰੀ ਨਹੀਂ? ਅੱਜ ਸਥਿਤੀ ਇਹ ਹੈ ਕਿ ਇਹਨਾ ਬਸਤੀਆਂ ਤੱਕ ਨਾ ਭਰੋਸੇਮੰਦ ਬਿਜਲੀ ਆਉਂਦੀ ਹੈ, ਨਾ ਸੜਕਾਂ ਪਹੁੰਚਦੀਆਂ ਹਨ, ਨਾ ਇੱਕੀਵੀਂ ਸਦੀ ਦੀਆਂ ਜ਼ਰੂਰੀ ਸੁਵਿਧਾਵਾਂ! ਭਾਰਤੀ ਵਿਵਸਥਾ ਦੇ ਇਸ ਟੁੱਟੇ ਹੋਏ ਢਾਂਚੇ ਨੂੰ ਮਜ਼ਬੂਤ ਬਨਾਉਣ ਦੇ ਬਦਲੇ ਗਰੀਬਾਂ ਨੂੰ ਖੈਰਾਤ ਬਖਸ਼ਣ ਦੀ ਨੀਤੀ ਜਾਰੀ ਹੈ।

ਕੀ ਇਹ ਸਿਆਸੀ ਬੇਇਮਾਨੀ ਨਹੀਂ ਹੈ? ਕੀ ਇਹ ਆਰਥਿਕ ਬਦਨੀਤੀ ਨਹੀਂ ਹੈ, ਕਿ ਦੇਸ਼ ਦੀਆਂ ਲਗਾਮਾਂ ਧਨ ਕੁਬੇਰਾਂ ਹੱਥ ਫੜਾ ਦਿੱਤੀਆਂ ਜਾਣ ਤਾਂ ਕਿ ਉਹ ਦੇਸ਼ ਦੇ ਲੋਕਾਂ ਦੀ ਲੁੱਟ-ਖਸੁੱਟ ਮਨਮਰਜ਼ੀ ਨਾਲ ਕਰ ਸਕਣ। ਇਸ ਤੋਂ ਵੱਡੀ ਦੇਸ਼ ਦੀ ਬਦਹਾਲੀ ਹੋਰ ਕੀ ਹੋ ਸਕਦੀ ਹੈ?

## ਆਸਟਰੇਲੀਆ ਦਾ ਅਰਾਈਵਲ ਕਾਰਡ ਹਾਈ ਟੈਕ ਹੋ ਕੇ ਬਣੇਗਾ ਆਈ. ਪੀ. ਸੀ.




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗੁਆਂਢੀ ਮੁਲਕ ਆਸਟਰੇਲੀਆ ਦੇ ਵਿਚ ਇਹ ਗੱਲ ਉਠਣ ਲੱਗੀ ਹੈ ਕਿ ਜਿਵੇਂ ਨਿਊਜ਼ੀਲੈਂਡ ਦੇ ਵਿਚ ਦਾਖਲ ਹੋਣ ਵੇਲੇ ਅਰਾਈਵਲ ਕਾਰਡ ਆਨ ਲਾਈਨ ਭਰਿਆ ਜਾ ਸਕਦਾ ਹੈ ਜਿਸ ਨੂੰ 'ਟ੍ਰੈਵਲਰਜ਼ ਡੈਕਲਾਰੇਸ਼ਨ' ਕਹਿੰਦੇ ਹਨ ਦੀ ਤਰਜ਼ ਉਤੇ ਇਨਕਮਿੰਗ ਪੈਸੰਜਰ ਕਾਰਡ (ਆਈ. ਪੀ. ਸੀ.) ਲਾਂਚ ਕੀਤਾ ਜਾਵੇ। ਇਸਦੇ ਨਾਲ ਬਿਰਧ ਹੋ ਚੁੱਕਾ ਕਾਰਡ ਭਰਨ ਵਾਲਾ ਸਿਸਟਮ ਖਤਮ ਹੋ ਜਾਵੇਗਾ। ਇਸ ਕਾਰਡ ਦੇ ਵਿਚ ਜਿੱਥੇ ਤੁਹਾਡੇ ਪਾਸਪੋਰਟ ਆਦਿ ਦਾ ਵੇਰਵਾ ਹੁੰਦਾ ਹੈ, ਉਥੇ ਸੰਪਰਕ ਨੰਬਰ, ਟ੍ਰੈਵਲ ਹਿਸਟਰੀ, ਟ੍ਰੈਵਲ ਵੇਰਵਾ, ਤੁਸੀਂ ਕਿਹੜੀ ਵਸੂਤ ਲਿਆ ਰਹੇ ਹੋ ਜਾਂ ਫਿਰ ਇਲੈਕਟ੍ਰਾਨਿਕ ਵੀਜ਼ੇ ਸਬੰਧੀ ਜਾਣਕਾਰੀ ਭਰਨੀ ਹੁੰਦੀ ਹੈ। ਬਹੁਤ ਵਾਰ ਜਹਾਜ਼ ਦੇ ਵਿਚ ਜਾਂ ਉਤਰ ਕੇ ਕਾਗਜ਼ ਵਾਲਾ ਕਾਰਡ ਭਰਨ ਦੇ ਲਈ ਲੋਕ ਇਕ ਦੂਜੇ ਦੀ ਸਹਾਇਤਾ ਮੰਗਦੇ ਹਨ, ਲਿਖਣ ਦੇ ਲਈ ਪੈਨ ਦੀ ਮੰਗ ਕਰਦੇ ਹਨ ਜਾਂ ਫਿਰ ਗਲਤੀ ਦੇ ਨਾਲ ਉਸ ਚੀਜ਼ ਉਤੇ ਠੀਕਾ ਵੱਜ ਜਾਂਦਾ ਹੈ, ਜਿਸ ਉਤੇ ਨਹੀਂ ਸੀ ਵੱਜਣਾ ਚਾਹੀਦਾ। ਨਿਊਜ਼ੀਲੈਂਡ ਦੇ ਵਿਚ ਇਹ ਆਨ ਲਾਈਨ ਸਿਸਟਮ ਪਿਛਲੇ ਸਾਲ ਜੂਨ ਦੇ ਵਿਚ ਸ਼ੁਰੂ ਕਰ ਦਿੱਤਾ ਗਿਆ ਸੀ।

## .ਗਜ਼ਲ

ਮਗਰ ਅਵਸੋਸ ਇਸ ਦੀ ਹੋਂਦ ਸਾਰੀ ਬੁਲਬੁਲੇ ਜਿੰਨੀ।
ਜਵਾਨੀ ਜ਼ਹਿਰ ਤੋਂ ਕੌੜੀ ਜਵਾਨੀ ਸ਼ਹਿਦ ਤੋਂ ਮਿੱਠੀ।
ਹਿਲਾ ਕੇ ਰਖ ਦਵੇ ਨੀਹਾਂ ਜੇ ਅਪਣੀਂ ਆਈ ਤੇ ਆਵੇ,
ਮਗਰ ਵੇਖਣ ਨੂੰ ਕੀੜੀ ਦੀ ਸਮਰਥਾ ਜਾਪਦੀ ਕਿੱਡੀ।
ਕੋਈ ਵਿਰਲਾ ਹੀ ਪੜ੍ਹ ਸਕਦਾ ਇਸ਼ਕ ਦੀ ਦਾਸਤਾਂ ਐਸੀ,
ਅਖ਼ੀਰੀ ਦਸਤਖ਼ਤ ਹੰਝੂ, ਲਹੂ ਦੇ ਵਿਚ ਲਿਖੀ ਚਿੱਠੀ।
ਤਰੱਕੀ ਦੇ ਉਜਾਲੇ ਵਿਚ ਨਵੇਂ ਸੂਰਜ ਲਿਆਉਣੇਂ ਨੇ,
ਜਵਾਨਾਂ ਸ਼ਹਿਰ ਦੇ ਵਿਚ ਸੋਚ ਕੇ ਹੈ ਯੋਜਨਾ ਵਿੱਢੀ।
ਜੇ ਤੂੰ ਵਿਗਿਆਨ ਦੀ ਪੌੜੀ ਤੇ ਚੜ੍ਹਨਾ ਸੋਚ ਇੰਝ ਰੱਖੀਂ,
ਸਮੁੰਦਰ ਤੋਂ ਬੜੀ ਗਹਿਰੀ ਤੇ ਉਚੀ ਆਸਮਾਂ ਜਿੱਡੀ।
ਸਿਰਫ਼ ਉਹਨਾਂ ਦਾ ਰਹਿਣਾ ਨਾਮ ਜਿਨ੍ਹਾਂ ਨੇ ਰੌਸ਼ਨੀ ਵੰਡਣੀਂ,
ਮਗਰ ਹਰ ਚੀਜ਼ ਨੇ ਹੋ ਜਾਵਣਾ ਹੈ ਅੰਤ ਨੂੰ ਮਿੱਟੀ।
ਜਵਾਨਾਂ ਨੂੰ ਇਹਦੇ ਨਿਰਮਾਣ ਤੋਂ ਕੁਝ ਸਿਖਣਾ ਬਣਦਾ ਹੈ,
ਚਿੜੀ ਦਾ ਆਲ੍ਹਣਾ ਵੇਖੋ, ਤੇ ਹੈ ਵੀ ਕੱਦ ਦੀ ਗਿੱਠੀ।
ਕਿਸੇ ਵੀ ਯਾਦ ਦਾ ਕਿ ਨੂਰ ਬਾਲਮ ਨਜ਼ਰ ਆਉਂਦਾ ਹੈ,
ਸਵੇਰੇ ਦੀ ਜਦੋਂ ਲਾਲੀ ਸਵੇਰੇ ਸਾਰ ਹੈ ਢਿੱਠੀ।

**ਬਲਵਿੰਦਰ ਬਾਲਮ ਗੁਰਦਾਸਪੁਰ**
91-98156-25409

## ਪਿੰਡ ਅਖਾੜਾ ਦੀ ਬਾਇਓ ਗੈਸ ਫੈਕਟਰੀ ਖ਼ਿਲਾਫ਼ ਸੰਘਰਸ਼ 96ਵੇ ਦਿਨ 'ਚ ਦਾਖਲ ਹੋਇਆ



**ਲੁਧਿਆਣਾ (ਦਲਜੀਤ ਕੌਰ)-** ਅਖਾੜਾ ਪਿੰਡ ਦੇ ਮੁੱਢ ਚ ਲਾਈ ਜਾਣ ਵਾਲੀ ਬਾਇਓ ਗੈਸ ਫੈਕਟਰੀ ਅਸਲ ਚ ਇਲਾਕੇ ਦੇ ਪਿੰਡਾਂ ਲਈ ਕੈਂਸਰ ਫੈਕਟਰੀ ਹੈ। ਇਸ ਪ੍ਰਦੂਸ਼ਨ ਫੈਲਾਉਣ ਵਾਲੀ ਫੈਕਟਰੀ ਨੂੰ ਬੰਦ ਕਰਵਾਉਣ ਲਈ ਅਖਾੜਾ ਪਿੰਡ ਨਿਵਾਸੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ ਚ ਸੰਘਰਸ਼ ਕਮੇਟੀ ਬਣਾ ਕੇ ਪੂਰੀ ਤਨਦੇਹੀ ਨਾਲ ਸੰਘਰਸ਼ ਚ ਜੁੱਟੇ ਹੋਏ ਹਨ। ਅਖਾੜਾ ਤੋਂ ਬਿਨਾਂ ਅਜਿਹੀਆਂ ਫ਼ੈਕਟਰੀਆਂ ਲੁਧਿਆਣਾ ਜਿਲੇ ਚ ਪਿੰਡ ਭੂੰਦੜੀ, ਮੁਸ਼ਕਾਬਾਦ, ਘੁੰਗਰਾਲੀ ਰਾਜਪੂਤਾਂ ਚ ਵੀ ਇਸੇ ਤਰਜ਼ ਤੇ ਦਿਨ ਰਾਤ ਦੇ ਰੋਸ ਧਰਨਿਆਂ ਚ ਵੱਡੀ ਗਿਣਤੀ ਚ ਲੋਕ ਸ਼ਾਮਲ ਹੋ ਰਹੇ ਹਨ। ਇੰਨਾਂ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕ ਇੰਨਾਂ ਜ਼ਹਿਰ ਵਰਤਾਉਣ ਵਾਲੀਆਂ ਫ਼ੈਕਟਰੀਆਂ ਨੂੰ ਬੰਦ ਕਰਾਉਣ ਲਈ ਇਸ ਸਾਂਝੇ ਅੰਦੋਲਨ ਨੂੰ ਵਕਾਰ ਦਾ ਸਵਾਲ ਬਣਾ ਲਿਆ ਹੈ।ਇਸ ਲਈ ਇੰਨਾਂ ਸਾਰੇ ਪਿੰਡਾਂ ਨੇ ਇੱਕ ਜੂਨ ਨੂੰ ਹੋਏ ਲੋਕ ਸਭਾ ਇਲੈਕਸ਼ਨਾਂ ਦਾ ਡੱਟਵਾਂ ਵਿਰੋਧ ਕੀਤਾ ਸੀ। ਸੰਪੂਰਨ ਵੋਟ ਬਾਈਕਾਟ ਨੇ ਲੋਕਾਂ ਦੇ ਮਜਬੂਤ ਇਰਾਦੇ ਦਾ ਇਜ਼ਹਾਰ ਕਰ ਦਿੱਤਾ ਸੀ। ਅੱਜ ਦੇ ਰੋਸ ਧਰਨੇ ਸਮੇਂ ਬੋਲਦਿਆਂ ਕਿਸਾਨ ਤੇ ਸੰਘਰਸ਼ ਕਮੇਟੀ ਆਗੂ ਗੁਰਤੇਜ ਸਿੰਘ ਅਖਾੜਾ ਤੇ ਦਰਸ਼ਨ ਸਿੰਘ ਅਖਾੜਾ ਨੇ ਦੱਸਿਆ ਕਿ ਇੱਕ ਅਗਸਤ ਦੀ ਪੰਜਾਬ ਸਰਕਾਰ ਦੇ ਮੁੱਖ ਸੱਕਤਰ ਨਾਲ ਹੋਈ ਮੀਟਿੰਗ ਚ ਹੋਈ ਗੱਲਬਾਤ ਪਿੱਛੋਂ ਮਸਲੇ ਦੇ ਹੱਲ ਹੋਣ ਦੀ ਆਸ ਤਾਂ ਬੱਝੀ ਹੈ ਪਰ ਸੰਘਰਸ਼ ਜਾਰੀ ਰਹੇਗਾ। ਇਸ ਦੋਰਾਨ ਇਨਕਲਾਬੀ ਕੇਂਦਰ ਪੰਜਾਬ ਅਤੇ ਸੰਘਰਸ਼ ਤਾਲਮੇਲ ਕਮੇਟੀ ਦੇ ਆਗੂ ਕੰਵਲਜੀਤ ਖੰਨਾ ਨੇ ਦੱਸਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇੰਨਾਂ ਬਾਇਓ ਗੈਸ ਫ਼ੈਕਟਰੀਆਂ ਨੂੰ ਤੁਰੰਤ ਪੱਕੇ ਤੋਰ ਤੇ ਬੰਦ ਕਰਾਉਣ ਦਾ ਫ਼ੈਸਲਾ ਕਰਨਾ ਹੀ ਪਵੇਗਾ ਜਿਵੇ ਜ਼ੀਰਾ ਗੈਸ ਫੈਕਟਰੀ ਨੂੰ ਬੰਦ ਕਰਾਉਣ ਦਾ ਫੈਸਲਾ ਲੋਕ ਦਬਾਅ ਨਾਲ ਹੋਇਆ ਸੀ।

# "ਅਸਟ੍ਰੇਲੀਆ ਦਾ ਮੂੰਹ ਮੱਥਾ ਸਵਾਰਨ 'ਚ ਪੰਜਾਬੀਆਂ ਦਾ ਵੀ ਵੱਡਾ ਯੋਗਦਾਨ ਰਿਹੈ"



ਮਨਮੋਹਨ ਸਿੰਘ ਖੇਲਾ
919501414749,
+61432548855

ਹਿੰਦੋਸਤਾਨ 'ਚ ਜਦੋਂ ਅਮੀਰ ਅਤੇ ਉੱਚ ਜਾਤੀਆਂ ਸਮੇਤ ਧਰਮ ਦੇ ਪੈਰੋਕਾਰਾਂ ਨੇ ਗਰੀਬਾਂ ਸਮੇਤ ਨੀਵੀਂਆਂ ਜਾਤਾਂ ਦੇ ਲੋਕਾਂ ਨਾਲ ਵਿਤਕਰਾ ਕਰਦਿਆਂ ਹੋਇਆਂ ਨੇ ਛੂਤ-ਛਾਤ ਨੂੰ ਬਹੁਤ ਬੜਾਵਾ ਦਿੰਦਿਆਂ ਛੋਟੀਆਂ ਜਾਤਾਂ ਦੀ ਭਿੱਟ ਹੋਣ ਨਾਲ ਨਫਰਤ ਪੈਦਾ ਕਰਕੇ ਗਰੀਬ ਅਛੂਤਾਂ ਵਿਚ ਅੰਤਾਂ ਦੀ ਹੀਣ ਭਾਵਨਾ ਪੈਦਾ ਕੀਤੀ ਹੋਈ ਸੀ। ਉਸ ਵੇਲੇ ਅਮੀਰ 'ਤੇ ਉੱਚ ਜਾਤੀ ਲੋਕਾਂ ਵਲੋਂ ਗਰੀਬ 'ਤੇ ਛੋਟੀਆਂ ਜਾਤਾਂ ਦੇ ਲੋਕਾਂ ਨਾਲ ਡੰਗਰਾਂ ਅਤੇ ਜਾਨਵਰਾਂ ਤੋਂ ਵੀ ਬਹੁਤ ਘਟੀਆ ਵਿਵਹਾਰ ਕੀਤਾ ਜਾਣ ਲੱਗ ਪਿਆ ਸੀ। ਉਸ ਵੇਲੇ ਪ੍ਰਮਾਤਮਾ ਵਲੋਂ ਲਾਹੌਰ ਲਾਗੇ ਸਾਬੋ ਕੀ ਤਲਵੰਡੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ 1469 ਈਸਵੀ 'ਚ 15 ਅਪ੍ਰੈਲ (ਕੱਤਕ) ਦੀ ਪੂਰਨਮਾਸ਼ੀ ਨੂੰ ਮਾਤਾ ਤ੍ਰਿਪਤਾ ਅਤੇ ਮਾਲ ਵਿਭਾਗ 'ਚ ਬਤੌਰ ਪਟਵਾਰੀ ਵਜੋਂ ਕੰਮ ਕਰਨ ਵਾਲੇ ਮਹਿਤਾ ਕਾਲੂ ਜੀ ਦੇ ਘਰ ਗਰੀਬ 'ਤੇ ਦੁਖੀ ਸਮਾਜ ਦੇ ਦਰਦਾਂ ਨੂੰ ਅਪਣਾ ਦਰਦ ਸਮਝਣ ਵਾਲੇ ਮਸੀਹੇ ਅਤੇ ਸਿੱਖ ਧਰਮ ਦੇ ਜਨਮਦਾਤਾ 'ਤੇ ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ। ਗੁਰੂ ਸਾਹਿਬ ਜੀ ਵਲੋਂ ਅਵਤਾਰ ਧਾਰ ਕੇ ਮਾਨਵਤਾ ਵਿਚ ਊਚ-ਨੀਚ, ਗਰੀਬ-ਅਮੀਰ 'ਚ ਪਏ ਪਾੜੇ ਨੂੰ ਅਤੇ ਗਰੀਬ 'ਤੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਬਰਾਬਰਤਾ ਦੁਆਉਂਣ ਲਈ ਭਾਈ ਲਾਲੋ ਦੀ ਸੱਖਤ ਮਹਿਨਤ ਦੀ ਕਮਾਈ ਨਾਲ ਬਣਾਈ ਕੋਧਰੇ ਦੀ ਰੁੱਖੀ-ਸੁੱਖੀ ਰੋਟੀ ਵਿਚੋਂ ਅੰਮ੍ਰਿਤ ਰੂਪੀ ਦੁੱਧ ਅਤੇ ਮਹਿਨਤੀ ਗਰੀਬਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਹੜਪ ਕਰਨ ਵਾਲੇ ਸੇਠ ਮਲਕ ਭਾਗੋ ਦੁਆਰਾ ਛੱਤੀ ਪ੍ਰਕਾਰ ਦੇ ਬਣਾਏ ਭੋਜਨ ਵਿਚੋਂ ਖੂਨ (ਲਹੂ) ਕੱਢ ਕੇ ਸਾਬਤ ਕੀਤਾ ਸੀ ਕਿ ਇਮਾਨਦਾਰ ਮਹਿਨਤਕਸ਼ਾਂ ਦੀ ਕਮਾਈ ਅੰਮ੍ਰਿਤ ਹੈ। ਇਸੇ ਤਰ੍ਹਾਂ ਹੰਕਾਰੇ ਹੋਏ ਵੱਡੇ ਲੋਕਾਂ ਵਲੋਂ ਲੁੱਟ-ਕਸੁੱਟ ਦੁਆਦਾ ਕੀਤੀ ਗਈ ਕਮਾਈ ਗਰੀਬਾਂ ਦਾ ਖੂਨ ਹੈ। ਸਾਰੇ ਸਮਾਜ ਨੂੰ ਬਰਾਬਰ ਲਿਆਉਂਣ ਦਾ ਪੁੱਟਿਆ ਗਿਆ ਇਹ ਬਹੁਤ ਵੱਡਾ ਇਨਕਲਾਬੀ ਕਦਮ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦਸਵੇਂ ਗੁਰੂ ਗੋਬਿੰਦ ਸਿੰਘ ਤੱਕ ਦਸਾਂ ਗੁਰੂ ਸਾਹਿਬਾਨ ਦੁਆਰਾ ਸਾਡੇ ਸਮਾਜ ਲਈ ਕੀਤੀਆਂ ਗਈਆਂ ਕੁਰਬਾਨੀਆਂ 'ਤੇ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਸਮੇਤ ਸਮਾਜ ਲਈ ਕੀਤੇ ਗਏ ਕੰਮਾਂ ਨੇ ਇੱਕ ਆਮ ਆਦਮੀ ਨੂੰ ਖਾਲਸ ਪੁਰਸ਼ ਖਾਲਸਾ ਬਣਾ ਦਿੱਤਾ ਹੋਇਆ ਹੈ।

ਇਨ੍ਹਾਂ ਸਿੱਖਿਆਵਾਂ ਨੂੰ ਪ੍ਰਾਪਤ ਕਰਨ ਵਾਲੇ ਇਸ ਖਿਤੇ ਦੇ ਮਿਹਨਤੀ ਮਿਹਨਤਕਸ਼ ਪੰਜਾਬੀ ਸਿੱਖਾਂ ਨੇ ਦੁਨੀਆਂ ਦੇ ਅਨੇਕਾਂ ਹੋਰ ਦੇਸਾਂ ਤੋਂ ਇਲਾਵਾ ਅਸਟ੍ਰੇਲੀਆ 'ਚ ਵੀ ਖਾਲੀ ਹੱਥ ਪਹੁੰਚ ਕੇ ਸਾਰੀ ਦੁਨੀਆਂ ਦੀਆਂ ਹੋਰ ਬਾਕੀ ਕੌਮਾਂ ਨੂੰ ਆਪਣੀ ਸੱਖਤ ਮਹਿਨਤ ਜਰੀਏ ਹੈਰਾਨ ਕਰ ਵਿਖਾਇਆ ਹੈ। ਜਿਸ ਦੀ ਜਿਊਂਦੀ ਜਾਗਦੀ ਮਿਸਾਲ ਸਤਾਰਵੀਂ, ਅਠਾਰਵੀਂ, ਉੱਨੀਵੀਂ ਸਦੀ 'ਚ ਗਰੀਬੀ ਦੀ ਮਾਰ ਨਾ ਸਹਿੰਦੇ ਹੋਏ ਪੰਜਾਬੀ, ਸਮੁੰਦਰੀ ਕਿਸਤੀਆਂ ਅਤੇ ਜਹਾਜਾਂ 'ਤੇ ਚੜ੍ਹ ਕੇ ਸੰਸਾਰ ਦੇ ਹੋਰ ਦੇਸਾਂ ਦੀ ਤਰ੍ਹਾਂ ਅਸਟ੍ਰੇਲੀਆ ਵਿਚ ਵੀ ਆਣ ਪਹੁੰਚੇ ਸਨ। ਉਦੋਂ ਪੇਂਡੂ ਬੋਲੀ 'ਚ ਇਸ ਦੇਸ ਨੂੰ ਸਾਡੇ ਲੋਕੀਂ 'ਤੇਲੀਆ' ਕਹਿੰਦੇ ਸਨ। ਉਦੋਂ ਬ੍ਰਿਟਿਸ਼ ਸਰਕਾਰ ਦਾ ਰਾਜ ਸਾਰੀ ਦੁਨੀਆਂ 'ਚ ਫੈਲ ਰਿਹਾ ਸੀ। ਇਸੇ ਨੀਯਤ ਨਾਲ ਬ੍ਰਿਟਿਸ਼ ਸਰਕਾਰ ਨੇ ਕੈਪਟਨ ਕੁੱਕ ਨਾ ਦੇ ਕਪਤਾਨ ਨੂੰ ਕਮਜੋਰ ਰਾਜ ਪ੍ਰਬੰਧ ਵਾਲੇ ਦੇਸਾਂ ਅਤੇ ਵਿਹਲੀਆਂ ਧਰਤੀਆਂ ਵਾਲੇ ਦੇਸ ਲੱਭਣ ਲਈ ਭੇਜਿਆ। ਜਿਹੜਾ ਕਿ ਸਮੁੰਦਰੀ ਬੇੜਾ ਲੈ ਕੇ 1770 'ਚ ਇਸ ਵਿਹਲੀ ਪਈ ਧਰਤੀ ਅਸਟ੍ਰੇਲੀਆ ਅਤੇ ਨਿਊਜੀਲੈਂਡ ਪਹੁੰਚਿਆ।ਨਾਮਾਤਰ ਥੋੜੇ ਜਹੇ ਓਬਰਿਜਨਲ ਮੂਲਵਾਸੀ ਵਸੋਂ ਵਾਲੀ ਇਸ ਧਰਤੀ ਦਾ ਆਪਣੀ ਪਾਰਖੂ ਅੱਖ ਨਾਲ ਜਾਇਜਾ ਲੈ ਕੇ ਅਨਮੋਲ ਖਣਿਜ ਪਦਾਰਥਾਂ ਵਾਲੇ ਵਡਮੁਲੇ ਅਨਮੋਲ ਖਜਾਨੇ ਵਾਲੀ ਵਿਹਲੀ ਪਈ ਧਰਤੀ ਨੂੰ ਅਬਾਦ ਕਰਨ ਦੀ ਨੀਯਤ ਨਾਲ ਬ੍ਰਿਟਿਸ਼ ਸਰਕਾਰ ਪਾਸ ਦਸਣ ਲਈ ਵਾਪਿਸ ਮੁੜ ਗਿਆ। ਦੁਬਾਰਾ ਤੋਂ ਬ੍ਰਿਟਿਸ਼ ਸਰਕਾਰ ਨੇ ਕੈਪਟਨ ਔਰਥਰ ਫਿਲਪ ਦੀ ਕਮਾਂਡ ਹੇਠ ਆਪਣੇ ਰਾਜ ਹੇਠ ਆਉਂਦੇ ਅਪਰਾਧੀ ਕਿਸਮ ਦੇ ਲੋਕਾਂ ਨੂੰ ਸਜਾ ਦੇਣ ਦੀ ਨੀਯਤ ਨਾਲ ਅਤੇ ਉਨ੍ਹਾਂ ਤੋਂ ਹੀ ਕਲੋਨੀਆਂ ਬਣਵਾਉਂਣ ਲਈ ਅਤੇ ਅਸਟ੍ਰੇਲੀਆ ਉੱਤੇ ਕਬਜਾ ਕਰਨ ਲਈ 11 ਸਮੁੰਦਰੀ ਬੇੜਿਆਂ ਅਤੇ ਹਰ ਕਿਸਮ ਦਾ ਸਾਜੋ-ਸਮਾਨ ਲੱਦ ਕੇ ਅਤੇ 1500 ਦੇ ਕਰੀਬ ਕਾਮਿਆਂ ਨੂੰ ਭੇਜਿਆ ਗਿਆ। ਜਿਨ੍ਹਾਂ 'ਚ ਕਾਲੇ ਪਾਣੀ ਸਜਾ ਯਾਫਤਾ 778 ਅਪਰਾਧੀ ਕਿਸਮ ਦੇ ਲੋਕਾਂ ਨੂੰ ਵੀ ਲਿਆਂਦਾ ਗਿਆ ਜਿਨ੍ਹਾਂ ਵਿਚ 192 ਔਰਤਾਂ 'ਤੇ 586 ਆਦਮੀ ਸਨ। ਇਨ੍ਹਾਂ ਸੱਭਨਾਂ ਨੂੰ ਇੰਗਲੈਂਡ ਤੋਂ ਲਿਆ ਕੇ 26 ਜਨਵਰੀ 1788 ਨੂੰ ਅਸਟ੍ਰੇਲੀਆ ਦੇ (ਨਿਊ-ਸਾਊਥ-ਵੇਲਜ) ਸੂਬੇ ਦੇ ਸਮੁੰਦਰੀ ਕਿਨਾਰੇ ਆਪਣਾ ਬ੍ਰਿਟਿਸ਼ ਸਰਕਾਰ ਦਾ ਝੰਡਾ ਗੱਡ ਦਿੱਤਾ ਸੀ।

ਉਸ ਵੇਲੇ ਤੋਂ ਇਸ ਧਰਤੀ ਦਾ ਅਮਲੀ ਤੌਰ 'ਤੇ ਵਿਕਾਸ ਹੋਣਾ ਸ਼ੁਰੂ ਹੋਇਆ। ਉਸ ਵੇਲੇ ਚਲ ਰਹੇ ਵਿਕਾਸ ਅਤੇ ਅਬਾਦ ਹੋ ਰਹੀ ਇਸ ਧਰਤੀ ਉੱਤੇ ਪੰਜਾਬ ਵਿੱਚ ਅਮੀਰ ਸ਼ਾਹੂਕਾਰਾ ਤੰਤਰ ਵਲੋਂ ਸਤਾਏ ਅਤੇ ਕੁਦਰਤ ਦੀ ਮਾਰ ਹੇਠ ਆਏ ਪੰਜਾਬੀ ਗਰੀਬੀ ਦੀ ਮਾਰ ਨਾ ਸਹਿੰਦੇ ਹੋਏ ਆਪਣਾ ਵੱਧੀਆ ਭਵਿਖ ਬਨਾਉਂਣ ਲਈ ਇਸ ਧਰਤੀ 'ਤੇ ਪਹੁੰਚੇ।ਇਸ ਅਸਟ੍ਰੇਲੀਆ ਦੇਸ ਦੇ ਵਿਕਾਸ ਵਿਚ ਇਨ੍ਹਾਂ ਮਹਿਨਤੀ ਪੰਜਾਬੀ ਸਿੱਖਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਦੋਂ ਇਸ ਦੇਸ ਦੇ ਵਿਕਾਸ ਲਈ ਬਹੁਤ ਕੁੱਝ ਕਰਨ ਵਾਲਾ ਸੀ ਬੰਦਿਆਂ ਦੀ ਬਹੁਤ ਵੱਡੀ ਘਾਟ ਸੀ। ਪੱਕੀਆਂ ਸੜਕਾਂ ਵੀ ਨਹੀਂ ਸਨ ਰੇਲ ਗੱਡੀਆਂ ਦੀਆਂ ਲਾਈਨਾਂ ਵੀ ਨਹੀਂ ਸਨ ਬਿਜਲੀ ਦਾ ਪ੍ਰਬੰਧ ਵੀ ਨਹੀਂ ਸੀ। ਉਸ ਵੇਲੇ ਸ਼ਹਿਰ 'ਤੇ ਕਲੋਨੀਆਂ ਵੀ ਨਹੀਂ ਸਨ।ਇਹ ਧਰਤੀ ਵੀ ਵਿਹਲੀ ਪਈ ਸੀ ਬੀਆਵਾਨ ਉਜਾੜ ਜੰਗਲ ਹੀ ਜੰਗਲ ਸਨ। ਉਸ ਵੇਲੇ ਸਿਰੜੀ ਅਤੇ ਸੱਖਤ ਕੰਮ ਕਰਨ ਵਾਲੇ ਪੰਜਾਬੀ ਕਿਸਾਨ ਜਿਹੜੇ ਕਿ ਘੱਟ ਜਮੀਨ ਵਾਲੇ ਦੁਆਬੇ ਖੇਤਰ ਨਾਲ ਸਬੰਧਿਤ ਸਨ ਪੰਜਾਬ ਤੋਂ ਇੱਥੇ ਪਹੁੰਚੇ। ਜਿਨ੍ਹਾਂ ਨੇ ਇੱਥੇ ਆਕੇ ਜੰਗਲ ਕੱਟ ਕੇ ਵਾਹੀਯੋਗ ਉਪਜਾਊ ਜਮੀਨ ਬਣਾਉਂਣ ਦਾ ਕੰਮ ਵੀ ਕੀਤਾ, ਭੇਡਾਂ, ਬਕਰੀਆਂ, ਗਾਵਾਂ ਆਦਿ ਪਾਲਣ ਦੇ ਨਾਲ ਨਾਲ ਫਾਰਮਾਂ ਵਿਚ ਵੀ ਸੱਖਤ ਕੰਮ ਕੀਤਾ। ਸੜਕਾਂ ਦੀ ਉਸਾਰੀ ਕਰਨ,ਰੇਲ ਗੱਡੀਆਂ ਦੀਆਂ ਲਾਈਨਾਂ ਵਿਛਾਉਂਣ ਸਮੇਤ ਬਿਜਲੀ ਦੀਆਂ ਤਾਰਾਂ ਪਾਉਂਣ ਖੰਬੇ ਗੱਡਣ, ਫਾਰਮਾਂ ਵਿਚ ਸਬਜੀਆਂ ਉਗਾਣ, ਅਨਾਜ ਉਗਾਉਂਣ, ਫ਼ਲ ਵਗੇਰਾ ਦੇ ਬੂਟੇ ਲਗਵਾਉਂਣ ਸਮੇਤ ਫ਼ਲ ਤੋੜਨ, ਜਮੀਨ ਵਿਚੋਂ ਸੋਨਾ ਅਤੇ ਹੋਰ ਧਾਤਾਂ ਕੱਢਣ ਦਾ ਕੰਮ ਵੀ ਇਨ੍ਹਾਂ ਮਿਹਨਤੀ ਪੰਜਾਬੀਆਂ ਨੇ ਕੀਤਾ। ਇਸੇ ਤਰ੍ਹਾਂ ਪੇਂਡੂ ਖੇਤਰ ਵਿਚ ਦੂਰ ਦੁਰਾਡੇ ਰਹਿੰਦੇ ਲੋਕਾਂ ਦੀ ਸਹੂਲਤ ਲਈ ਖਾਣ-ਪੀਣ ਅਤੇ ਹੋਰ ਘਰੇਲੂ ਜਰੂਰਤਾਂ ਵਾਲਾ ਸਮਾਨ ਲੋਕਾਂ ਦੇ ਘਰੋ-ਘਰੀਂ ਜਾਕੇ ਪਹਿਲਾਂ ਪਹਿਲ ਊਠਾਂ, ਘੋੜਿਆਂ ਦੀਆਂ ਪਿੱਠਾਂ 'ਤੇ ਲੱਦ ਕੇ ਹੋਕਾ ਦੇ ਕੇ ਵੇਚਣ ਵਾਲਾ ਹਾਕਰ ਵਾਲਾ ਕੰਮ ਵੀ ਕੀਤਾ। ਉਸ ਤੋਂ ਬਾਅਦ ਊਠ ਗੱਡੀਆਂ ਘੋੜਾ ਗੱਡੀਆਂ ਬਣਾ ਕੇ ਦੂਰ ਦੁਰਾਡੇ ਪਿੰਡਾਂ ਵਿਚ ਲੋਕਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਵਾਲਾ ਸਮਾਨ ਹੋਕਾ ਦੇ ਵੇਚਿਆ। ਆਪਣੀ ਬਚਤ ਵਿਚੋਂ ਪੰਜਾਬ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਪੈਸੈ ਭੇਜਦੇ ਰਹੇ ਜਿਨ੍ਹਾਂ ਉੱਥੇ ਜਮੀਨਾਂ ਖਰੀਦੀਆਂ ਅਤੇ ਆਪਣੇ ਵੱਧੀਆ ਘਰ ਮਕਾਨ ਵੀ ਬਣਾਏ। ਆਪਣੀ ਬਚਤ ਨਾਲ ਇੱਥੇ :ਵੀ ਗਰੋਸਰੀ ਦੁਕਾਨਾ ਅਤੇ ਵੱਡੇ ਸਟੋਰ ਬਣਾਏ। ਜਿਵੇਂ ਕਿ ਕਿਸਾਨੀ ਘਰਾਣੇ ਨਾਲ ਸਬੰਧਿਤ ਉੱਤਮ ਸਿੰਘ ਮੋਗਾ (ਪੰਜਾਬ) ਤੋਂ ਸਮਾਟਰਾ 'ਚ ਸਾਲ 1881 ਨੂੰ ਪਹੁੰਚ ਕੇ ਪੰਜ ਸਾਲ ਤੱਕ ਤੰਬਾਕੂ ਦੀ ਖੇਤੀ 'ਚ ਭਾਰਤੀ ਕਾਮਿਆਂ ਦੀ ਸੁਪਰਵੀਜਨ ਕਰਦਿਆਂ ਬੜੀ ਮਿਹਨਤ ਕੀਤੀ। ਉਸ ਤੋਂ ਬਾਅਦ 'ਚ ਬ੍ਰਿਟਿਸ਼ ਪੁਲੀਸ 'ਚ ਭਰਤੀ ਹੋ ਗਏ ਅਤੇ ਬਾਅਦ 'ਚ ਪੰਜਾਬ ਵਾਪਿਸ ਜਾਣ ਦਾ ਮਨ ਬਣਾ ਲਿਆ। ਉੱਥੇ ਜਾਕੇ ਜਮੀਨ ਖਰੀਦ ਲਈ ਪਰ ਉੱਥੇ ਜਾਕੇ ਦਿਲ ਨਹੀਂ ਲਗਿਆ। ਥੋੜੇ ਸਮੇਂ ਬਾਅਦ ਆਪਣੇ ਭਰਾ ਨੂੰ ਵੀ ਆਪਣੇ ਨਾਲ ਹੀ ਬਟਾਵੀਆ (ਜਕਾਰਤਾ) ਹੁੰਦੇ ਹੋਏ 1890 'ਚ ਅਸਟ੍ਰੇਲੀਆ ਦੇ ਸ਼ਹਿਰ ਮੈਲਬੋਰਨ ਵਿਖੇ ਪਹੁੰਚ ਗਏ। ਮੈਲਬੋਰਨ ਪਹੁੰਚ ਕੇ ਪਹਿਲਾਂ-ਪਹਿਲ ਪੇਂਡੂ ਇਲਾਕਿਆਂ ਵਿਚ ਜਾਕੇ ਘਰੇਲੂ ਵਰਤੋਂ ਵਾਲਾ ਸਮਾਨ ਘਰੋ-ਘਰੀਂ ਜਾਕੇ ਹੋਕਾ ਦੇ ਕੇ ਹਾਕਰ ਵਜੋਂ ਬਹੁਤ ਸੱਖਤ ਕੰਮ ਕੀਤਾ। ਅਸਟ੍ਰੇਲੀਆ ਪਹੁੰਚਣ ਬਾਅਦ ਉੱਤਮ ਸਿੰਘ ਨੇ ਸੱਖਤ ਮਹਿਨਤ ਦੀਆਂ ਸਾਰੀਆਂ ਪੌੜੀਆਂ ਚੜ੍ਹਦਿਆਂ ਹੋਇਆਂ ਨੇ ਕਾਫੀ ਸਾਰੇ ਪੈਸੇ ਜੋੜੇ। ਸੈੱਟ ਹੋਣ ਬਾਅਦ ਆਪਣਾ ਹੇਠਲੀ ਤਸਵੀਰ ਵਾਲਾ ਸਾਲ 1902 'ਚ ਪੱਛਮੀਂ ਅਸਟ੍ਰੇਲੀਆ 'ਚ ਕੰਗਾਰੂ ਇਜਲੈਂਡ 'ਤੇ ਕਿੰਗਸਕੋਟ ਵਿਖੇ ਘਰੇਲੂ ਵਰਤੋਂ ਵਾਲੀਆਂ ਵਸਤਾਂ ਦਾ ਪਹਿਲਾ ਜਨਰਲ ਸਟੋਰ ਬਣਾਇਆ ਸੀ।










ਖੱਬੇ ਉਪਰਲੀ ਤਸਵੀਰ 'ਚ ਮਿਹਨਤੀ ਸਿੱਖ ਹਾਕਰ ਰਣ ਸਿੰਘ ਆਪਣੀ ਘੋੜਾ ਗੱਡੀ ਉੱਤੇ ਇੱਕ ਗੋਰਿਆਂ ਦੇ ਬੱਚੇ ਨੂੰ ਉੱਪਰ ਬਿਠਾ ਕੇ ਸਮਾਨ ਵੇਚਦਾ ਹੋਇਆ ਨਾਲ ਹੀ ਮਿਹਨਤੀ ਸਿੱਖ ਹਾਕਰ ਗੰਗਾ ਸਿੰਘ ਦੀ ਯਾਦਗਾਰ ਨਾਲ ਹੀ ਬਹੁਤ ਮਿਹਨਤੀ ਸਿੱਖ ਹਾਕਰ ਕਰਨ ਸਿੰਘ ਪੇਂਡੂ ਖੇਤਰ 'ਚ ਆਪਣਾ ਸਮਾਨ ਵੇਚਦਾ ਹੋਇਆ।ਹੇਠਾਂ ਖਬਿਓਂ ਗੋਲਾ ਸਿੰਘ ਇੰਦਰ ਸਿੰਘ ਆਪਣੀ ਘੋੜਾ ਗੱਡੀ ਨਾਲ ਜਿਹੜੇ 1890 ਦੇ ਅਖਰਿ 'ਤੇ 1900 ਦੇ ਸ਼ੁਰੂ 'ਚ ਆਏ ਸਨ। ਵਿਚਕਾਰਲੀ ਤਸਵੀਰ 'ਚ ਜੈਕ ਸਿੰਘ ਸਿੱਖ ਹਾਕਰ ਜਿਹੜੇ 1900 'ਚ ਆਏ ਸਨ ਨਾਲ ਹੀ ਯਾਦਗਾਰੀ ਸਿਲਾ ਸਚਨੇਕ ਸਿੰਘ ਜਿਹੜਾ ਨੀਊ-ਸਾਊਥ-ਵੇਲਜ ਰਾਜ ਦੇ ਪੇਂਡੂ ਇਲਾਕੇ ਫਿਨਲੀ ਵਿਖੇ ਮੌਜੂਦ ਹੈ। *Above pictures: Australian Indian Historical Society*




ਉਪਰਲੀ ਤਸਵੀਰ ਅਸਟ੍ਰੇਲੀਆ ਵਿਚ ਸੱਭ ਤੋਂ ਪਹਿਲਾ ਗੁਰੂ ਘਰ ਉਸਾਰਨ ਵਾਲੀ ਕਮੇਟੀ 'ਤੇ ਗੁਰਦਵਾਰਾ ਸਾਹਿਬ।

**Sikh hawkers from India played an important part in Finley & district history.**

"The death took place during the early hours of Tuesday morning 20 August 1935, of Schenak Singh, a resident of the Finley district for 43 years. During his long period of residence in this locality, the deceased followed the occupation of hawker. He had not enjoyed good health for some little time and evidently passed away peacefully in his bed in an outbuilding at the foundry. He was 88 years of age. The deceased was well liked and highly respected by all with whom he came in contact. During the war period he proved very patriotic and was a staunch supporter in any movement in connection with any war workers' efforts. Mr. G. B. Cope, District Coroner, held an inquiry on the morning of the death and returned a verdict that death was from natural causes. The remains, according to Indian custom, were cremated by his friends and relatives in the presence of a large number of sympathisers on Wednesday evening 21 August 1935."

The cremation took place on nearby Finley Common, now the grounds of Finley Golf Club. According to John Close, Ron Lewis made the coffin at the foundry. Local people carted wood for the funeral pyre and donated pounds of butter.

Norman McAllister in" Looking Back on Finley" recalled that "Finley was a gathering place for the Indian Community and periodically the "Rajah" with his flotilla of heavy covered wagons drawn by six horses each would arrive to distribute replenishment of merchandise to the hawkers near the current Mulwala Canal.

By some mutual agreement, these hawkers 'worked' certain territories and earned a comfortable living at the same time rendering a district service in the supply of a wide range of household needs to the rural community." These included fabrics, sewing items and haberdashery, suits and work clothing, curries and spices, pots and pans etc. The hawker's visits were welcomed by the rural children as confectionery was shared with them.

ਇਨ੍ਹਾਂ ਉਪਰੋਕਤ ਸੱਭਨਾ ਸਿੱਖ ਹਾਕਰਾਂ ਨੇ ਬਹੁਤ ਸੱਖਤ ਮਿਹਨਤ ਕਰਦਿਆਂ ਨੇ ਅਸਟ੍ਰੇਲੀਆ ਦੇ ਵਿਕਾਸ ਕਰਨ ਵਿਚ ਵੀ ਚੋਖਾ ਯੋਗਦਾਨ ਪਾਉਂਦਿਆ ਹੋਇਆ ਨੇ ਅਸਟ੍ਰੇਲੀਅਨ ਗੋਰਿਆਂ ਦੇ ਸਮਾਜ ਵਿਚ ਆਪਣੀ ਪੂਰੀ ਇੱਜਤ ਬਨਾਉਣ ਦੇ ਨਾਲ ਨਾਲ ਹੋਈ ਆਪਣੇ ਧਰਮ ਤੇ ਵਿਰਸੇ ਦੀ ਵੀ ਪੂਰੀ ਟੋਹਰ 'ਤੇ ਸ਼ਾਨ ਬਣਾਈ ਹੋਈ ਸੀ। ਬਾਬਾ ਰਾਮ ਸਿੰਘ ਜਿਹੜੇ ਚੜ੍ਹਦੀ ਜਵਾਨੀ 'ਚ ਹੀ ਪੰਜਾਬੋਂ ਸਾਲ 1890 ਵਿਚ ਇੱਥੇ ਆ ਕੇ 106 ਸਾਲ ਤੱਕ ਦੀ ਲੰਬੀ ਉਮਰ ਤੱਕ ਅਸਟ੍ਰੇਲੀਆ 'ਚ ਜੀਉਂਦੇ ਰਹੇ। ਜਿਨ੍ਹਾਂ ਨੇ ਵੀ ਸੱਖਤ ਮਹਿਨਤ ਕਰਕੇ ਸਾਲ 1907 ਵਿਚ ਆਪਣਾ ਗਰੋਸਰੀ ਸਟੋਰ ਖੋਹਲਿਆ ਸੀ। ਬਾਬਾ ਰਾਮ ਸਿੰਘ ਹੋਰਾਂ ਨੇ ਹੀ ਆਪਣੇ ਭਾਈਚਾਰੇ ਦੀ ਨਵੀਂ ਪੀੜ੍ਹੀ ਨੂੰ ਸਿੱਖ ਧਰਮ ਨਾਲ ਜੋੜੀ ਰੱਖਣ ਦੀ ਖਾਹਿਸ਼ ਨਾਲ ਪੰਜਾਬ ਤੋਂ ਅਸਟ੍ਰੇਲੀਆ ਵਿਚ ਸੱਭ ਤੋਂ ਪਹਿਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ

**(ਬਾਕੀ ਅਗਲੇ ਸਫੇ 'ਤੇ)**

# "ਅਸਟ੍ਰੇਲੀਆ ਦਾ ਮੂੰਹ ਮੱਥਾ ਸਵਾਰਨ 'ਚ ਪੰਜਾਬੀਆਂ ਦਾ ਵੀ ਵੱਡਾ ਯੋਗਦਾਨ ਰਿਹੈ"

(ਸਫਾ 22 ਦੀ ਬਾਕੀ)

ਸਤਿਕਾਰ ਸਾਹਿਤ ਸਾਲ 1920 ਵਿਚ ਲਿਆ ਕੇ ਇਸ ਧਰਤੀ 'ਤੇ ਪਹਿਲੀ ਵਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਕੇ ਇਸ ਧਰਤੀ 'ਤੇ ਸਿੱਖੀ ਦੀ ਹੋਂਦ ਨੂੰ ਬਿਰਾਜਮਾਨ ਕੀਤਾ ਸੀ।

ਉਸ ਵੇਲੇ ਅਸਟ੍ਰੇਲੀਆ ਵਿਚ ਰਹਿੰਦੇ ਬ੍ਰਿਟਿਸ਼ ਗੋਰਿਆਂ ਦੇ ਸਮਾਜ 'ਚ ਇਨ੍ਹਾਂ ਪੰਜਾਬੀ ਸਿੱਖਾਂ ਨੇ ਆਪਣੀ ਇੱਕ ਵਿਸ਼ੇਸ਼ ਥਾਂ ਬਣਾਈ ਹੋਈ ਸੀ। ਗੋਰੇ ਲੋਕੀਂ ਇਨ੍ਹਾਂ ਮਹਿਨਤੀ ਸਿੱਖਾਂ ਦਾ ਦਿਲੋਂ ਸਤਿਕਾਰ ਇਸ ਕਰਕੇ ਕਰਦੇ ਸਨ ਕਿਉਂ ਕਿ ਇਨ੍ਹਾਂ ਮਹਿਨਤੀ ਸਿੱਖਾਂ ਨੇ ਵਿਕਸਤ ਹੋ ਰਹੇ ਅਸਟ੍ਰੇਲੀਆਂ ਦੇ ਵਿਕਾਸ ਕਰਨ ਵਿਚ ਇਮਾਨਦਾਰੀ ਰੱਖਦਿਆਂ ਨੇ ਆਪਣੀ ਸੱਖਤ ਮਹਿਨਤ ਨਾਲ ਦਿਲੋਂ ਪੂਰਾ ਪੂਰਾ ਜੋਰ ਲਾਇਆ। ਜਿਹੜੇ ਕਿ ਸਤਾਰਵੀਂ ਸਦੀ ਤੋਂ ਸ਼ੁਰੂ ਹੋ ਕੇ ਜਦੋਂ ਉਨ੍ਹਾਂ ਨੂੰ ਸਮਾਂ ਮਿਲਦਾ ਕਲਕਤੇ ਦੀ ਬਦਰਗਾਹ ਤੋਂ ਸਮੁੰਦਰੀ ਬੇੜਿਆਂ ਰਾਹੀਂ ਚੜ੍ਹ ਕੇ ਮੌਕਾ ਵੇਖ ਇੱਥੇ ਉੱਤਰ ਜਾਂਦੇ ਰਹੇ। ਅਸਟ੍ਰੇਲੀਆ ਦੇ ਰਿਕਾਰਡ ਮੁਤਾਬਕ ਬਹੁਤ ਸਾਰੇ ਮਹਿਨਤੀ ਪੰਜਾਬੀ 1830 ਵਿਚ ਵੀ ਅਸਟ੍ਰੇਲੀਆ ਆਏ। ਜਿਨ੍ਹਾਂ ਵਿਚ ਸਰਦਾਰ ਬੀਰ ਸਿੰਘ ਜੋਹਲ 1895 'ਚ ਪੰਜਾਬ ਤੋਂ ਅਸਟ੍ਰੇਲੀਆ ਆਏ ਅਤੇ 1898 'ਚ ਨਰਾਇਣ ਸਿੰਘ ਹੇਅਰ ਹੋਰੀ ਵੀ ਪੰਜਾਬੋਂ ਅਸਟ੍ਰੇਲੀਆ ਆਏ। ਜਿਨ੍ਹਾਂ ਨੇ ਇੱਥੇ ਆਕੇ ਬਹੁਤ ਸੱਖਤ ਮਹਿਨਤ ਕਰਦਿਆਂ ਨੇ ਅਸਟ੍ਰੇਲੀਆ ਦੇ ਹੋ ਰਹੇ ਵਿਕਾਸ 'ਚ ਕਾਫੀ ਯੋਗਦਾਨ ਪਾਇਆ। ਇਸੇ ਸਮੇਂ ਪੰਜਾਬ ਤੋਂ ਬਹੁਤ ਸਾਰੇ ਮੁਸਲਮਾਨ ਵੀ ਆਏ ਜਿਨ੍ਹਾਂ ਇੱਥੇ ਆਕੇ ਬਹੁਤ ਮਹਿਨਤ ਕੀਤੀ। ਉੱਨ੍ਹੀ ਸੌ 'ਚ ਪੰਜਾਬ ਤੋਂ ਜਵਾਲਾ ਸਿੰਘ ਅਤੇ ਰਾਓ ਨਿਊ ਸਾਊਥ ਵੇਲਜ ਬੰਗਾਬੀ ਵਿਖੇ ਆਏ। ਉਨ੍ਹਾਂ ਫਾਰਮਾ 'ਚ ਬਹੁਤ ਸਖਤ ਮਹਿਨਤ ਕੀਤੀ। ਮਿਹਨਤ ਸਦਕੇ ਅੱਜ ਉਨ੍ਹਾਂ ਦਾ ਪ੍ਰੀਵਾਰ ਬੈਕਮ ਹਿੱਲ ਵਿਖੇ ਜਨਰਲ ਸਟੋਰ ਚਲਾ ਰਿਹਾ ਹੈ ਅਤੇ ਉਨ੍ਹਾਂ ਪਾਸ ਬਹੁਤ ਵੱਡਾ ਫਾਰਮ ਅਤੇ ਬਹੁਤ ਵੱਡਾ ਘਰ ਅਤੇ ਹੋਰ ਪ੍ਰਾਪਰਟੀ ਹੈ। ਅਸਟ੍ਰੇਲੀਅਨ ਹਿਸਟਰੀ ਮੁਤਾਬਕ ਦੂਜੀ ਸੰਸਾਰ ਜੰਗ ਦੇ ਅੰਤ ਤੱਕ ਅਤੇ ਉੱਨ੍ਹੀਵੀਂ ਸਦੀ ਦੇ ਅਖੀਰ 'ਚ ਅਤੇ ਵੀਹਵੀਂ ਸਦੀ ਦੇ ਸ਼ੁਰੂ 'ਚ ਅੰਦਾਜਨ 6500 ਤੋਂ ਲੈਕੇ 7637 ਤੱਕ ਕੁੱਝ ਕੁ ਬ੍ਰਿਟਿਸ਼ ਭਾਰਤੀ ਫੌਜੀਆਂ ਸਮੇਤ ਹੋਰ ਭਾਰਤੀ ਵੀ ਅਸਟ੍ਰੇਲੀਆ 'ਚ ਆਏ। ਪੰਜਾਬ ਦੇ ਪਿੰਡ ਬਿਲਆਇਤ ਪੁਰ ਦੇ ਕਿਸਾਨ ਸਾਹੂਕਾਰਾਂ ਵਲੋਂ ਸਤਾਏ ਹੋਏ 35 ਬੰਦਿਆਂ ਨੇ ਆਪਣੇ ਪ੍ਰੀਵਾਰਾਂ ਦੀ ਆਰਥਿਕ ਹਾਲਤ ਸੁਧਾਰਨ ਖਾਤਰ 1903 ਵਿਚ ਤੇਲੀਏ ਕਹਾਉਂਦੇ ਅਸਟ੍ਰੇਲੀਆ ਦੇਸ਼ 'ਚ ਪਹੁੰਚੇ। ਸਾਲ 1896 'ਚ 14 ਸਾਲਾ ਈਸਰ ਸਿੰਘ ਆਪਣੇ 18 ਸਾਲਾ ਅੰਕਲ ਨਾਰੰਗ ਨਾਲ ਅਸਟ੍ਰੇਲੀਆ ਆਉਣ ਬਾਅਦ ਦੋਵੇਂ ਸਖਤ ਮਹਿਨਤ ਕਰਕੇ ਬਹੁਤ ਸਫਲ ਹੋਏ। ਈਸ਼ਰ ਸਿੰਘ ਨੇ 1908 'ਚ ਬਹੁਤ ਮਿਹਨਤ ਕਰਕੇ ਅਸਟ੍ਰੇਲੀਆ 'ਚ ਪਹਿਲਾਂ ਅੱਠ ਏਕੜ ਜਮੀਨ ਖਰੀਦੀ ਫਿਰ ਬਾਅਦ 1922 'ਚ ਛੇ ਏਕੜ ਖਰੀਦੇ। ਨਾਰੰਗ ਆਪਣੀ ਮੌਤ ਹੋਣ ਤੱਕ ਕਦੇ ਵੀ ਵਾਪਿਸ ਪੰਜਾਬ ਨਹੀਂ ਗਿਆ ਇਹ ਇੱਕ ਬਹੁਤ ਵੱਧੀਆ ਬਿਜਨੈੱਸਮੈਨ ਬਣ ਗਿਆ ਸੀ। ਉਹ ਆਪਣੇ ਪਿਛੇ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਨੂੰ ਡਾਕਖਾਨੇ ਰਾਹੀਂ ਪੈਸੇ ਜਰੂਰ ਲਗਾਤਾਰ ਭੇਜਦਾ ਰਿਹਾ। ਜਦੋਂ ਇਸ ਦੀ 1927 'ਚ ਮੌਤ ਹੋਈ ਉਸ ਦਾ ਬਹੁਤ ਵੱਧੀਆ ਕੰਮ ਕਾਰ ਸੀ ਪਰ ਇਸ ਦੇ ਕੋਈ ਬੱਚਾ ਨਹੀਂ ਸੀ। ਇਸ ਦੀ ਅਸਟ੍ਰੇਲੀਅਨ ਗੋਰੀ ਘਰਵਾਲੀ ਨੇ ਦਸ ਹਜਾਰ ਪੌਂਡ ਇਸ ਦੇ ਭਤੀਜਿਆਂ ਸੁੰਦਰ, ਈਸ਼ਰ, ਖਾਮ ਸਿੰਘ ਹੋਰਾਂ ਨੂੰ ਉਨ੍ਹਾਂ ਦੇ ਪਿੰਡ ਭਗਾਲਾਵਾਲਾ ਫਿਰੋਜਪੁਰ ਪੰਜਾਬ ਭੇਜੇ।

ਇਸੇ ਹੀ ਤਰ੍ਹਾਂ ਕਿਉਨਜਲੈਂਡ ਸੂਬੇ 'ਚ ਕੇਲੇ ਦੀ ਖੇਤੀ ਖੇਤਰ 'ਚ ਹੋਰ ਵੀ ਬਹੁਤ ਸਾਰੇ ਪੰਜਾਬੀ ਸਿੱਖ 77-78 ਸਾਲ ਪਹਿਲਾਂ ਪੰਜਾਬ 'ਚ ਅੰਗਰੇਜ਼ ਹੁਕਮਰਾਨਾ ਦੇ ਰਾਜ ਸਮੇਂ ਵੀ ਆਏ। ਜਿਨ੍ਹਾਂ ਇੱਥੇ ਆਕੇ ਬਹੁਤ ਮਹਿਨਤ ਕੀਤੀ ਅਤੇ ਆਪਣੇ ਫਾਰਮ ਖਰੀਦ ਲਏ ਹਨ। ਇਸੇ ਹੀ ਸੂਬੇ 'ਚ ਬਹੁਤ ਸਾਰੇ ਦੁਆਬੇ ਦੇ ਬਹੁਤ ਮਸ਼ਹੂਰ ਪਿੰਡ ਬਿਲਗਾ ਤੋਂ ਕੇਅਨਜ ਇਲਾਕੇ 'ਚ ਕੇਲੇ ਗੰਨੇ ਆਦਿ ਫਾਰਮਾ ਦੇ ਮਾਲਕ ਵੀ ਹਨ। ਜਿਨ੍ਹਾਂ ਵਿੱਚੋਂ ਬਹੁਤ ਸਾਰੇ ਤਾਂ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸਿਡਨੀ ਅਤੇ ਬ੍ਰਿਸਵੇਨ ਦੇ ਵਿਚਕਾਰ ਹਾਈਵੇਅ 'ਤੇ ਸਥਿਤ ਵੂਲਗੂਲਗਾ ਵਿਖੇ ਆਕੇ ਵੱਸ ਗਏ। ਜਿਨ੍ਹਾਂ 'ਚੋਂ ਬਹੁਤ ਸਾਰੇ ਗ੍ਰਿਫਿਥ ਸਾਊਥ ਅਸਟ੍ਰੇਲੀਆ ਦੇ ਇਲਾਕੇ ਰੇਨਮਾਰਕ ਗਲੋਸਪ ਬੈਰੀ ਆਦਿ ਦੇ ਖੇਤੀ ਵਾਲੇ ਹੋਰ ਪੇਂਡੂ ਇਲਾਕਿਆ ਸਮੇਤ ਕਿਉਨਜਲੈਂਡ ਦੇ ਦਿਹਾਤੀ ਇਲਾਕਿਆਂ ਕੇਅਨਜ ਤੋਂ ਛੁੱਟ ਵਿਕਟੋਰੀਆ ਸੂਬੇ ਦੇ ਦਿਹਾਤੀ ਇਲਾਕਿਆਂ 'ਚ ਜਾ ਕੇ ਸੈੱਟ ਹੋ ਗਏ। ਅਸਟ੍ਰੇਲੀਆ 'ਚ ਮਿਨ੍ਹੀ ਪੰਜਾਬ ਵਜੋਂ ਜਾਣੇ ਜਾਂਦੇ ਵੂਲਗੂਲਗੇ ਕਸਬੇ ਦੀ ਅੱਧੀ ਵਸੋਂ ਪੰਜਾਬੀ ਇੰਡੀਅਨ ਸਿੱਖ ਪ੍ਰੀਵਾਰਾਂ ਦੀ ਹੈ ਜਿਹੜੇ ਕਿ ਕੇਲੇ ਅਤੇ ਬਲਿਊਬੇਰੀ ਦੀ ਖੇਤੀ 'ਚ 95% ਤੱਕ ਫਾਰਮਾ ਦੇ ਮਾਲਕ ਪੰਜਾਬੀ ਸਿੱਖ ਹਨ ਅਤੇ ਇਨ੍ਹਾਂ 'ਚੋਂ ਹੀ 10% ਫਾਰਮਾਂ ਦੀ ਮਾਲਕੀਅਤ ਕੋਪਸ ਹਰਬਰ ਕਸਬੇ 'ਚ ਵੀ ਇਨ੍ਹਾਂ ਪੰਜਾਬੀ ਸਿੱਖਾਂ ਨੇ ਬਣਾ ਲਈ ਹੈ। ਜਲੰਧਰ ਜਿਲ੍ਹੇ ਦੇ ਪਿੰਡ ਬਿਲਗਾ ਤੋਂ ਲੱਭੂ ਸਿੰਘ 'ਤੇ ਮੱਲਪੁਰ ਅੜਕਾਂ ਤੋਂ ਬੂਝਾ ਸਿੰਘ ਵੂਲਗੂਲਗਾ ਕਸਬੇ ਦੇ ਪਹਿਲੇ ਪੰਜਾਬੀ ਵਸਨੀਕ ਬਣੇ। ਇੱਥੇ ਇਨ੍ਹਾਂ ਨੇ ਪਹਿਲਾਂ ਪਹਿਲ ਹੋਲਾਵੇਅਜ ਰੋਡ 'ਤੇ ਕੇਲੇ ਦਾ ਫਾਰਮ ਅਤੇ ਵੂਲਗੂਲਗਾ ਦੀ ਬੀਚ ਸਟਰੀਟ 'ਤੇ ਆਪਣਾ ਘਰ ਖਰੀਦਿਆ। ਇੱਥੇ ਦੀ ਕੌਂਸਲ 'ਚ ਅੰਦਾਜਨ 2500 ਕੁ ਦੇ ਕਰੀਬ ਪੰਜਾਬੀ ਸਿੱਖਾਂ ਦੀ ਵਸੋਂ ਹੈ। ਅੰਦਾਜਨ 450 ਕੁ ਦੇ ਕਰੀਬ ਵਿਦਿਆਰਥੀ ਵੂਲਗੂਲਗਾ ਪ੍ਰਾਇਮਰੀ ਪਬਲਿਕ ਸਕੂਲ 'ਚ ਦਾਖਲ ਹਨ ਜਿਨ੍ਹਾਂ 'ਚੋਂ 21% ਪੰਜਾਬੀ ਸਿੱਖਾਂ ਦੇ ਬੱਚੇ ਹਨ।ਇਸੇ ਤਰ੍ਹਾਂ 877 ਵਿਦਿਆਰਥੀ ਇਸੇ ਕਸਬੇ ਦੇ ਹਾਈ ਸਕੂਲ 'ਚ ਦਾਖਲ ਹਨ ਜਿਨ੍ਹਾਂ 'ਚੋਂ 12% ਪੰਜਾਬੀ ਸਿੱਖ ਹਨ।

ਜਿਨ੍ਹਾਂ 'ਚ 1940 'ਚ ਜੁਗਿੰਦਰ ਸਿੰਘ, ਰਲ੍ਹਾ ਸਿੰਘ, ਗੰਡਾ ਸਿੰਘ, ਰੇਪ ਚੰਦ ਦੁਆਬੇ ਦੇ ਪਿੰਡ ਬਿਲਗਾ ਤੋਂ ਲੱਭੂ ਸਿੰਘ ਮੱਲਪੁਰ ਅੜਕਾਂ ਤੋਂ ਅਤੇ ਇਨ੍ਹਾਂ ਪਹਿਲਿਆਂ 'ਚ ਨਾਲ ਹੀ ਆਏ ਹੋਏ ਨਸੀਬ ਸਿੰਘ ਹੋਰਾਂ ਦੇ ਵਡਾਰੂਆਂ ਤੋਂ ਇਲਾਵਾ ਬਾਅਦ 'ਚ ਮੈਥ (ਗਣਿਤ) ਦੇ ਬਹੁਤ ਮਾਹਰ (ਅਧਿਆਪਕ) ਹੈੱਡਮਾਸਟਰ ਸੋਹਨ ਸਿੰਘ ਬੱਧਨੀ ਮਹਿੰਗਰੋਵਾਲ ਜਿਹੜੇ ਕਿ 1968 'ਚ ਅਸਟ੍ਰੇਲੀਆ ਆਏ ਸਨ। ਸੋਹਨ ਸਿੰਘ ਬੱਧਨੀ ਹੈਡਮਾਸਟਰ ਹੋਰੀਂ ਮੇਰੇ ਪਿਤਾ ਜੀ ਦੇ ਸਰਕਾਰੀ ਹਾਈ ਸਕੂਲ ਸਾਹਿਬਾ ਅਤੇ



(ਉਪਰੋਕਤ ਤਸਵੀਰ 'ਚ ਤੁਸੀਂ ਵੇਖ ਸਕਦੇ ਹੋ ਗੰਡਾ ਸਿੰਘ ਦੀ ਯਾਦਗਾਰ ਵਜੋਂ ਉਸ ਦੇ ਨਾਮ 'ਤੇ ਸੜਕ ਦਾ ਨਾਮ ਰੱਖਿਆ ਹੋਇਆ ਹੈ)

ਸਰਕਾਰੀ ਹਾਈ ਸਕੂਲ ਬਛੌੜੀ ਵਿਖੇ ਸਾਥੀ ਅਧਿਆਪਕ ਵੀ ਰਹੇ ਸਨ। ਨਵਾਂ ਸ਼ਹਿਰ ਲਾਗਿਓਂ ਸੋਹਨ ਸਿੰਘ ਹੋਰਾਂ ਦਾ ਸਾਹੁਰਾ



ਪ੍ਰੀਵਾਰ ਅਤੇ ਸਾਹਦੜਿਆਂ ਤੋਂ ਬਲਦੇਵ ਸਿੰਘ ਸਾਹਦੜਾ ਪੁੱਤਰ ਰਾਜਮੱਲ ਸਾਹਦੜਾ ਦੀ ਭੈਣ ਭਜਨ ਕੌਰ ਦੇ ਸਾਹੁਰਾ ਪ੍ਰੀਵਾਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦੁਆਬੇ ਦੇ ਪਿੰਡਾਂ ਤੋਂ ਪਹਿਲਾਂ ਪਹਿਲ ਆਉਂਣ ਵਾਲੇ ਵੂਲਗੂਲਗਾ ਆ ਕੇ ਰਹੇ।ਜਿਨ੍ਹਾਂ 'ਚ ਸ਼ਹੀਦ



ਭਗਤ ਸਿੰਘ ਨਗਰ (ਨਵਾਂਸ਼ਹਿਰ) ਦੁਆਬੇ ਦੇ ਪਿੰਡ ਭਕੜ੍ਹਦੀ (ਕਿਸ਼ਨ ਪੁਰ) ਤੋਂ ਹੁਸਨ ਸਿੰਘ ਅਤੇ ਕਿਸ਼ਨ ਸਿੰਘ ਹੋਰਾਂ ਦਾ ਪ੍ਰੀਵਾਰ ਵੀ ਸ਼ਾਮਲ ਹੈ। ਨਵਾਂ ਸ਼ਹਿਰ ਦੇ ਨੇੜਲੇ



ਪਿੰਡ ਮਜਾਰਾ ਦਸ਼ੋਂਦਾ ਸਿੰਘ ਤੋਂ ਉਹਰਮਨ ਰੇਡੀਓ' ਦੇ ਬਾਨੀ ਅਮਨਦੀਪ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਪਿਤਾ ਜੀ ਜੋ ਖਾਲਸਾ ਸਕੂਲ ਨਵਾਂ ਸ਼ਹਿਰ ਵਿਖੇ ਸਰੀਰਕ ਸਿਖਿਆ ਅੀਧਆਪਕ ਰਹੇ ਹਨ ਵੀ ਕੋਪਸ ਹਰਬਰ ਵਿਖੇ ਆ ਕੇ ਬਹੁਤ ਸਖਤ ਮਿਹਨਤ ਨਾਲ ਕਾਮਯਾਬ ਹੀ ਨਹੀਂ ਹੋਏ ਸਗੋਂ ਸਮਾਜ ਲਈ ਵੀ ਤਨ ਮਨ ਧੰਨ ਨਾਲ ਸੇਵਾ ਕਰ ਰਹੇ ਹਨ। ਇਸੇ ਹੀ ਪਿੰਡ ਦੇ ਮੈਲਬੋਰਨ ਵਾਸੀ ਖਾਲਸਾ ਗੁਰਬਖਸ਼ ਸਿੰਘ ਜੀ ਵੀ ਆਪਣੇ ਵਿਰਸੇ ਅਤੇ ਧਰਮ ਪ੍ਰਤੀ ਤਨਦੇਹੀ ਨਾਲ ਸੇਵਾਵਾਂ ਨਿਭਾਉਂਦੇ ਹਨ। ਜਿਨ੍ਹਾਂ ਦੇ ਨਾਲ ਦੇ ਹੋਰ ਵੀ ਬਹੁਤ ਸਾਰੇ ਸਾਥੀ ਸ਼ਾਮਲ ਹਨ। ਜਿਨ੍ਹਾਂ ਵਿਚੋਂ ਬਹੁਤ ਸਾਰੇ ਕੋਪਸ ਹਾਰਬਰ ਕਸਬੇ 'ਚ ਜਾ ਕੇ ਵੱਸ ਗਏ। ਅਸਟ੍ਰੇਲੀਆ 'ਚ ਸੱਭ ਤੋਂ ਪਹਿਲੇ ਅਤੇ ਪੁਰਾਣੇ ਦੋ ਗੁਰਦਵਾਰਾ ਸਾਹਿਬ ਅਤੇ ਇੱਕ ਸਿੱਖ ਅਜਾਇਬ ਘਰ ਵੀ ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਵੂਲਗੂਲਗਾ ਕਸਬੇ ਵਿਖੇ ਹੀ ਹੈ। ਇਸ ਕਸਬੇ ਦੀ ਸਿੱਖ ਕਮਿਉਨਟੀ 'ਚ ਸੱਖਤ ਮਿਹਨਤ ਕਰਨਾ, ਏਕਤਾ ਰੱਖਣਾ, ਨਿਮਰਤਾ, ਸਹਿਨ ਸ਼ੀਲਤਾ ਵਰਗੇ ਗੁਣ ਹੋਣ ਕਾਰਨ ਹੀ ਇਨ੍ਹਾਂ ਨੇ ਗੋਰਿਆਂ ਦੇ ਦਿਲਾਂ 'ਚ ਸਤਿਕਾਰਯੋਗ ਸਥਾਨ ਬਣਾਇਆ ਹੋਇਆ ਹੈ। ਜਿਆਦਾਤਰ ਪੰਜਾਬੀ ਸਿੱਖ ਵਪਾਰ,ਫਾਈਨਸ ਕੰਪਨੀਆਂ ਅਤੇ ਹੋਰ ਵੱਧੀਆ ਸਰਕਾਰੀ ਕਿੱਤਿਆਂ ਵਾਲੀਆਂ ਜੋਬਾਂ ਵੱਲ ਵੱਧ ਧਿਆਨ ਦੇ ਰਹੇ ਹਨ।

ਇੱਥੇ ਅਸਟ੍ਰੇਲੀਆ ਸੱਤ ਸਮੁੰਦਰ ਪਾਰ ਰਹਿਣ ਦੇ ਬਾਵਜੂਦ ਵੀ ਪੰਜਾਬੀ ਸਿੱਖਾਂ ਦੇ ਬੱਚੇ ਆਪਣੇ ਧਰਮ ਵਿਰਸੇ ਨਾਲ ਪੂਰੀ ਤਰ੍ਹਾਂ ਜੁੜਨ ਦੇ ਨਾਲ ਨਾਲ ਸਿਖਿਆ ਖੇਤਰ 'ਚ ਵੀ ਵਕਾਲਤ, ਅਧਿਆਪਕ, ਇੰਜੀਨੀਅਰਿੰਗ, ਪੁਲੀਸ ਵਿਭਾਗ, ਅਕਾਊਟੈਂਟ ਅਤੇ ਟਾਊਨ ਪਲੈਨਿੰਗ ਦੇ ਕਿੱਤਿਆਂ ਵੱਲ ਵੱਧ ਰਹੇ ਹਨ। ਪੰਜਾਬੀ ਸਿੱਖ ਕੌਮ ਨੇ ਸੱਖਤ ਮਹਿਨਤਾਂ ਕਰਕੇ ਪਹਿਲੀਆਂ ਕਤਾਰਾਂ 'ਚ ਰਹਿ ਕੇ ਅਸਟ੍ਰੇਲੀਆ ਦੀ ਆਰਥਿਕਤਾ ਅਤੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਬਹੁ ਕਲਚਰ ਵਾਲੇ ਇਸ ਦੇਸ 'ਚ ਆਪਣੇ ਭਾਰਤੀ ਪੰਜਾਬੀਆਂ ਨੇ ਸਿੱਖ ਕਲਚਰ ਦੀ ਵਿਲੱਖਣਤਾ ਦਾ ਬਹੁਤ ਵਧੀਆ ਸਬੂਤ ਦਿੱਤਾ ਹੋਇਆ ਹੈ। ਜਿਨ੍ਹਾਂ ਵੱਲ ਵੇਖ ਕੇ ਕਈ ਦੂਜੀਆਂ ਕੌਮਾਂ ਦੇ

ਅੰਗਰੇਜ ਗੋਰਿਆਂ ਨੇ ਵੀ ਸਾਡੇ ਸਿੱਖ ਧਰਮ ਨੂੰ ਅਪਣਾ ਲਿਆ ਹੋਇਆ ਹੈ। ਜਿਨ੍ਹਾਂ 'ਚ ਵੂਲਗੂਲਗਾ ਵਸਦੇ ਸੰਗਤ ਸਿੰਘ ਅਤੇ ਉਸ ਦੇ ਪ੍ਰੀਵਾਰ ਦੀ ਬਹੁਤ ਵੱਢੀ ਮਿਸਾਲ ਸਾਹਮਣੇ ਪੇਸ਼ ਹੈ। ਉਸ ਤੋਂ ਇਲਾਵਾ ਸਿਡਨੀ, ਮੈਲਬੋਰਨ, ਸਾਊਥ ਅਸਟ੍ਰੇਲੀਆ, ਬ੍ਰਿਸਬੇਨ ਪਰਥ ਵੈਸਟਰਨ ਅਸਟ੍ਰੇਲੀਆ ਤੋਂ ਇਲਾਵਾ ਅਸਟ੍ਰੇਲੀਆ ਦੇ ਪੇਂਡੂ ਇਲਾਕਿਆਂ 'ਚ ਬਹੁਤ ਸਾਰੇ ਗੋਰੇ ਸਿੱਖ ਸਜੇ ਹੋਏ ਹਨ। ਭਾਰਤ ਦੇ ਅਜਾਦ ਹੋਣ ਬਾਅਦ ਭਾਰਤ 'ਚ ਹੀ ਜੰਮੇ ਹੋਏ ਬਹੁਤ ਸਾਰੇ ਅੰਗਰੇਜ ਅਤੇ ਅੰਗਲੋ-ਇੰਡੀਅਨ ਵੀ ਅਸਟ੍ਰੇਲੀਆ 'ਚ ਆਏ। ਇਨ੍ਹਾਂ ਨੂੰ ਅਸਟ੍ਰੇਲੀਅਨ ਮਰਦਮ ਸ਼ੁਮਾਰੀ ਮਹਿਕਮੇ ਅਨੁਸਾਰ ਹੁਣ ਤੱਕ ਭਾਰਤੀ ਖਿਤੇ ਨਾਲ ਸਬੰਧਿਤ ਹੀ ਦਰਸਾਇਆ ਗਿਆ ਹੈ। ਸਾਲ 1966 ਤੋਂ ਲੈਕੇ 1980 ਤੱਕ ਦੇ ਕਰੀਬ ਵੀ ਭਾਰਤ ਤੋਂ ਬਹੁਤ ਸਾਰੇ ਅਧਿਆਪਕ, ਡਾਕਟਰ, ਇੰਜੀਨੀਅਰ, ਅਕਾਊਟੈਂਟ, ਕੁੱਕ ,ਟੂਲ ਮੇਕਰ, ਆਈ ਟੀ ਖੇਤਰ ਅਤੇ ਕਈ ਹੋਰ ਕਿੱਤਿਆਂ ਵਾਲੇ ਮਾਹਰਾਂ ਨੂੰ ਅਸਟ੍ਰੇਲੀਆ ਨੇ ਮੰਗਵਾਇਆ। ਅਸਟ੍ਰੇਲੀਆ ਦੇ ਗਵਾਂਢੀ ਦੇਸ਼ ਫਿਜ਼ੀ 'ਚ ਹੋਈ ਰਾਜਨੀਤਕ ਉੱਥਲ-ਪੁੱਥਲ ਵੇਲੇ ਫੌਜੀ ਪ੍ਰਸਾਸ਼ਕਾਂ ਵਲੋਂ ਸਤਾਏ ਹੋਏ ਵੀ ਬਹੁਤ ਸਾਰੇ ਭਾਰਤੀ ਮੂਲ ਦੇ ਫਿਜ਼ੀ ਇੰਡੀਅਨ ਰਾਜਸੀ ਸ਼ਰਨ ਲੈਣ ਲਈ ਸ਼ਰਨਾਰਥੀ ਬਣ ਅਸ-ਟ੍ਰੇਲੀਆ ਆਏ। ਜਿਨ੍ਹਾਂ 'ਚੋਂ ਬਹੁਤਿਆਂ ਨੇ ਵਧੀਆ ਬਿਜਨੈੱਸ ਸਥਾਪਿਤ ਕਰ ਲਏ ਹਨ। ਜਦੋਂ ਸਾਲ 1973 'ਚ ਚਿੱਟੀ ਚੰਮੜੀ ਵਾਲਿਆਂ ਦੀ ਮਾਈਗ੍ਰੇਸ਼ਨ ਸਬੰਧੀ ਬਣਾਈ ਗਈ ਵਾਈਟ ਪਾਲਿਸੀ ਖਤਮ ਹੋਣ ਨਾਲ ਭਾਰਤੀਆਂ ਦੀ ਮਾਈਗ੍ਰੇਸ਼ਨ 'ਚ ਚੋਖਾ ਵਾਧਾ ਹੋਇਆ। ਸਾਲ 2006 ਦੀ ਜਨਗਣਨਾ ਅਨੁਸਾਰ 234000 ਭਾਰਤੀ ਮੂਲ ਦੇ ਲੋਕੀਂ ਅਸਟ੍ਰੇਲੀਆ 'ਚ ਵਸਦੇ ਹਨ। ਜਿਨ੍ਹਾਂ 'ਚ 147000 ਲੋਕੀਂ ਭਾਰਤ ਦੇ ਜੰਮਪਲ਼ ਹਨ। ਸਾਰੀ ਦੁਨੀਆਂ ਤੋਂ ਜੋ ਸਕਿਲਡ ਅਤੇ ਜੋ ਹੋਰ ਮਾਈਗ੍ਰੇਸ਼ਨ ਅਸਟ੍ਰੇਲੀਆ ਨੂੰ ਹੁੰਦੀ ਸੀ ਭਾਰਤ ਦਾ ਤੀਜਾ ਸਥਾਨ ਸੀ ਅਤੇ ਇਸ ਦੇ ਨਾਲ ਹੀ ਭਾਰਤ ਤੋਂ ਜੋ ਵਿਦਿਆਰਥੀ ਆ ਰਹੇ ਸਨ ਉਨ੍ਹਾਂ ਦਾ ਦੂਜਾ ਸਥਾਨ ਸੀ। ਪਹਿਲਾ ਸਥਾਨ ਚੀਨ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸੀ। ਸਾਲ 2002 ਤੋਂ 03 ਤੱਕ ×5383, ਸਾਲ 2003 ਤੋਂ 04 ਤੱਕ ×8135, ਸਾਲ 2004-05 ਤੱਕ ×9414, ਸਾਲ 2005-06 ×11286, ਸਾਲ 2006-07 ਤੱਕ ×13496 ਭਾਰਤ ਤੋਂ ਅਸਟ੍ਰੇਲੀਆ ਪੱਕੇ ਤੌਰ 'ਤੇ ਆਏ। ਅਸਟ੍ਰੇਲੀਆ 'ਚ ਹੋਈ 09 ਸਤੰਬਰ 2011 ਦੀ ਤਾਜਾ ਜਨਗਣਨਾ ਅਨੁਸਾਰ 347831 ਭਾਰਤੀ ਮੂਲ ਦੇ ਸਿੱਖ 'ਤੇ ਹਿੰਦੂ ਲੋਕੀਂ ਇੱਥੇ ਵਸਦੇ ਹਨ। ਇਨ੍ਹਾਂ ਤੋਂ ਇਲਾਵਾ ਭਾਰਤੀ ਮੁਸਲਮਾਨ ਵੀ ਹਨ ਜਿਨ੍ਹਾਂ ਨੂੰ ਗਿਣਤੀ ਸ਼ਾਮਲ ਨਹੀਂ ਕੀਤੀ ਗਿਆ। ਇਸ ਵਿਚ ਸਿੱਖਾਂ ਦੀ ਗਿਣਤੀ 72296 ਹੈ, ਹਿੰਦੂਆਂ ਦੀ ਗਿਣਤੀ 275535 ਹੈ। ਪੰਜਾਬੀ ਭਾਈਚਾਰੇ ਵਿਚ ਵਿਚਰਦਿਆਂ ਆਪਸ 'ਚ ਘਰੇ ਅਤੇ ਘਰੋਂ ਬਾਹਰ ਸਿਰਫ 71230 ਲੋਕੀਂ ਹੀ ਪੰਜਾਬੀ ਬੋਲਣ ਵਾਲੇ ਅਸਟ੍ਰੇਲੀਆ 'ਚ ਰਹਿੰਦੇ ਹਨ।

ਅਸਟ੍ਰੇਲੀਆ ਦੇ ਸਰਕਾਰੀ ਅੰਕੜਿਆਂ ਅਨੁਸਾਰ ਸਿੱਖ ਧਰਮ ਨੂੰ ਮੰਨਣ ਵਾਲੇ ਸਿਰਫ 57147 ਲੋਕਾਂ ਨੇ ਹੀ ਘਰੇ ਬੋਲਣ ਵਾਲੀ ਆਪਣੀ ਬੋਲੀ ਨੂੰ ਪੰਜਾਬੀ ਭਾਸ਼ਾ ਲਿਖਵਾਇਆ ਹੈ। ਇਸ ਤੋਂ ਇਲਾਵਾ ਬਹੁਤ ਹੀ ਖਾਸ ਇਹ ਗੱਲ ਸਾਹਮਣੇ ਆਈ ਹੈ ਕਿ ਅਸਟ੍ਰੇਲੀਆ ਰਹਿੰਦੇ 9443 ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕਾਂ ਨੇ ਅਤੇ 969 ਲਹਿੰਦੇ ਪੰਜਾਬ ਦੇ ਪਾਕਿਸਤਾਨੀ ਪੰਜਾਬੀ ਲੋਕਾਂ ਨੇ ਵੀ ਆਪਣੇ ਘਰੇ ਬੋਲੀ ਜਾਂਦੀ ਭਾਸ਼ਾ ਨੂੰ ਪੰਜਾਬੀ ਲਿਖਵਾਇਆ ਹੈ। ਸਿਡਨੀ ਸ਼ਹਿਰ ਦੇ ਇਲਾਕੇ ਬਲੈਕਟਾਊਨ ਦੀ ਕੌਂਸਲ ਹੇਠ ਆਉਂਦੇ ਏਰੀਏ ਅੰਦਰ ਸੱਭ ਤੋਂ ਵੱਧ ਪੰਜਾਬੀ ਸਿੱਖ ਰਹਿੰਦੇ ਹਨ, ਸਰਕਾਰੀ ਅੰਕੜਿਆਂ ਅਨੁਸਾਰ ਜਿਨ੍ਹਾਂ ਦੀ ਗਿਣਤੀ 1894 ਹੈ। ਵਿਕਟੋਰੀਆ ਸੂਬੇ ਵਿਚ 29440, ਨਿਊ-ਸਾਊਥ-ਵੇਲਜ਼ ਸੂਬੇ ਵਿਚ 21704, ਕਿਊਨਜ਼ਲੈਂਡ ਸੂਬੇ ਵਿਚ 9428, ਸਾਊਥ ਅਸਟ੍ਰੇਲੀਆ ਰਾਜ ਵਿਚ 5288, ਵੈਸਟਰਨ ਅਸਟ੍ਰੇਲੀਆ ਰਾਜ ਵਿਚ 4921, ਅਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਰਾਜ ਵਿਚ 1045, ਨਦਰਨ ਟਰੈਟਰੀ ਰਾਜ ਵਿਚ 245 ਅਤੇ ਤਸਮਾਨੀਆਂ ਰਾਜ ਵਿਚ 221 ਦੇ ਕਰੀਬ ਸਿੱਖ ਰਹਿੰਦੇ ਹਨ। ਇਸ ਤੋਂ ਇਲਾਵਾ ਇਹ ਗੱਲ ਬਹੁਤ ਹੀ ਹੈਰਾਨ ਕਰਨ ਵਾਲੀ ਸਾਹਮਣੇ ਆਈ ਹੈ ਕਿ ਸਿੱਖ ਕੌਂਸਲ ਆਫ ਅਸਟ੍ਰੇਲੀਆ ਦੇ ਜਨਰਲ ਸਕੱਤਰ ਬਾਵਾ ਸਿੰਘ ਜਗਦੇਵ ਸਮੇਤ ਸਮੂਹ ਸਿੱਖ ਕੌਂਸਲ ਮੈਂਬਰਾਨ ਅਤੇ ਹੋਰ ਵੀ ਕਈ ਧਾਰਮਿਕ ਜੱਥੇਵੰਦੀਆਂ ਵਲੋਂ ਸਿੱਖਾਂ ਨੂੰ ਘਰੇ ਬੋਲੀ ਜਾਂਦੀ ਬੋਲੀ ਪੰਜਾਬੀ ਲਿਖਵਾਉਂਣ ਵਾਰੇ ਵਾਰ ਵਾਰ ਹਦਾਇਤਾਂ ਕਰਨ ਦੇ ਬਾਵਜੂਦ ਵੀ 4000 ਦੀ ਗਿਣਤੀ ਤੋਂ ਉੱਤੇ ਸਿੱਖਾਂ ਨੇ ਘਰੇ ਬੋਲੀ ਜਾਂਦੀ ਭਾਸ਼ਾ ਨੂੰ ਹਿੰਦੀ ਲਿਖਵਾਇਆ ਹੈ। ਇਹ ਸਾਰੇ ਅੰਕੜੇ ਤਾਂ ਸਤੰਬਰ 2011 ਦੀ ਜਨਗਣਨਾ ਅਨੁਸਾਰ ਸਰਕਾਰੀ ਰਿਕਾਰਡ ਅਨੁਸਾਰ ਹਨ। ਪਰ ਇਸ ਤੋਂ ਇਲਾਵਾ ਬਹੁਤ ਸਾਲਾਂ ਤੋਂ ਇੱਥੇ ਲੁਕ-ਛਿਪ ਕੇ ਗੈਰਕਨੂੰਨੀ ਤੌਰ 'ਤੇ ਰਹਿਣ ਵਾਲੇ ਬਹੁਤ ਸਾਰੇ ਪੰਜਾਬੀ ਬੋਲਣ ਵਾਲੇ ਲੋਕੀਂ ਹੋਰ ਵੀ ਰਹਿ ਰਹੇ ਹਨ ਜਿਹੜੇ ਕਿਸੇ ਵੀ ਸਰਕਾਰੀ ਗਿਣਤੀ ਵਿਚ ਸ਼ੁਮਾਰ ਨਹੀਂ ਹੋ ਸਕੇ। ਸਾਰੀ ਦੁਨੀਆਂ ਤੋਂ ਜੋ ਸਕਿਲਡ ਅਤੇ ਜੋ ਹੋਰ ਮਾਈਗ੍ਰੇਸ਼ਨ ਅਸਟ੍ਰੇਲੀਆ ਨੂੰ ਹੁੰਦੀ ਸੀ ਭਾਰਤ ਦਾ ਤੀਜਾ ਸਥਾਨ ਸੀ ਅਤੇ ਇਸ ਦੇ ਨਾਲ ਹੀ ਭਾਰਤ ਤੋਂ ਜੋ ਵਿਦਿਆਰਥੀ ਆ ਰਹੇ ਸਨ ਉਨ੍ਹਾਂ ਦਾ ਦੂਜਾ ਸਥਾਨ ਸੀ। ਪਹਿਲਾ ਸਥਾਨ ਚੀਨ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸੀ।ਸਾਲ 2002 ਤੋਂ 03 ਤੱਕ ×5383, ਸਾਲ 2003 ਤੋਂ 04 ਤੱਕ ×8135, ਸਾਲ 2004-05 ਤੱਕ ×9414, ਸਾਲ 2005-06 ×11286, ਸਾਲ 2006-07 ਤੱਕ ×13496 ਭਾਰਤ ਤੋਂ ਅਸਟ੍ਰੇਲੀਆ ਪੱਕੇ ਤੌਰ 'ਤੇ ਆਏ। 1998 ਤੋਂ ਮਾਰਚ ਅਪ੍ਰੈਲ 2010 ਤੱਕ ਅਸਟ੍ਰੇਲੀਆ 'ਚ ਭਾਰਤ ਤੋਂ ਬਹੁਤ ਵੱਡੀ ਗਿਣਤੀ ਵਿਚ ਵਿਦਿਆਰਥੀ ਵੀਜਾ ਲੈਕੇ ਆਏ। ਜਿਨ੍ਹਾਂ 'ਚ 2008 ਤੋਂ ਮਾਰਚ ਅਪ੍ਰੈਲ 2010 ਤੱਕ ਕੰਟ੍ਰੈਕਟ ਅਥਵਾ ਨਕਲੀ ਵਿਆਹ ਕਰਵਾਕੇ ਘੱਟ ਪੜ੍ਹੇ-ਲਿਖੇ ਜਿਆਦਾ ਸਨ। ਜਿਨ੍ਹਾਂ ਭੋਲੇ ਭਾਲੇ ਬੱਚਿਆਂ ਨੂੰ ਵਰਗਲਾ ਕੇ ਸਿਅਸਤ ਦੀ ਭੁੱਖ ਵਾਲੇ ਲੋਕਾਂ ਨੇ ਅਤੇ ਕੁੱਝ ਕੁ ਮੀਡੀਏ ਨੇ ਆਪਣੀ ਝੂਠੀ ਪ੍ਰਸਿੱਧੀ ਦੀ ਭੁੱਖ ਪੂਰੀ ਕਰਨ ਹਿੱਤ ਝੂੱਠੇ ਨਸਲੀ ਵਿਤਕਰਿਆਂ ਦੀ ਕਾਵਾਂ ਰੌਲ਼ੀ ਪਾ ਕੇ ਸਰਕਾਰ 'ਤੇ ਇੰਮੀਗ੍ਰੇਸ਼ਨ ਵਿਭਾਗ ਨੂੰ ਆਸਟ੍ਰੇਲੀਆ 'ਚ ਪਹੁਚੰਣ ਵਾਰੇ ਇਨ੍ਹਾਂ ਅਣਜਾਣ ਭੋਲੇ ਭਾਲੇ ਬੱਚਿਆਂ ਵਲੋਂ ਵਰਤੇ ਜਾਣ ਵਾਲੇ ਸਾਰੇ ਹੀ ਲੂਪ ਪੋਲ਼ਾਂ ਨੂੰ ਬੁਲਵਾ ਕੇ ਅੱਗੇ ਤੋਂ ਹੋਰ ਆਉਣ ਵਾਲਿਆਂ ਦੇ ਸਾਰੇ ਰਾਹ ਬੰਦ ਕਰ ਦਿੱਤੇ ਸਨ।

ਜਦ ਕਿ ਡੇਢ ਕੁ ਸੌ ਸਾਲ ਪਹਿਲਾਂ ਆਏ ਭਾਰਤੀਆਂ ਸਮੇਤ ਪੰਜਾਬੀ ਸਿੱਖਾਂ ਨੇ ਜਿਨ੍ਹਾਂ 'ਚ ਦੁਆਬੇ ਦੇ ਬਹੁਤ ਮਸ਼ਹੂਰ ਪਿੰਡ ਬਿਲਗਾ ਵਾਸੀ ਗਿਆਨ ਸਿੰਘ ਬੈਂਸ ਹੋਰਾਂ ਦੇ ਵਡਾਰੂਆਂ 'ਤੇ ਹੋਰ ਪਿੰਡ ਵਾਸੀਆਂ ਸਮੇਤ ਪੰਜਾਬੀ ਸਿੱਖਾਂ ਨੇ ਅਸਟ੍ਰੇਲੀਆ 'ਚ ਆਪਣੇ ਸਿੱਖੀ ਸਰੂਪ ਨੂੰ ਕਾਇਮ ਰਖਦਿਆਂ ਨੇ ਅਸਟ੍ਰੇਲੀਅਨ ਭਾਈਚਾਰੇ ਵਿਚ ਬਹੁਤ ਇੱਜਤ ਅਤੇ ਸਤਿਕਾਰਯੋਗ ਸਥਾਨ ਬਣਾਇਆ ਹੋਇਆ ਸੀ। ਬਹੁਤ ਸਾਰੇ ਪੰਜਾਬੀ ਇਹੋ ਜਹੇ ਵੀ ਹੋਏ ਹਨ ਜਿਹੜੇ ਕਦੇ ਵੀ ਪੰਜਾਬ ਵਾਪਿਸ ਮੁੜ ਕੇ ਨਹੀਂ ਗਏ। ਪੰਜਾਬ 'ਚ ਜਾਇਦਾਦਾਂ ਬਨਾਉਂਣ ਦੇ ਨਾਲ ਉਨ੍ਹਾਂ ਇੱਥੇ ਵੀ ਬਹੁਤ ਜਾਇਦਾਦਾਂ ਬਣਾਈਆਂ ਉਨ੍ਹਾਂ ਦੀ ਮੌਤ ਹੋਣ ਬਾਅਦ ਉਨ੍ਹਾਂ ਦੇ ਕਿਸੇ ਵੀ ਵਾਰਿਸ ਦਾ ਸਰਕਾਰ ਨੂੰ ਪਤਾ ਨਾ ਹੋਣ ਕਰਕੇ ਸਰਕਾਰ ਵਲੋਂ ਉਨ੍ਹਾਂ ਦੇ ਨਾਮ ਨਾਲ ਸੜਕਾਂ ਜਾਂ ਸਟਰੀਟਾਂ (ਗਲੀਆਂ) ਦੇ ਨਾਮ ਰੱਖ ਕੇ ਸਦੀਵੀ ਪੁਰਾਣੀਆਂ ਯਾਦਗਾਰਾਂ ਬਣਾਈਆਂ ਗਈਆਂ ਹਨ।

ਜਿਵੇਂ ਕਿ ਕਿਊਂਜਲੈਂਡ ਰਾਜ ਦੇ ਸ਼ਹਿਰ ਗੋਲਡ ਕੋਸਟ ਸਿਟੀ ਲਾਗੇ ਪੇਂਡੂ ਖੇਤਰ ਦੇ ਕਸਬੇ ਮੁਰਸਵਾਈ ਵਿਖੇ ਵੀ ਪੰਜਾਬੀ ਸਿੱਖ ਗੰਡਾ ਸਿੰਘ ਦੇ ਨਾਮ ਨਾਲ ਇਕ ਸੜਕ ਅਥਵਾ ਗਲੀ ਜਾਣੀ ਜਾਂਦੀ ਹੈ। ਇਸੇ ਹੀ ਤਰ੍ਹਾਂ ਦੀਆਂ ਸਾਹੂਕਾਰਾਂ ਵਲੋਂ ਸਤਾਏ ਹੋਏ ਪਹਿਲਾਂ ਆਏ ਸਿਰੜੀ ਮਹਿਨਤੀ ਪੰਜਾਬੀਆਂ ਨਾਲ ਸਬੰਧਿਤ ਹੋਰ ਵੀ ਬਹੁਤ ਸਾਰੀਆਂ ਯਾਦਗਾਰਾਂ ਅਸਟ੍ਰੇਲੀਆ 'ਚ ਬਣੀਆਂ ਹੋਈਆਂ ਹਨ।ਇਸ ਬਹੁ ਕੌਮਾਂ ਨਸਲਾਂ ਵਾਲੇ ਦੇਸ਼ ਤੇਲੀਆ 'ਚ ਪਹਿਲੇ ਪਹੁੰਚੇ ਪੰਜਾਬੀ ਸਿੱਖਾਂ ਨੇ ਬਹੁਤ ਸੱਖਤ ਮਹਿਨਤਾਂ ਕਰਕੇ ਪਹਿਲਾਂ ਪੰਜਾਬ 'ਚ ਬਹੁਤ ਕੁੱਝ ਬਣਾਇਆ ਫਿਰ ਬਾਅਦ 'ਚ ਅਸਟ੍ਰੇਲੀਆ ਵੀ ਬਹੁਤ ਕੁੱਝ ਬਨਾਉਣ ਦੇ ਨਾਲ ਆਪਣੀ ਇੱਜਤ, ਆਪਣੇ ਦੇਸ਼ ਦੀ ਇੱਜਤ, ਆਪਣੇ ਪੰਜਾਬ ਦੀ ਇੱਜਤ, ਆਪਣੀ ਕੌਮ ਦੀ ਇੱਜਤ ਅਤੇ ਆਪਣੇ ਧਰਮ ਦੀ ਇੱਜਤ ਨੂੰ ਕਦੇ ਆਂਚ ਨਹੀਂ ਆਉਂਣ ਦਿੱਤੀ।

ਜਿਸ ਦੀ ਮਿਸਾਲ ਤੁਹਾਨੂੰ 25 ਜੁਲਾਈ 2010 ਨੂੰ ਪੜ੍ਹਨ ਅਤੇ ਸੁਣਨ ਨੂੰ ਮਿਲੀ ਹੋਏਗੀ। ਜਿਸ 'ਚ ਭਾਰਤ ਤੋਂ ਸਪੈਸ਼ਲ ਤੌਰ 'ਤੇ ਸਾਬਕਾ ਕ੍ਰਿਕਟ ਖਿਡਾਰੀ ਕਪਲ ਦੇਵ ਅਤੇ ਪੂਰਨ ਸਿੰਘ ਦੇ ਖਾਨਦਾਨ ਵਿੱਚੋਂ ਨੇੜੇ ਦਾ ਰਿਸ਼ਤੇਦਾਰ ਹਰਮੇਲ ਉਪੱਲ ਇੰਗਲੈਂਡ ਵਾਸੀ ਦੁਆਬੇ ਦੇ ਮਸ਼ਹੂਰ ਪਿੰਡ ਬਿਲਗਾ ਨੇੜੇ ਉੱਪਲ ਭੂਪਾ ਵਾਸੀ ਪੂਰਨ ਸਿੰਘ ਦੀ ਆਖਰੀ ਇੱਛਾ ਨੂੰ ਪੂਰਾ ਕਰਨ ਖਾਤਰ (ਜਿਸ ਨੇ ਮਰਨ ਤੋਂ ਪਹਿਲਾਂ ਆਪਣੀ ਆਖਰੀ ਇੱਛਾ 'ਚ ਅਸਥੀਆਂ ਨੂੰ ਭਾਰਤ ਦੀ ਪਵਿਤਰ ਨਦੀ ਗੰਗਾ 'ਚ ਪ੍ਰਵਾਹ ਕਰਨ ਵਾਰੇ ਪ੍ਰਗਟਾਇਆ ਸੀ) ਅਸਥੀਆਂ ਅਤੇ (ਫੁੱਲ਼)

(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਰਾਜੂ ਬਾਲਮ

ਬਲਵਿੰਦਰ ਬਾਲਮ ਗੁਰਦਾਸਪੁਰ
98156-25409



ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਾਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ।

ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਰ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ। ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ। ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ।ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ ''ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।''

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ'', ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ,'' ਮਾਂ...! ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂ-ਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੋੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?''

ਮਾਂ ਮਾਂ ਮੈਂ...। ਮੈਂ...ਰਾਜੂ ਬੋਲ ਰਿਹਾ ਹਾਂ।''

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੂਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, ''ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, '' ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖੁਸ਼ੀ ਵਿਚ ਮੁਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਜ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ। ਡੈਡੀ ਅਤੇ ਭੈਣ, ਭਰਾ ਮਿਲ। ਖੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤਰ, ਤੇਰੇ ਨਾਲ ਕੌਣ ਏ? ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ਕਿ ਮੇਰਾ ਇਸ ਦੁਨੀਆਂ 'ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।

ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸ ਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ।


ਮਾਂ-ਬਾਪ ਅਤੇ ਸਾਰਾ ਪਰਿਵਾਰ ਖੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪਵ ਮੁੜ ਜਗ ਪਿਆ। ਖੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ ਹਿਕ ਬੁਲੰਦੀ 'ਤੇ ਜਾ ਕੇ ਰੁਕ ਗਈ। ਕੁਝ ਦਿਨਾਂ ਦੇ ਬਾਅਦ ਰਾਜੂ ਨੇ ਅਪਣੇ ਪਰਿਵਾਰ ਦੀ ਸਹਿਮਤੀ ਨਾਲ ਸ਼ਾਦੀ ਕਰ ਲਈ।

# "ਅਸਟ੍ਰੇਲੀਆ ਦਾ ਮੂੰਹ ਮੱਥਾ ਸਵਾਰਨ 'ਚ ਪੰਜਾਬੀਆਂ ਦਾ ਵੀ ਵੱਡਾ ਯੋਗਦਾਨ ਰਿਹੈ"

(ਸਫਾ 23 ਦੀ ਬਾਕੀ)

ਅਥਵਾ ਦੰਦ ਲੈਣ ਲਈ ਆਇਆ। ਪੂਰਨ ਸਿੰਘ ਪਿੰਡ ਉੱਪਲ ਭੂਪਾ ਵਾਸੀ ਦੀ ਮੌਤ 1947 'ਚ ਹੋ ਗਈ ਸੀ ਉਸ ਦੀ ਖਾਹਿਸ਼ ਨੂੰ ਪੂਰਾ ਕਰਨ ਖਾਤਰ ਇੱਕ ਅਸਟ੍ਰੇਲੀਅਨ ਅੰਗਰੇਜ ਗੋਰੇ ਪ੍ਰੀਵਾਰ ਨੇ ਪੀੜ੍ਹੀ ਦਰ ਪੀੜ੍ਹੀ 63 ਸਾਲ ਇੱਕ ਮਹੀਨਾ ਸਤਾਰਾਂ ਦਿਨ ਅਸਥੀਆਂ 'ਤੇ ਫੁੱਲਾਂ ਅਥਵਾ ਦੰਦਾਂ ਨੂੰ ਅਸਟ੍ਰੇਲੀਆ 'ਚ ਸੰਭਾਲ ਕੇ ਰੱਖਿਆ ਹੋਇਆ ਸੀ। ਉਹ ਵੀ ਉਸ ਸਮੇਂ ਜਦੋਂ ਅਸਟ੍ਰੇਲੀਆ 'ਚ ਕਾਲੀ ਚੰਮੜੀ ਵਾਲਿਆਂ ਦੇ ਆਉਂਣ 'ਤੇ ਪਾਬੰਦੀ ਸੀ ਅਤੇ ਚਿੱਟੀ ਚੰਮੜੀ ਵਾਲਿਆਂ ਦੇ ਆਉਣ ਲਈ ਵਾਈਟ ਪਾਲਿਸੀ ਕਾਰਨ ਪੂਰੀ ਤਰ੍ਹਾਂ ਖੁਲ੍ਹ ਸੀ। ਉਸ ਦੀ 1947 'ਚ ਹੋਈ ਮੌਤ ਦੇ ਸਮੇਂ ਤੋਂ 25 ਜੁਲਾਈ 2010 ਤੱਕ ਅਸਥੀਆਂ ਨੂੰ ਪੂਰਨ ਮਾਣ ਮਰਿਆਦਾ ਅਨੁਸਾਰ ਅਸਟ੍ਰੇਲੀਅਨ ਗੋਰਿਆਂ ਨੇ ਅਸ-ਟ੍ਰੇਲੀਆ 'ਚ ਸੰਭਾਲ ਕੇ ਰੱਖਿਆ ਹੋਇਆ ਸੀ। ਜਿਸ ਦੀ ਜਿਊਂਦੀ ਜਾਗਦੀ ਮਿਸ਼ਾਲ ਹੇਠਾਂ ਤਸਵੀਰਾਂ ਦੀ ਜਵਾਨੀ ਜੋ ਸਤਿਕਾਰ ਸਾਹਿਤ ਇੰਨਟਨੈੱਟ ਤੋਂ ਕਾਪੀ ਕੀਤੀਆਂ ਗਈਆਂ ਹਨ।

ਪਰ ਦੂਜੇ ਪਾਸੇ ਅਸਟ੍ਰੇਲੀਆ ਦੇ ਅਕਸ਼ ਵਾਰੇ ਭਾਰਤ ਅਥਵਾ ਪੰਜਾਬ ਵਿਚ ਜੋ ਨਸਲੀ ਵਿਤਕਰੇ ਦੀ ਕਾਵਾਂ ਰੌਲੀ ਪਾਕੇ ਭਾਰਤੀ ਅਤੇ ਪੰਜਾਬ ਦੇ ਮੀਡੀਏ ਸਮੇਤ ਟਾਵੇਂ ਜਿਹੇ ਸਿਅਸੀ ਭੁੱਖ ਪੂਰੀ ਕਰਨ ਵਾਲੇ ਲੋਕਾਂ ਵਲੋਂ ਸਾਡੇ ਭੋਲੇ ਭਾਲੇ ਗੁੰਮਰਾਹ ਕੀਤੇ ਗਏ ਸਾਡੇ ਆਪਣੇ ਹੀ ਬੱਚਿਆਂ ਵਲੋਂ ਮੈਲਬੋਰਨ 'ਚ ਵਿਕਟੋਰੀਆ ਬਿ-ਲਡਿੰਗ ਦੇ ਸ਼ੀਸ਼ਿਆਂ ਅਤੇ ਸਦੀਆਂ ਪੁਰਾਣੀ ਘੜੀ ਨੂੰ ਭੰਨ ਤੋੜ ਕੇ ਮੁਜਾਹਰੇ ਕਰਦਿਆਂ ਨੇ ਟ੍ਰੈਫਿਕ ਜਾਮ ਕੀਤਾ ਸੀ ਨੂੰ ਅਸਟ੍ਰ਼ੇਲੀਅਨ ਗੋਰਿਆਂ ਵਲੋਂ ਪੂਰਨ ਸਿੰਘ ਦੀਆਂ ਅਸ਼ਥੀਆਂ ਨੂੰ 63 ਸਾਲ ਇੱਕ ਮਹੀਨਾ ਸਤਾਰਾਂ ਦਿਨ ਤੱਕ ਸੰਭਾਲ ਕੇ ਰੱਖਣ ਨੇ ਝੁਠਲਾ ਦਿੱਤਾ ਹੈ। ਇਸ ਤਰ੍ਹਾਂ ਦੀ ਅਸਥੀਆਂ ਦੀ ਸਾਂਭ ਸੰਭਾਲ ਸਾਇਦ ਸਾਡੇ ਇੰਡੀਆ ਪੰਜਾਬ 'ਚ ਪੂਰਨ ਸਿੰਘ ਦੇ ਆਪਣੇ ਸਕੇ ਸਬੰਧੀ ਵੀ ਇਵੇ ਨਾ ਕਰ ਸਕਦੇ।ਪਰ ਦੂਜੇ ਪਾਸੇ ਸਿਆਸੀ ਚਾਲਬਾਜਾਂ ਦੀਆਂ ਚਲਾਕੀਆਂ ਸਦਕਾ ਸੈਕੜੇ ਸਾਲਾਂ ਦੀ ਬਣਾਈ ਹੋਈ ਛੱਬੀ ਨੂੰ ਸ਼ਰਮਸ਼ਾਰ ਕਰ ਕੇ ਰੱਖ ਦਿੱਤਾ ਸੀ। ਜਦ ਕਿ ਉਨ੍ਹਾਂ ਬੱਚਿਆਂ ਸਮੇਤ ਸਾਡੇ ਸਾਰਿਆਂ ਦੀ ਮਦਤ ਕਰਨ ਲਈ ਅਸਟ੍ਰੇਲੀਆ ਦੀਆਂ ਸਾਰੀਆਂ ਸਟੇਟਾਂ ਦੇ ਖਾਸ ਸ਼ਹਿਰਾਂ ਵਿਚ ਸਾਡੇ ਸਮਾਜ ਵਲੋਂ ਭਾਰਤੀਆਂ ਅਤੇ ਪੰਜਾਬੀਆਂ ਦੀਆਂ ਸਭਿਆਚਾਰਕ, ਸਪੋਰਟਸ, ਸਮਾਜਿਕ, ਧਾਰਮਿਕ ਅਤੇ ਕਲਚਰਰ ਸੰਸਥਾਵਾਂ ਬਣਾਈਆਂ ਹੋਈਆਂ ਹਨ।ਇਸ ਤੋਂ ਇਲਾਵਾ ਹਰ ਧਰਮ ਨੂੰ ਮੰਨਣ ਵਾਲਿਆਂ ਲਈ ਅਸਟ੍ਰੇਲੀਆ ਦੇ ਹਰ ਮੁੱਖ ਸ਼ਹਿਰ 'ਚ ਆਲੀਸ਼ਾਨ ਧਾਰਮਿਕ ਅਸਥਾਨ ਬਣਾਏ ਹੋਏ ਹਨ। ਜਿਨ੍ਹਾਂ 'ਚ ਆਲੀਸ਼ਾਨ ਗੁਰਦਵਾਰਾ ਸਾਹਿਬ, ਮੰਦਰ, ਮਸਜਿਦਾਂ, ਚਰਚ ਸ਼ਾਮਲ ਹਨ। ਜਿਹੜੇ ਕਿ ਲੋੜ ਪੈਣ 'ਤੇ ਹਰ ਕਿਸੇ ਦੀ ਮਦਤ ਕਰਦੇ ਹਨ। ਇਸ ਤੋਂ ਇਲਾਵਾ ਆਪਣੀ ਨਵੀਂ ਪੀੜ੍ਹੀ ਨੂੰ ਆਪੋ-ਆਪਣੀ ਬੋਲੀ ਨਾਲ ਜੋੜੀ ਰੱਖਣ ਲਈ ਕਈ ਉੱਦਮੀਆਂ ਵਲੋਂ ਭਾਸ਼ਾ ਸਿਖਾਉਂਣ ਲਈ ਸਕੂਲ



Akhand Path in 1920 (Banella) Source: From the book 'Are Indians and Ethnic Minority? Volume 5 - A Pictorial History' written by Len Kenna and Crystal Jordan.

ਵੀ ਖੋਲ੍ਹੇ ਹੋਏ ਹਨ। ਕਈ ਉੱਦਮੀਆਂ ਵਲੋਂ ਭੰਗੜੇ ਗਿੱਧੇ ਅਤੇ ਹੋਰ ਭਾਰਤੀ ਸੰਗੀਤ ਅਤੇ ਡਾਂਨਸ ਸਕੂਲ ਵੀ ਖੋਹਲੇ ਹੋਏ ਹਨ। ਜਿਸ ਨਾਲ ਸਾਡੀਆਂ ਆਉਂਣ ਵਾਲੀਆਂ ਨਸਲਾਂ ਸਾਡੇ ਧਰਮ ਸਭਿਆਚਾਰ ਵਿਰਸੇ ਅਤੇ ਸਾਡੇ ਰੀਤੀ ਰਿਵਾਜਾਂ ਨਾਲ ਜੁੜੀਆਂ ਰਹਿ ਸਕਦੀਆਂ ਹਨ। ਹੁਣ ਤਾਂ ਸਾਡੇ ਪੰਜਾਬੀਆਂ ਨੇ ਰਾਜਭਾਗ ਦੀਆਂ ਮੰਜਿਲਾਂ ਵੱਲ਼ ਵੀ ਵਧਣਾ ਸ਼ੁਰੂ ਕਰ ਦਿੱਤਾ ਹੈ। ਜਿਸ ਦੀ ਮਿਸਾਲ ਤੁਹਾਡੇ ਸਾਹਮਣੇ ਹੇਠਲੀਆਂ ਤਸਵੀਰਾਂ ਹਨ।ਜਿਨ੍ਹਾਂ 'ਚ ਪੰਜਾਬ ਦੇ ਪਿਛੋਕੜ ਤੋਂ ਗੁਰਮੇਸ਼ ਸਿੰਘ ਐਮ-ਪੀ ਪਿਛਿਓਂ ਨਵਾਂ ਸ਼ਹਿਰ ਨੇੜੇ ਭੰਗਲਾਂ ਤੋਂ ਹਲਕਾ ਕੋਫਸ ਹਰਬਰ ਤੋਂ 9 ਸੰਤਬਰ 2019 ਨੂੰ ਮੈਂਬਰ (ਐਨ ਐਸ ਡਬਲਯੁ) ਸਟੇਟ ਸਰਕਾਰ ਅਤੇ ਸ਼ੇਡੋ ਮਨਿਸਟਰ ਟੂਰਿਜਮ ਅਤੇ ਐਮਰਜੈਨਸੀ ਸਰਵਿਸਜ ਮਨਿਸਟਰ ਅਤੇ ਸ਼ੇਡੋ ਮਨਿਸਟਰ ਨੋਰਥ ਕੌਸਟ ਅਤੇ ਵਿਪ ਮੈਂਬਰ ਨੈਸ਼ਨਲਜ ਹਨ। ਇਹ ਸਾਰਾ ਕੁੱਝ ਪੰਜਾਬੀਆਂ ਦੇ ਮਹਿਨਤੀ ਹੋਣ ਦੇ ਸੁਭਾਅ ਕਾਰਨ ਹੀ ਹੋ ਸਕਿਆ ਹੈ। ਪੰਜਾਬੀਆਂ ਤੋਂ ਇਲਾਵਾ ਕਈ ਭਾਰਤੀ ਵੀ ਰਾਜ ਸਤਾ ਪ੍ਰਾਪਤ ਕਰ ਗਏ ਗਏ ਹਨ ਜਿਨ੍ਹਾਂ 'ਚ ਲੀਸਾ ਸਿੰਘ 2010 ਵਿੱਚ ਪਹਿਲੀ ਭਾਰਤੀ ਪਿਛੋਕੜ ਦੀ ਫਿਜੀ ਤੋਂ ਪਰਵਾਸ ਹੋਈ ਇਸਤਰੀ ਅਸਟ੍ਰੇਲੀਅਨ ਪਾਰਲੀਮੈਂਟ ਦੀ ਸਰਕਾਰ ਵਿੱਚ ਲੇਬਰ ਪਾਰਟੀ ਵਲੋਂ ਚੁਣੀ ਗਈ। ਦੇਵ ਸ਼ਰਮਾ ਵੀ ਭਾਰਤੀ ਮੂਲ ਦਾ ਲੇਵਰ ਪਾਰਟੀ ਤੋਂ ਨਿਊ ਸਾਊਥ ਵੇਲਜ ਦੇ ਇਲਾਕੇ ਵੇਨਟਵਰਥ ਤੋਂ ਰਾਜ ਸਰਕਾਰ ਲਈ 2019 ਤੋਂ 2022 ਤੱਕ ਮੈਂਬਰ ਰਿਹਾ। ਦੀਪਕ ਰਾਜ ਗੁਪਤਾ ਜੋ ਉਤਰ ਪ੍ਰਦੇਸ਼ ਦੇ ਆਗਰਾ ਸ਼ਹਿਰ ਨਾਲ ਸੰਬਧਿਤ ਹੈ ਜੋ ਚੰਡੀਗੜ੍ਹ ਰਹਿ ਕੇ ਪੜ੍ਹਿਆ ਵੀ 2019 ਵਿੱਚ ਅਸਟ੍ਰੇਲੀਆ ਦੀ ਪਾਰਲੀਮੈਂਟ ਲੇਬਰ ਪਾਰਟੀ ਵਲੋਂ ਚੁਣਿਆ ਗਿਆ। ਵਰਨ ਘੋਸ਼ ਭਾਰਤੀ ਮੂਲ ਦੇ ਵਕੀਲ ਨੇ ਹਿੰਦੂ ਰੀਤਾਂ ਮੁਤਾਬਕ ਭਗਵਤ ਗੀਤਾ ਨੂੰ ਹੱਥ ਵਿੱਚ ਫੜ੍ਹ ਕੇ ਰਾਜ ਸਭਾ ਮੈਂਬਰ ਬਤੌਰ ਸੈਨੇਟ ਪਾਰਲੀਮੈਂਟ ਵਿੱਚ ਸੌਂਹ ਖਾ ਕੇ ਇਤਹਾਸ ਸਿਰਜਿਆ 'ਤੇ ਫਰਵਰੀ 2024 ਲਈ ਪੱਛਵੀਂ ਅਸਟ੍ਰੇਲੀਆ ਦੀ ਰਾਜ ਸਰਕਾਰ ਵਲੋਂ ਅਸਟ੍ਰੇਲੀਅਨ ਪਾਰਲੀਮੈਂਟ ਲਈ ਸੈਨੇਟ ਮੈਂਬਰ ਚੁਣਿਆ ਗਿਆ। ਜਗਦੀਸ਼ ਕ੍ਰਿਸ਼ਨਾ ਕੋਟਾਗਿਰੀ ਤਾਮਿਲ ਨਾਡੂ ਤੋਂ ਭਾਰਤੀ ਜੰਮ ਪਲ਼ ਵੀ ਪੱਛਵੀਂ ਅਸਟਰੇਲੀਆਂ ਪਰਥ ਤੋਂ ਰਾਜ ਸਰਕਾਰ ਮੈਬਰ 2021 ਲਈ ਲੇਵਰ ਪਾਰਟੀ ਵਲੋਂ ਚੁਣਿਆ ਗਿਆ।ਕੁਸ਼ਲਿਆ ਬਿਰਜੀਭਾਈ ਵਿਘੇਲਾ ਵੀ ਭਾਰਤੀ ਮੂਲ ਦੀ ਇਸਤਰੀ ਵਿਕਟੋਰੀਅਨ ਸਰਕਾਰ ਵਿੱਚ 2019 ਤੋਂ 2022 ਤੱਕ ਚੁਣੀ ਰਹੀ।ਹੋ ਸਕਦਾ ਇਨ੍ਹਾਂ ਤੋਂ ਇਲਾਵਾ ਵੀ ਕੋਈ ਹੋਰ ਅਸਟ੍ਰੇਲੀਅਨ ਸਰਕਾਰ ਅਤੇ ਕਿਸੇ ਰਾਜ ਸਰਕਾਰ ਵਿੱਚ ਭਾਰਤੀ ਮੂਲ ਦਾ ਮੈਂਬਰ ਹੋਵੇ ਜਿਸ ਵਾਰੇ ਸਾਨੂੰ ਜਾਣਕਾਰੀ ਨਾ ਹੋਣ ਕਰਕੇ ਉਸ ਦਾ ਨਾਮ ਲਿਖਣ ਤੋਂ ਰਹਿ ਗਿਆ ਹੋਵੇ ਉਸ ਤੋਂ ਖਿਮਾਂ ਚਾਹੁੰਦੇ ਹਾਂ। ਸ਼ਾਲਾ ਆਪਾਂ ਸਾਰੇ ਆਪਸ ਵਿਚ ਪਿਆਰ ਮੁਹਬਤ ਨਾਲ ਰਹਿਕੇ ਰਾਜ ਭਾਗ ਦੀਆਂ ਸਿਖਰਲੀਆਂ ਪੌੜੀਆਂ ਤੱਕ ਵੀ ਇਨ੍ਹਾਂ ਸਾਰਿਆਂ ਦੇ ਨਕਸ਼ੇ ਕਦਮ ਪਹੁੰਚ ਸਕੀਏ। ਹੇਠਲੀ ਤਸਵੀਰ 'ਚ ਮਿਸ ਖੁਸ਼ਪ੍ਰੀਤ ਕੌਰ ਵੀ 2021 ਵਿੱਚ ਬਲੈਕਟਾਉਨ ਕੌਂਸਲ ਲਈ ਵਾਰਡ ਨੰਬਰ 2 ਤੋਂ ਲੇਬਰ ਪਾਰਟੀ ਵਲੋਂ ਕੌਂਸਲਰ ਚੁਣੇ ਗਏ, ਡਾਕਟਰ ਮਨਿੰਦਰ ਸਿੰਘ ਕੌਸਲਰ ਬਲੈਕਟਾਊਨ ਅਤੇ ਡਿਪਟੀ ਮੇਅਰ ਗਰਦੀਪ ਸਿੰਘ ਜੀ ਹੌਰਨਸਵੀ ਕੌਂਸਲ ਤੋਂ ਅਤੇ ਭਾਰਤੀ ਪਿਛੋਕੜ ਤੋਂ ਪੈਰਾਮੈਟਾ ਕੋਂਸਲ ਤੋਂ ਸਮੀਰ ਪਾਂਡੇ ਪਹਿਲਾਂ 2017 'ਚ ਕੋਂਸਲਰ ਦੁਜੀ ਵਾਰ 2022 ਵਿੱਚ ਡਿਪਟੀ ਮੇਅਰ ਚੁਣੇ ਗਏ ਹਨ। ਹੇਠਲੀ ਤਸਵੀਰ ਵਿੱਚ ਸਿੱਖ ਸੰਗਤ 1920 ਵਿੱਚ ਲਿਆਦੇਂ ਗਏ ਗੁਰੁ ਗਰੰਥ ਸਾਹਿਬ ਜੀ ਦੇ ਸਰੂਪ ਦੁਆਰਾ ਅੰਖਡ ਪਾਠ ਸੁਣਦੀ ਹੋਈ ਸੰਗਤ। ਅੱਜ ਲੋੜ ਹੈ ਏਕੇ 'ਚ ਰਹਿ ਕੇ ਦਿਲੋਂ ਨਫਰਤਾਂ ਦੂਰ ਕਰਨ ਦੀ ਅਤੇ ਆਪਸੀ ਪਿਆਰ ਦੀ ਜਿਸ ਨਾਲ ਅਸੀਂ ਸਾਰੀ ਦੁਨੀਆਂ 'ਤੇ ਆਪਣੀ ਧਾਂਕ ਜਮਾ ਸਕਣ ਦੇ ਯੋਗ ਹੋ ਸਕੀਏ।

# ਆਡੀਟਰ/ਜੂਨੀਅਰ ਲੇਖਾਕਾਰ ਕਿਵੇਂ ਬਣਨਾ ਹੈ

**ਵਿਜੈ ਗਰਗ**

ਕੇਂਦਰੀ ਸਰਕਾਰਾਂ ਦੇ ਦਫ਼ਤਰਾਂ ਵਿੱਚ ਜੂਨੀਅਰ ਲੇਖਾਕਾਰ ਵਜੋਂ ਨਿਯੁਕਤ ਆਡੀਟਰ ਉਨ੍ਹਾਂ ਵਿਭਾਗਾਂ ਦੇ ਖਾਤਿਆਂ ਨਾਲ ਸਬੰਧਤ ਮਾਮਲਿਆਂ ਨਾਲ ਨਜਿੱਠਦਾ ਹੈ ਜਿਨ੍ਹਾਂ ਨਾਲ ਉਹ ਜੁੜੇ ਹੋਏ ਹਨ। ਉਹਨਾਂ ਦੇ ਕਾਰਜ ਪ੍ਰੋਫਾਈਲ ਵਿੱਚ ਸਰਕਾਰ ਦੇ ਉਹਨਾਂ ਵਿਭਾਗਾਂ ਦੇ ਵਿੱਤੀ ਲੈਣ-ਦੇਣ ਦਾ ਧਿਆਨ ਰੱਖਣਾ ਸ਼ਾਮਲ ਹੁੰਦਾ ਹੈ ਜਿੱਥੇ ਉਹ ਕੰਮ ਕਰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਵਿਭਾਗਾਂ ਦੇ ਸਰੋਤਾਂ ਦੀ ਸੰਭਾਲ ਕਰਨੀ ਪੈਂਦੀ ਹੈ ਅਤੇ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਵਿਭਾਗਾਂ ਦੇ ਸਰੋਤਾਂ ਦੀ ਵਰਤੋਂ ਯੋਗ ਅਧਿਕਾਰੀਆਂ ਦੀ ਅਗਾਊਂ ਪ੍ਰਵਾਨਗੀ ਨਾਲ ਕੀਤੀ ਜਾ ਰਹੀ ਹੈ। ਆਡੀਟਰ ਵਿਭਾਗ ਨੂੰ ਉਪਲਬਧ ਸਾਰੇ ਵਿੱਤੀ ਅਤੇ ਹੋਰ ਸਰੋਤਾਂ ਦੀ ਬਿਨਾਂ ਕਿਸੇ ਮਤਭੇਦ ਦੇ ਨਿਆਂਪੂਰਨ ਵਰਤੋਂ ਲਈ ਜ਼ਿੰਮੇਵਾਰ ਹਨ। ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਲਈ ਕਈ ਵਾਰ ਉਨ੍ਹਾਂ ਨੂੰ ਸਾਹਸੀ ਕਦਮ ਚੁੱਕਣੇ ਪੈਂਦੇ ਹਨ। ਇਹਨਾਂ ਫਰਜ਼ਾਂ ਨੂੰ ਨਿਭਾਉਣਾ ਕੋਈ ਮਾੜੀ ਗੱਲ ਨਹੀਂ ਹੈ ਕਿਉਂਕਿ ਕਈ ਵਾਰ ਉਹਨਾਂ ਨੂੰ ਉੱਚ-ਪ੍ਰੋਫਾਈਲ ਲੋਕਾਂ ਜਿਵੇਂ ਕਿ ਇੱਕ ਰਾਜਨੇਤਾ, ਜਨਤਕ ਸ਼ਖਸੀਅਤਾਂ, ਅਤੇ ਇੱਥੋਂ ਤੱਕ ਕਿ ਉਹਨਾਂ ਦੇ ਆਪਣੇ ਮਾਲਕਾਂ ਆਦਿ ਨਾਲ ਵੀ ਨਜਿੱਠਣਾ ਪੈਂਦਾ ਹੈ। ਇਸ ਲਈ ਆਪਣੇ ਫਰਜ਼ ਨਿਭਾਉਣ ਲਈ ਆਡੀਟਰ ਨੂੰ ਸੂਝਵਾਨ, ਚੰਗੀ ਤਰ੍ਹਾਂ ਜਾਣੂ, ਬਹਾਦਰ, ਮਿਹਨਤੀ, ਇਮਾਨਦਾਰ ਅਤੇ ਸਮਝਦਾਰ ਹੋਣ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਉਸਨੂੰ ਬਹੁਤ ਸਾਰੇ ਉੱਚ-ਪ੍ਰੋਫਾਈਲ ਲੋਕਾਂ ਨਾਲ ਨਜਿੱਠਣਾ ਪੈਂਦਾ ਹੈ ਜੋ ਆਪਣੇ ਆਪ ਨੂੰ ਬਚਾਉਣ ਲਈ ਉੱਚ ਪੱਧਰੀ ਲੋਕਾਂ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰ ਸਕਦੇ ਹਨ। ਆਡੀਟਰਾਂ ਨੂੰ ਗਲਤ ਜਾਂ ਨਿਰਪੱਖ ਸਾਬਤ ਕਰੋ। ਆਡੀਟਰ/ਜੂਨੀਅਰ ਅਕਾਊਂਟੈਂਟ ਬਣਨ ਲਈ ਸਟਾਫ਼ ਸਿਲੈਕਸ਼ਨ ਕਮਿਸ਼ਨ ਦੁਆਰਾ ਕਰਵਾਈਆਂ ਗਈਆਂ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆਵਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ ਤਾਂ ਜੋ ਸਿਰਫ਼ ਉਮੀਦਵਾਰਾਂ ਵਿੱਚ ਮੁਕਾਬਲਾ ਚੁਣਿਆ ਜਾ ਸਕੇ। ਆਡੀਟਰ/ਜੂਨੀਅਰ ਲੇਖਾਕਾਰ ਯੋਗਤਾ ਵਿੱਦਿਅਕ ਯੋਗਤਾ ਆਡੀਟਰ/ਜੂਨੀਅਰ ਅਕਾਊਂਟੈਂਟ ਬਣਨ ਦੇ ਯੋਗ ਹੋਣ ਲਈ ਕਿਸੇ ਨੂੰ ਕਿਸੇ ਵੀ ਸਟ੍ਰੀਮ ਵਿੱਚ ਬੈਚਲਰ ਦੀ ਡਿਗਰੀ ਹੋਣੀ ਚਾਹੀਦੀ ਹੈ। ਉਮਰ ਸੀਮਾਵਾਂ ਉਮੀਦਵਾਰ ਦੀ ਪ੍ਰੀਖਿਆ ਦੇ ਸਾਲ 1 ਜੁਲਾਈ ਨੂੰ 18 ਸਾਲ ਦੀ ਉਮਰ ਹੋਣੀ ਚਾਹੀਦੀ ਹੈ ਅਤੇ ਉਸ ਮਿਤੀ ਨੂੰ 27 ਸਾਲ ਦੀ ਉਮਰ ਨਹੀਂ ਹੋਣੀ ਚਾਹੀਦੀ। ਉਪਰਲੀ ਉਮਰ ਸੀਮਾ ਵਿੱਚੌਂਭਛ ਉਮੀਦਵਾਰਾਂ ਲਈ 3 ਸਾਲ ਅਤੇ ੰਛ/ੰਠ ਉਮੀਦਵਾਰਾਂ ਲਈ 5 ਸਾਲ ਦੀ ਛੋਟ ਦਿੱਤੀ ਜਾਵੇਗੀ। ਭਾਰਤ ਸਰਕਾਰ ਅਤੇ ਰੱਖਿਆ ਸੇਵਾਵਾਂ ਦੇ ਕਰਮਚਾਰੀਆਂ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਹੱਕ ਵਿੱਚ ਉਪਰਲੀ ਉਮਰ ਸੀਮਾ ਵਿੱਚ ਵੀ ਢਿੱਲ ਦਿੱਤੀ ਗਈ ਹੈ। ਆਡੀਟਰ/ਜੂਨੀਅਰ ਲੇਖਾਕਾਰ ਲੋੜੀਂਦੇ ਹੁਨਰ ਆਡੀਟਰਾਂ ਨੂੰ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਨਿਰਧਾਰਤ ਕਰਨ ਲਈ ਕਾਰੋਬਾਰਾਂ, ਏਜੰਸੀਆਂ, ਸਕੂਲਾਂ, ਕਾਰਪੋਰੇਸ਼ਨਾਂ ਜਾਂ ਹੋਰਾਂ ਦੇ ਆਡਿਟ ਦੀ ਯੋਜਨਾ ਬਣਾਉਣ, ਸਮਾਂ-ਸਾਰਣੀ ਕਰਨ ਅਤੇ ਆਡਿਟ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਉਹਨਾਂ ਨੂੰ ਆਮ ਤੌਰ 'ਤੇ ਸਵੀਕਾਰ ਕੀਤੇ ਲੇਖਾ ਦੇ ਸਿਧਾਂਤਾਂ ਅਤੇ ਅਭਿਆਸਾਂ ਦਾ ਗਿਆਨ ਹੋਣਾ ਚਾਹੀਦਾ ਹੈ; ਆਡਿਟਿੰਗ ਸਿਧਾਂਤ ਅਤੇ ਤਕਨੀਕਾਂ; ਜਨਤਕ ਅਤੇ ਕਾਰੋਬਾਰੀ ਪ੍ਰਸ਼ਾਸਨ; ਵਿੱਤੀ ਬਿਆਨ, ਬਹੀ, ਰਸਾਲੇ ਅਤੇ ਰਿਪੋਰਟਾਂ, ਅਤੇ ਵਿਸ਼ਲੇਸ਼ਣਾਤਮਕ ਸਿਧਾਂਤ। ਉਹਨਾਂ ਨੂੰ ਆਡਿਟ ਰਿਪੋਰਟਾਂ ਵੀ ਤਿਆਰ ਕਰਨ ਦੇ ਯੋਗ ਹੋਣਾ ਚਾਹੀਦਾ ਹੈ; ਨੀਤੀਆਂ ਜਾਂ ਸੰਚਾਲਨ ਪ੍ਰਕਿਰਿਆਵਾਂ ਵਿੱਚ ਤਬਦੀਲੀਆਂ ਬਾਰੇ ਸਿਫਾਰਸ਼ਾਂ ਕਰਦਾ ਹੈ। ਉਹਨਾਂ ਕੋਲ ਵਿੱਤੀ ਰਿਕਾਰਡਾਂ ਅਤੇ ਹੋਰ ਕਾਰੋਬਾਰੀ ਰਿਕਾਰਡਾਂ ਸੰਬੰਧੀ ਹੁਨਰ ਵੀ ਹਨ; ਵਿੱਤੀ ਨਿਯੰਤਰਣਾਂ ਦਾ ਮੁਲਾਂਕਣ ਕਰਨਾ; ਕਮੀਆਂ ਦੀ ਪਛਾਣ ਕਰਨਾ; ਮੌਜੂਦਾ ਕਾਨੂੰਨਾਂ, ਨੀਤੀਆਂ ਅਤੇ ਮਿਆਰਾਂ ਦੀ ਪਾਲਣਾ ਲਈ ਲੋੜਾਂ ਬਾਰੇ ਸਲਾਹ ਪ੍ਰਦਾਨ ਕਰੋ। ਆਡੀਟਰ/ਜੂਨੀਅਰ ਲੇਖਾਕਾਰ ਕਿਵੇਂ ਬਣਨਾ ਹੈ? ਆਡੀਟਰ/ਜੂਨੀਅਰ ਅਕਾਊਂਟੈਂਟ ਬਣਨ ਲਈ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ: ਕਦਮ 1 ਪਹਿਲੇ ਕਦਮ ਦੇ ਤੌਰ 'ਤੇ, ਚਾਹਵਾਨ ਨੂੰ ਆਮ ਤੌਰ 'ਤੇ ਅਪ੍ਰੈਲ ਦੇ ਮਹੀਨੇ ਵਿੱਚ ਪ੍ਰਕਾਸ਼ਤ ਰੋਜ਼ਗਾਰ ਅਖਬਾਰ ਤੋਂ ਲੋੜੀਂਦੀ ਜਾਣਕਾਰੀ ਦੇ ਨਾਲ "ਅਰਜ਼ੀ ਫਾਰਮ" ਪ੍ਰਾਪਤ ਕਰਨਾ ਹੁੰਦਾ ਹੈ। ਭਰਿਆ ਹੋਇਆ ਬਿਨੈ-ਪੱਤਰ ਫਾਰਮ ਖੇਤਰੀ ਕੇਂਦਰਾਂ ਨੂੰ ਭੇਜ ਦਿੱਤਾ ਗਿਆ ਹੈ ਜਿਵੇਂ ਕਿ ਦੱਸਿਆ ਗਿਆ ਹੈ। ਨੋਟ: ਨਿਯਮਾਂ ਅਤੇ ਸਿਲੇਬਸ ਨਾਲ ਸਬੰਧਤ ਵੇਰਵਿਆਂ ਨਾਲ ਪ੍ਰੀਖਿਆ ਲਈ ਨੋਟੀਫਿਕੇਸ਼ਨ ਅਪ੍ਰੈਲ ਮਹੀਨੇ ਵਿੱਚ 'ਰੁਜ਼ਗਾਰ ਸਮਾਚਾਰ'/'ਰੋਜ਼ਗਾਰ ਸਮਾਚਾਰ', 'ਗਜ਼ਟ ਆਫ਼ ਇੰਡੀਆ' ਅਤੇ ਦੇਸ਼ ਦੇ ਕੁਝ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕਦਮ 2 ਸ਼ੁਰੂਆਤੀ-ਇਮਤਿਹਾਨ ਮਈ ਜਾਂ ਜੂਨ ਦੇ ਮਹੀਨੇ ਵਿੱਚ, ਚਾਹਵਾਨਾਂ ਨੂੰ ਦੋ ਪੇਪਰਾਂ ਵਾਲੀ "ਸ਼ੁਰੂਆਤੀ ਪ੍ਰੀਖਿਆਵਾਂ" ਦੇਣੀ ਪੈਂਦੀ ਹੈ। ਕਾਗਜ਼ ਇਸ 'ਤੇ ਹਨ: ਵਿਸ਼ੇ ਭਾਗ ੳ: ਜਨਰਲ ਇੰਟੈਲੀਜੈਂਸ ਅਤੇ ਆਮ ਜਾਗਰੂਕਤਾ ਭਾਗ ਭ: ਅੰਕਗਣਿਤ ਸਵਾਲ ਦੀ ਸੰਖਿਆ 100 100 ਚਿੰਨ੍ਹ 100 100 ਮਿਆਦ 2 ਘੰਟੇ 2 ਘੰਟੇ ਨੋਟ: ਇਹ ਇਮਤਿਹਾਨ ਅੰਤਿਮ ਪ੍ਰੀਖਿਆ ਲਈ ਸਿਰਫ਼ ਇੱਕ ਯੋਗਤਾ ਪ੍ਰੀਖਿਆ ਹੈ ਅਤੇ ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਅੰਤਿਮ ਨਤੀਜਾ ਬਣਾਉਣ ਲਈ ਸ਼ਾਮਲ ਨਹੀਂ ਕੀਤਾ ਗਿਆ ਹੈ। ਕਦਮ 3 ਮੁੱਖ ਪ੍ਰੀਖਿਆ ਜਿਹੜੇ ਉਮੀਦਵਾਰ "ਪ੍ਰੀਲੀਮੀਨਰੀ ਪ੍ਰੀਖਿਆ" ਵਿੱਚ ਯੋਗਤਾ ਪ੍ਰਾਪਤ ਘੋਸ਼ਿਤ ਕੀਤੇ ਗਏ ਹਨ, ਉਨ੍ਹਾਂ ਨੂੰ ਅੰਤਿਮ ਪ੍ਰੀਖਿਆ ਦੇਣੀ ਚਾਹੀਦੀ ਹੈ। ਅੰਤਿਮ ਪ੍ਰੀਖਿਆ ਦੋ ਭਾਗਾਂ ਦੀ ਹੋਵੇਗੀ। ਭਾਗ ਏ ਲਿਖਤੀ ਪ੍ਰੀਖਿਆ ਦਾ ਹੋਵੇਗਾ ਅਤੇ ਦੂਜਾ ਭਾਗ ਬੀ ਪਰਸਨੈਲਿਟੀ ਟੈਸਟ ਦਾ ਹੋਵੇਗਾ: ਵਿਸ਼ੇ ਜਨਰਲ ਸਟੱਡੀਜ਼ ਅੰਗਰੇਜ਼ੀ ਅੰਕਗਣਿਤ ਭਾਸ਼ਾ ਸੰਚਾਰ ਹੁਨਰ ਅਤੇ ਲਿਖਣਾ ਅਧਿਕਤਮ 200 ਅੰਕ 100 ਅੰਕ 200 ਅੰਕ 100 ਅੰਕ 200 ਅੰਕ ਮਿਆਦ 3 ਘੰਟੇ 2 ਘੰਟੇ 20 ਮਿੰਟ। 4 ਘੰਟੇ 2 ਘੰਟੇ 20 ਮਿੰਟ 2 ਘੰਟੇ 20 ਮਿੰਟ ਕਦਮ 4 ਸ਼ਖਸੀਅਤ ਟੈਸਟ ਇੱਕ ਵਾਰ ਜਦੋਂ ਤੁਸੀਂ ਅੰਤਮ ਪੜਾਅ ਵਿੱਚੋਂ ਲੰਘਦੇ ਹੋ ਤਾਂ ਇੰਟਰਵਿਊ ਹੁੰਦੀ ਹੈ। ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਉਹਨਾਂ ਦੀ ਸ਼ਖਸੀਅਤ ਅਤੇ ਮਾਨਸਿਕ ਯੋਗਤਾ ਨੂੰ ਪਰਖਣ ਲਈ ਗ੍ਰਿਲ ਕੀਤਾ ਜਾਂਦਾ ਹੈ। ਫਿਰ ਸਫਲ ਉਮੀਦਵਾਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਜਾਂਦੀ ਹੈ। ਆਡੀਟਰ ਨੌਕਰੀ ਦਾ ਵੇਰਵਾ ਇੱਕ ਆਡੀਟਰ ਨੌਕਰੀ ਪ੍ਰੋਫਾਈਲ ਕੁਝ ਹੱਦ ਤੱਕ ਇੱਕ ਲੇਖਾਕਾਰ ਦੇ ਸਮਾਨ ਹੈ, ਅਸਲ ਵਿੱਚ, ਇਹ ਕੁਝ ਸੰਸਥਾਵਾਂ ਵਿੱਚ ਇੱਕੋ ਪੋਸਟ ਦੇ ਦੋ ਅਹੁਦੇ ਹਨ। ਇੱਕ ਆਡੀਟਰ ਦੇ ਕੰਮ ਦੇ ਵੇਰਵੇ ਵਿੱਚ ਇੱਕ ਕੰਪਨੀ ਦੇ ਵਿੱਤੀ ਰਿਕਾਰਡਾਂ ਦੀ ਪੁਸ਼ਟੀ ਕਰਨਾ, ਕੰਪਨੀ ਦੀ ਬੁੱਕਕੀਪਿੰਗ ਅਤੇ ਲੇਖਾ ਤਰੀਕਿਆਂ ਦੀ ਜਾਂਚ ਕਰਨਾ, ਅਤੇ ਬੈਂਕਾਂ, ਲੈਣਦਾਰਾਂ, ਦਲਾਲਾਂ ਆਦਿ ਵਿੱਚ ਦੱਸੇ ਗਏ ਰਿਕਾਰਡਾਂ ਨਾਲ ਕੰਪਨੀ ਦੀਆਂ ਕਿਤਾਬਾਂ ਦੀ ਤੁਲਨਾ ਕਰਨਾ ਸ਼ਾਮਲ ਹੈ। ਇੱਕ ਆਡੀਟਰ ਦਾ ਮੁੱਖ ਉਦੇਸ਼ ਵਿਸ਼ਲੇਸ਼ਣ ਕਰਨਾ ਹੈ ਅਤੇ ਮੁਨਾਫ਼ੇ, ਆਮਦਨ ਟੈਕਸ ਬਚਾਉਣ ਵਾਲਿਆਂ ਅਤੇ ਪ੍ਰਬੰਧਨ ਵਿੱਚ ਕਟੌਤੀ ਦੀਆਂ ਲਾਗਤਾਂ ਬਾਰੇ ਰਿਪੋਰਟਾਂ ਤਿਆਰ ਕਰੋ। ਆਡੀਟਰਾਂ ਦੇ ਮੁੱਖ ਕੰਮ ਜੋ ਸੁਤੰਤਰ ਤੌਰ 'ਤੇ ਕੰਮ ਕਰ ਰਹੇ ਹਨ: ਕੰਪਨੀ ਦੀ ਵਿਸਤ੍ਰਿਤ ਆਡਿਟ ਰਿਪੋਰਟ ਤਿਆਰ ਕਰਨ ਲਈ ਟੈਕਸਦਾਤਾਵਾਂ ਦੇ ਖਾਤਿਆਂ ਦੀ ਸਮੀਖਿਆ ਕਰਨ ਲਈ ਲੋੜ ਪੈਣ 'ਤੇ ਸਾਈਟ 'ਤੇ ਆਡਿਟ ਕਰਨ ਲਈ ਟੈਕਸ ਦੇਣਦਾਰੀ ਦਾ ਪਤਾ ਲਗਾਉਣ ਲਈ ਇੱਕ ਟੈਕਸਦਾਤਾ ਦੇ ਵਿੱਤ ਦਾ ਮੁਲਾਂਕਣ ਕਰਨਾ ਸਬੰਧਤ ਕੰਪਨੀ/ਸੰਸਥਾ ਦੀ ਕੋਈ ਧੋਖਾਧੜੀ, ਕਾਨੂੰਨਾਂ, ਨਿਯਮਾਂ ਅਤੇ ਪ੍ਰਬੰਧਨ ਨੀਤੀਆਂ ਦੀ ਉਲੰਘਣਾ, ਡੁਪਲੀਕੇਸ਼ਨ ਆਦਿ ਦਾ ਪਤਾ ਲਗਾਉਣ ਲਈ ਡੇਟਾ ਨੂੰ ਇਕੱਠਾ ਕਰਨਾ ਅਤੇ ਵਿਸ਼ਲੇਸ਼ਣ ਕਰਨਾ। ਲੈਣ-ਦੇਣ ਅਤੇ ਲੇਖਾ ਪ੍ਰਕਿਰਿਆ ਦੀ ਕੁਸ਼ਲਤਾ ਦਾ ਵਿਸ਼ਲੇਸ਼ਣ ਕਰਨ ਲਈ ਕਿਸੇ ਕੰਪਨੀ ਦੀਆਂ ਖਾਤਾ ਬੁੱਕਾਂ ਦਾ ਮੁਆਇਨਾ ਕਰਨਾ ਆਡਿਟ ਨਤੀਜਿਆਂ ਬਾਰੇ ਕੰਪਨੀ ਦੇ ਪ੍ਰਬੰਧਨ ਨੂੰ ਰਿਪੋਰਟ ਕਰਨਾ ਅਤੇ ਕੰਪਨੀ ਦੀਆਂ ਵਿੱਤੀ ਗਤੀਵਿਧੀਆਂ ਅਤੇ ਕਾਰਜਾਂ ਵਿੱਚ ਤਬਦੀਲੀਆਂ ਦਾ ਸੁਝਾਅ ਦੇਣਾ ਆਡੀਟਰ ਕਰੀਅਰ ਸੰਭਾਵਨਾਵਾਂ ਆਡੀਟਰਾਂ ਨੂੰ ਮੂਲ ਰੂਪ ਵਿੱਚ ਬਾਹਰੀ ਆਡੀਟਰ ਅਤੇ ਅੰਦਰੂਨੀ ਆਡੀਟਰਾਂ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਇੱਕ ਅੰਦਰੂਨੀ ਆਡੀਟਰ ਕਿਸੇ ਖਾਸ ਕੰਪਨੀ ਦੇ ਕਿਸੇ ਹੋਰ ਕਰਮਚਾਰੀ ਵਾਂਗ ਕੰਮ ਕਰਦਾ ਹੈ ਅਤੇ ਸਾਰੇ ਆਡਿਟ-ਸਬੰਧਤ ਕੰਮ ਲਈ ਤਨਖਾਹ ਅਤੇ ਹੋਰ ਲਾਭ ਪ੍ਰਾਪਤ ਕਰਦਾ ਹੈ। ਜਦੋਂ ਕਿ ਇੱਕ ਬਾਹਰੀ ਆਡੀਟਰ ਇੱਕ ਸੁਤੰਤਰ ਆਡੀਟਰ ਹੁੰਦਾ ਹੈ ਜੋ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਅਤੇ ਜਨਤਕ ਲੇਖਾਕਾਰੀ ਫਰਮਾਂ ਦਾ ਆਡਿਟ ਕਰਦਾ ਹੈ। ਬਾਹਰੀ ਆਡੀਟਰ ਆਮ ਤੌਰ 'ਤੇ ਸਾਲ ਵਿੱਚ ਇੱਕ ਵਾਰ ਕਿਸੇ ਕੰਪਨੀ ਦਾ ਆਡਿਟ ਕਰਦੇ ਹਨ। ਆਡੀਟਰ ਤਨਖਾਹ ਇੱਕ ਆਡੀਟਰ/ਜੂਨੀਅਰ ਲੇਖਾਕਾਰ ਨੂੰ 25,000 ਰੁਪਏ ਤੋਂ 30,000 ਰੁਪਏ ਤੱਕ ਦਾ ਤਨਖਾਹ ਸਕੇਲ ਮਿਲਦਾ ਹੈ। ਭਾਰਤ ਸਰਕਾਰ ਨੇ ਵੱਖ-ਵੱਖ ਅਸਾਮੀਆਂ 'ਤੇ ਆਪਣੇ ਕਰਮਚਾਰੀਆਂ ਲਈ ਤਨਖਾਹ ਦੇ ਗ੍ਰੇਡ ਨਿਰਧਾਰਤ ਕੀਤੇ ਹਨ। ਉਨ੍ਹਾਂ ਦੀ ਤਨਖਾਹ ਨਵੇਂ ਤਨਖਾਹ ਕਮਿਸ਼ਨ ਨਾਲ ਬਦਲਦੀ ਰਹਿੰਦੀ ਹੈ।

**ਨੋਟ:** ਉਪਰੋਕਤ ਸਕੇਲ ਸਿਰਫ ਤਨਖਾਹ ਸਕੇਲਾਂ ਦਾ ਇੱਕ ਵਿਚਾਰ ਪ੍ਰਦਾਨ ਕਰਦੇ ਹਨ। ਸੇਵਾ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਤਨਖਾਹ ਦੇ ਵੱਖ-ਵੱਖ ਸਕੇਲ ਹੁੰਦੇ ਹਨ। ਇੱਥੋਂ ਤੱਕ ਕਿ ਇੱਕੋ ਬ੍ਰਾਂਚਾਂ ਦੇ ਕਰਮਚਾਰੀਆਂ ਕੋਲ ਉਹਨਾਂ ਦੇ ਤਾਇਨਾਤੀ ਦੇ ਖੇਤਰ ਅਤੇ ਕਿਸੇ ਖਾਸ ਸਮੇਂ 'ਤੇ ਉਹ ਜ਼ਿੰਮੇਵਾਰੀ ਸੰਭਾਲਣ ਦੇ ਅਨੁਸਾਰ ਵੱਖ-ਵੱਖ ਤਨਖਾਹਾਂ ਹੋ ਸਕਦੀਆਂ ਹਨ। ਤਨਖਾਹ ਤੋਂ ਇਲਾਵਾ ਆਡੀਟਰ/ਜੂਨੀਅਰ ਅਕਾਊਂਟੈਂਟ ਵੱਖ-ਵੱਖ ਕਿਸਮਾਂ ਦੇ ਭੱਤੇ ਪ੍ਰਾਪਤ ਕਰਦੇ ਹਨ ਜਿਵੇਂ ਕਿ ਡੀਅਰਨਜ਼ਸ ਭੱਤਾ, ਸਿਟੀ ਮੁਆਵਜ਼ਾ ਭੱਤਾ, ਛੁੱਟੀ ਯਾਤਰਾ ਭੱਤਾ, ਮੈਡੀਕਲ, ਅਤੇ ਸਬਸਿਡੀ ਵਾਲੀ ਰਿਹਾਇਸ਼।

## ਪੁਸਤਕ ਸਮੀਖਿਆ

**ਪੁਸਤਕ ਦਾ ਨਾਂ: "ਨੀਨਾ ਜਿਉਂਦੀ ਹੈ"**
**(ਜੀਵਨੀ ਮੂਲਕ ਨਾਵਲ)**
**ਲੇਖਕ: ਓਮ ਪ੍ਰਕਾਸ਼ ਸਰੋਏ**
**ਮੁੱਲ : 200/- ਰੁਪਏ, ਪੰਨੇ : 171**
**ਪ੍ਰਕਾਸ਼ਕ: ਸਾਹਿਬ ਦੀਪ ਪ੍ਰਕਾਸ਼ਨ ਭੀਖੀ (ਮਾਨਸਾ)**

ਲੇਖਕ ਓਮ ਪ੍ਰਕਾਸ਼ ਸਰੋਏ 'ਓਪਰੀ ਸ਼ੈਅ' ਕਹਾਣੀ ਸੰਗ੍ਰਹਿ, 'ਯੁੱਗ ਪੁਰਸ਼, ਡਾਕਟਰ ਅੰਬੇਡਕਰ', 'ਅੰਬੇਡਕਰ ਜੀ ਦਾ ਦਾਰਸ਼ਨਿਕ ਸਵਰੂਪ', 'ਸੰਘਰਸ਼ ਜਾਰੀ ਹੈ' ਵਰਗੀਆਂ ਉੱਤਮ ਤੇ ਖ਼ੂਬਸੂਰਤ ਰਚਨਾਵਾਂ ਨਾਲ ਪਾਠਕਾਂ ਦੇ ਰੂ- ਬ -ਰੂ ਹੋ ਚੁੱਕਿਆ ਹੈ। ਉਸਦੀ ਨਵੀਂ ਪੁਸਤਕ "ਨੀਨਾ ਜਿਉਂਦੀ ਹੈ" ਉਸਦੀ ਜੀਵਨੀ ਮੂਲਕ ਨਾਵਲੀ ਵਿਧਾ ਰਾਹੀਂ ਲਿਖੀ ਗਈ ਰੌਚਕ ਪ੍ਰੀਤ ਗਾਥਾ ਹੈ। ਆਪਣੀ ਮਹਿਬੂਬਾ ਤੋਂ ਪਤਨੀ ਬਣੀ ਨੀਨਾ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਹ ਮਾਨਸਿਕ ਤੌਰ ਤੇ ਟੁੱਟ ਚੁੱਕਿਆ ਸੀ। ਉਹ ਨੀਨਾ ਨਾਲ ਬਿਤਾਏ ਪਲਾਂ ਨੂੰ ਆਪਣੀਆਂ ਯਾਦਾਂ ਦੇ ਝਰੋਖੇ ਵਿਚੋਂ ਸ਼ਬਦਾਂ ਦੀਆਂ ਤੰਦਾਂ ਵਿਚ ਪਰੋਂਦਾ ਹੈ। ਇਸ ਰਚਨਾ ਦੇ ਰੂਪ ਵਿੱਚ ਉਹ ਆਪਣੇ ਵਿਛੜ ਚੁੱਕੇ ਪਿਆਰੇ ਮਹਿਬੂਬ ਨੂੰ ਖ਼ੂਬਸੂਰਤ ਤੇ ਭਾਵਪੂਰਤ ਸ਼ਬਦਾਂ ਵਿਚ ਉਹ ਅਕੀਦਤ ਪੇਸ਼ ਕਰਦਾ ਹੈ। ਇਸ ਰਚਨਾ ਨੂੰ ਪੜ੍ਹਦਿਆਂ ਇਸ ਵਿਚੋਂ ਚੰਗੀ ਗਲਪ ਰਚਨਾ ਵਰਗਾ ਰਸ ਮਿਲਦਾ ਹੈ। ਰੋਮਾਂਟਿਕ ਰੰਗ ਵਿਚ ਰੰਗੀ ਇਹ ਪੁਸਤਕ ਅੱਧ ਤੱਕ ਪਾਠਕ ਨੂੰ ਰੋਮਾਂਸ ਨਾਲ ਭਰੀ ਰੱਖਦੀ ਹੈ। ਇਸ ਪ੍ਰੇਮ ਕਹਾਣੀ ਵਿਚ ਪੇਂਡੂ ਤੋਂ ਸ਼ਹਿਰੀ ਬਣੇ, ਸ਼ਹਿਰੀ ਤੋਂ ਮਾਸਟਰ ਤੇ ਮਾਸਟਰ ਦੇ ਨਾਲ ਨਾਲ ਬਿਜਲੀ ਮਕੈਨਿਕ ਬਣੇ ਲੇਖਕ ਦੇ ਦਿਲ ਦੀਆਂ ਤਾਰਾਂ ਆਪਣੇ ਸਹਿਕਰਮੀ ਦੀ ਖ਼ੂਬਸੂਰਤ ਮੁਟਿਆਰ ਧੀ ਨੀਨਾ ਨਾਲ ਜੁੜ ਜਾਂਦੀਆਂ ਹਨ। ਜੋ ਅਖੌਤੀ ਉਚ ਜਾਤੀ ਨਾਲ ਸਬੰਧਤ ਹੈ। ਅਤੇ ਲੇਖਕ ਅਖੌਤੀ ਅਛੂਤ ਵਰਗ ਨਾਲ ਸਬੰਧਤ ਹੈ। ਸਮਾਜ ਵਿੱਚ ਪਸਰੀ ਜਾਤੀਵਾਦੀ ਮਾਨਸਿਕਤਾ ਤੇ ਲੇਖਕ ਦੀ ਭਰਜਾਈ ਦੇ ਅੱਖੜ ਸੁਭਾਅ ਸਦਕਾ ਇਸ ਪ੍ਰੇਮ ਕਹਾਣੀ ਦੇ ਸਪਾਰਕ ਹੋਣ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ। ਅਨੇਕਾਂ ਔਕੜਾਂ ਦੇ ਬਾਵਜੂਦ ਗੈਰ ਬਰਾਬਰੀ ਤੇ ਆਧਾਰਿਤ ਅਖੌਤੀ ਉਚ ਜਾਤੀ ਤੇ ਅਛੂਤ ਪਰਿਵਾਰ ਦਾ ਸੁਮੇਲ ਬਣੀ ਇਹ ਪ੍ਰੇਮ ਕਹਾਣੀ ਸਮਾਜਿਕ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਸੁਲਝਾਉਣ ਦਾ ਸਬੱਬ ਬਣਦੀ ਹੈ। ਸਨਾਤਨੀ ਪਰਿਵਾਰ ਵਿਚ ਜੰਮੀ ਨੀਨਾ ਦੀ ਮਾਂ ਆਪਣੀ ਧੀ ਦੀਆਂ ਖੁਸ਼ੀਆਂ ਲਈ ਆਪਣੇ ਪੇਕੇ ਪਰਿਵਾਰ ਤੇ ਸਮਾਜ ਨਾਲ ਟਕਰਾਉਣ ਤੋਂ ਗੁਰੇਜ਼ ਨਹੀਂ ਕਰਦੀ। ਸਗੋਂ ਉਹ ਕੰਧ ਬਣਕੇ ਧੀ ਨਾਲ ਆ ਖੜ੍ਹਦੀ ਹੈ। ਕਹਾਣੀ ਵਿਚਲੀ ਰੌਚਕਤਾ, ਰਸ ਭਰਪੂਰ ਸ਼ਬਦਾਵਲੀ, ਰੋਮਾਂਟਿਕ ਸ਼ੈਲੀ ਤੇ ਨਾਟਕੀਅਤਾ ਪਾਠਕ ਨੂੰ ਇਕੋ ਬੈਠਕ ਵਿਚ ਪੜ੍ਹਨ ਲਈ ਕੀਲ ਕੇ ਬਿਠਾਉਣ ਦੇ ਸਮਰਥ ਹੈ। ਲੇਖਕ ਕਾਵਿਕ ਭਾਸ਼ਾ 'ਚ ਖ਼ੂਬਸੂਰਤ ਗੱਲ ਕਹਿਣ ਦੀ ਮੁਹਾਰਤ ਰੱਖਦਾ ਹੈ। ਉਸਦੇ ਕੁਝ ਫਿਕਰੇ ਪੜ੍ਹਦਿਆਂ ਤਾਂ ਪਾਠਕ ਦੇ ਮੂੰਹ ਵਿਚ ਖੰਡ ਮਿਸ਼ਰੀ ਘੁਲ ਜਾਂਦੀ ਹੈ। ਜੋਂ ਉਹਦੇ ਅੰਦਰ ਮਿਠੀ ਮਿਠੀ ਜਲੂਣ ਜਿਹੀ ਛੇੜ ਦਿੰਦੀ ਹੈ। ਖਾਮੋਸ਼ ਪ੍ਰੀਤ ਦੇ ਦੌਰ ਨੂੰ ਚਿਤਰਦਿਆਂ ਉਹ ਲਿਖਦਾ ਹੈ। "ਖੇਡਣ ਨੂੰ ਤਾਂ ਮੈਂ ਤਾਸ਼ ਖੇਡ ਰਿਹਾ ਸੀ ਪਰ ਮੇਰੇ ਅੰਦਰਲਾ ਚੋਰ ਕੋਈ ਹੋਰ ਖੇਡ ਖੇਡਣ ਵਿੱਚ ਮਸਤ ਸੀ।" "ਮੈਨੂੰ ਮਹਿਸੂਸ ਹੋਇਆ ਕਿ ਮੈਂ ਇਕੱਲਾ ਨਾ ਹੋ ਕੇ ਕੋਈ ਮੇਰੇ ਨਾਲ ਨਾਲ ਚੱਲ ਰਿਹਾ ਹੈ। ਇਹ ਬਾਹਰ ਨਹੀਂ ਮੇਰੇ ਅੰਦਰ ਵਸਿਆ ਹੋਇਆ ਸੀ ਉਹਦਾ ਵਜੂਦ ਅੱਖਾਂ ਨੂੰ ਭਾਉਂਦਾ ਭਾਉਂਦਾ ਦਿਲ ਵਿਚ ਵਸ ਗਿਆ।" "ਉਸਦਾ ਚਿਹਰਾ ਗੁੱਸੇ ਨਾਲ ਸੰਧੂਰੀ ਭਾਅ ਮਾਰ ਰਿਹਾ ਸੀ ਮੈਨੂੰ ਅੱਜ ਪਤਾ ਲੱਗਾ ਕਿ ਮੁਟਿਆਰਾਂ ਗੁੱਸੇ ਵਿੱਚ ਹੋਰ ਵੀ ਸੋਹਣੀਆਂ ਕਿਉਂ ਲੱਗਦੀਆਂ ਹਨ।" "ਮੈਂ ਸੋਚਦਾ ਛੱਲਾ ਹੁਣ ਸਿਰਫ ਛੱਲਾ ਹੀ ਨਹੀਂ ਰਿਹਾ ਹੁਣ ਤਾਂ ਇਹ ਕਈ ਸਧਰਾਂ ਦਾ ਪ੍ਰਤੀਕ ਬਣ ਕੇ ਪ੍ਰੀਤ ਨਿਸ਼ਾਨੀ ਦਾ ਰੂਪ ਧਾਰ ਗਿਆ ਹੈ।" ਇਸ ਪ੍ਰੇਮ ਕਹਾਣੀ ਨੂੰ ਨੇਪਰੇ ਚੜ੍ਹਾਉਣ ਵਿਚ ਆਉਣ ਵਾਲੀਆਂ ਪਰਿਵਾਰਕ ਤੇ ਸਮਾਜਕ ਔਕੜਾਂ, ਸਹਿਜ ਸੁਭਾਅ ਵਾਪਰਦੀਆਂ ਰੌਚਕ ਘਟਨਾਵਾਂ ਪਾਠਕ ਨੂੰ ਉਂਗਲੀ ਫੜਕੇ ਨਾਲ ਨਾਲ ਤੋਰੀ ਰੱਖਦੀਆਂ ਹਨ। ਸੁਚੱਜੀ ਸ਼ਬਦ ਜੜਤ, ਖ਼ੂਬਸੂਰਤ ਵਾਕ ਬਣਤਰ, ਮੁਹਾਵਰੇ ਦਾਰ ਤੇ ਠੇਠ ਬੋਲੀ ਅਤੇ ਉੱਤਮ ਸ਼ੈਲੀ ਵਿਚ ਲਿਖੀ ਵਾਰਤਕ ਵਿਚ ਲੋਹੜੇ ਦੀ ਰਵਾਨਗੀ ਹੈ। ਵਾਪਰਦੀਆਂ ਘਟਨਾਵਾਂ ਕਾਲਪਨਿਕ ਨਹੀਂ ਸਗੋ ਯਥਾਰਥ 'ਤੇ ਆਧਾਰਿਤ ਹਨ। ਰਚਨਾ ਵਿਚਲੇ ਪਾਤਰ ਆਲੇ ਦੁਆਲੇ ਵਿਚਰਦੇ ਹੱਡ ਮਾਸ ਦੇ ਸਜੀਵ ਮਨੁੱਖ ਹਨ। ਜਿਹਨਾਂ ਦਾ ਸੁਭਾਵਿਕ ਰੂਪ ਵਿਚ ਹੂ ਬ ਹੂ ਚਿਤਰਨ ਕੀਤਾ ਗਿਆ ਹੈ। ਬੇਸ਼ਕ ਇਹ ਰਚਨਾ ਲੇਖਕ ਦੇ ਨਿੱਜੀ ਅਨੁਭਵਾਂ, ਜਜ਼ਬਾਤਾਂ ਤੇ ਮਨੋਭਾਵਾਂ ਦਾ ਪ੍ਰਗਟਾਵਾ ਹੈ ਪਰ ਨਾਲ ਸਮਾਜ ਦਾ ਕਰੂਰ ਸੱਚ ਤੇ ਕਾਲਾ ਅਕਸ ਵੀ ਪੇਸ਼ ਕਰਦੀ ਹੈ।




ਇਹ ਸਮਾਜ ਨੂੰ ਦਰਪੇਸ਼ ਅਮਾਨਵੀ ਚੁਣੌਤੀਆਂ ਵਿਰੁੱਧ ਕ੍ਰਾਂਤੀਕਾਰੀ ਤੇ ਪ੍ਰੇਰਨਾ ਦਾਇਕ ਰਚਨਾ ਹੈ। "ਨੀਨਾ ਜਿਉਂਦੀ ਹੈ" ਵਰਗੀ ਸੁੰਦਰ ਰਚਨਾ ਲੇਖਕ ਨੂੰ ਪ੍ਰੌੜ੍ਹ ਲੇਖਕਾਂ ਦੀ ਕਤਾਰ ਵਿਚ ਖੜ੍ਹਾ ਕਰਨ ਦੇ ਸਮਰੱਥ ਹੈ। ਸੱਚ ਦੇ ਨੇੜੇ ਨੇੜੇ ਰਹਿੰਦਿਆਂ ਆਪਣੇ ਬਾਰੇ ਲਿਖਣਾ ਆਪਣੇ ਢਿੱਡ ਤੋਂ ਝੱਗਾ ਚੁੱਕਣ ਤੁੱਲ ਬਿਖਮ ਕਾਰਜ ਹੈ। ਲੇਖਕ ਇਹ ਬਿਖਮ ਕਾਰਜ ਬਾਖ਼ੂਬੀ ਨਿਭਾਉਣ ਵਿਚ ਕਾਮਯਾਬ ਰਿਹਾ ਹੈ। ਉਸਦੀ ਇਸ ਉੱਤਮ ਕਲਾ ਕ੍ਰਿਤੀ ਨੂੰ ਜੀਓ ਆਇਆਂ ਆਖਦਿਆਂ ਉਸ ਦੀ ਕਲਮ ਤੋਂ ਕੁਝ ਹੋਰ ਨਵਾਂ ਤੇ ਨਿੱਗਰ ਸਿਰਜਣ ਦੀ ਉਮੀਦ ਤੇ ਕਾਮਨਾ ਕਰਦੇ ਹਾਂ।

**ਲਾਲ ਸਿੰਘ ਸੁਲਹਾਣੀ**
**ਪ੍ਰਧਾਨ ਲੋਕ ਚੇਤਨਾ ਵਿਕਾਸ ਮੰਚ (ਰਜਿ)**
**9872155120**

# ਗੌਰਮਿੰਟ ਟੀਚਰ ਯੂਨੀਅਨ ਗੜ੍ਹਸ਼ੰਕਰ-1 ਅਤੇ ਗੜ੍ਹਸ਼ੰਕਰ-2 ਦੀਆ ਨਵੀਆਂ ਕਮੇਟੀਆਂ ਦੀ ਚੋਣ ਕੀਤੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** – ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਵਿਖੇ ਅਧਿਆਪਕਾ ਦੀ ਭਰਵੀਂ ਮੀਟਿੰਗ ਹੋਈ। ਇਸ ਦੌਰਾਨ ਗੌਰਮਿੰਟ ਟੀਚਰ ਯੂਨੀਅਨ ਗੜ੍ਹਸ਼ੰਕਰ ਬਲਾਕ-1 ਅਤੇ ਗੜ੍ਹਸ਼ੰਕਰ-2 ਦੀਆਂ ਬਲਾਕ ਕਮੇਟੀਆਂ ਦੀ ਚੋਣ ਕੀਤੀ। ਜਿਸ ਵਿੱਚ ਸਰਵਸੰਮਤੀ ਨਾਲ ਬਲਾਕ ਗੜ੍ਹਸ਼ੰਕਰ-1 ਦੇ ਪ੍ਰਧਾਨ ਪਵਨ ਕੁਮਾਰ ਗੋਇਲ ਲੈਕਚਰਾਰ, ਸੀਨੀਅਰ ਮੀਤ ਪ੍ਰਧਾਨ ਬਲਵੀਰ ਕੌਰ ਸੀ ਐਚ ਟੀ, ਮੀਤ ਪ੍ਰਧਾਨ ਨਰਿੰਦਰ ਕੌਰ ਹਿੰਦੀ ਅਧਿਆਪਕਾ ਤੇ ਲਖਵਿੰਦਰ ਸਿੰਘ ਢਿੱਲੋਂ ਹੈਡ ਟੀਚਰ, ਜਨਰਲ ਸਕੱਤਰ ਰਾਜ ਕੁਮਾਰ ਪੰਜਾਬੀ ਅਧਿਆਪਕ, ਜਨਰਲ ਸਕੱਤਰ ਦਿਲਾਵਰ ਸਿੰਘ ਤੇ ਮਨੋਜ ਬੰਗਾ ਲੈਕਚਰਾਰ, ਵਿੱਤ ਸਕੱਤਰ ਪਰਜਿੰਦਰ ਸਿੰਘ ਅੰਗਰੇਜੀ ਅਧਿਆਪਕ, ਪ੍ਰੈਸ ਸਕੱਤਰ ਹਰਦੀਪ ਕੁਮਾਰ ਹਿੰਦੀ ਅਧਿਆਪਕ ਤੇ ਦਵਿੰਦਰ ਕੁਮਾਰ ਅੰਗਰੇਜੀ ਅਧਿਆਪਕ, ਕਮੇਟੀ ਮੈਂਬਰ ਹਰਜੀਤ ਕੌਰ ਐਸ ਐਸ ਮਿਸਟ੍ਰੈਸ, ਰਣਜੀਤ ਸਿੰਘ ਗਣਿਤ ਅਧਿਆਪਕ, ਪ੍ਰਵੀਨ ਕੁਮਾਰ ਗਣਿਤ ਅਧਿਆਪਕ, ਸੁਖਵਿੰਦਰ ਸਿੰਘ ਅੰਗਰੇਜੀ ਅਧਿਆਪਕ, ਗੁਰਮਿੰਦਰ ਸਿੰਘ ਕੰਪਿਊਟਰ ਅਧਿਆਪਕ, ਅਮਰੀਕ ਸਿੰਘ ਕੰਪਿਊਟਰ ਅਧਿਆਪਕ, ਕੁਲਦੀਪ ਸਿੰਘ ਈ ਟੀ ਟੀ, ਹਰਬੰਸ ਸਿੰਘ ਈ ਟੀ ਟੀ, ਪਰਮਿੰਦਰ ਸਿੰਘ ਈ ਟੀ ਟੀ, ਕ੍ਰਿਸ਼ਨਾ ਕੁਮਾਰੀ ਐਸ ਐਸ ਅਧਿਆਪਕ ਆਦਿ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਗੜ੍ਹਸ਼ੰਕਰ ਬਲਾਕ-2 ਦੀ ਕਮੇਟੀ ਵਿੱਚ ਪ੍ਰਧਾਨ ਮਾਸਟਰ ਅਸ਼ਵਨੀ ਰਾਣਾ, ਸੀਨੀਅਰ ਮੀਤ ਪ੍ਰਧਾਨ ਲੈਕਚਰਾਰ ਰਾਜੇਸ਼ ਹੰਸ ਅਤੇ ਹੈਡ ਮਾਸਟਰ ਬਲਜੀਤ ਸਿੰਘ, ਮੀਤ ਪ੍ਰਧਾਨ ਮਾਸਟਰ ਅਜੈ ਰਾਣਾ ਤੇ ਹੈਡ ਟੀਚਰ ਸੁਖਪ੍ਰੀਤ ਕੌਰ, ਜਨਰਲ ਸਕੱਤਰ ਮਾਸਟਰ ਪਰਮਿੰਦਰ ਪੱਖੋਵਾਲ, ਸਕੱਤਰ ਮੈਡਮ ਕਿਰਨ ਕੰਵਰ ਤੇ ਮਾਸਟਰ ਬਲਜੀਤ ਸਿੰਘ ਬੌੜਾ, ਵਿੱਤ ਸਕੱਤਰ ਮਾਸਟਰ ਮਨੋਜ ਕੁਮਾਰ ਤੇ ਮਾਸਟਰ ਅਮਰਜੀਤ ਥਾਂਦੀ, ਪ੍ਰੈਸ ਸਕੱਤਰ ਮਾਸਟਰ ਨਿਤਿਨ ਸੁਮਨ ਤੇ ਮਾਸਟਰ ਹਰਜਿੰਦਰ ਸਾਧੋਂਵਾਲ, ਜਥੇਬੰਦਕ ਸਕੱਤਰ ਸੈਂਟਰ ਪ੍ਰਧਾਨ ਜਸਵੀਰ ਸਿੰਘ ਤੇ ਡੀ ਪੀ ਸੁਰਿੰਦਰ ਕੁਮਾਰ, ਮੁੱਖ ਸਲਾਹਕਾਰ ਲੈਕਚਰਾਰ ਸ਼ਸ਼ੀਕਾਂਤ ਸ਼ਰਮਾ, ਸੈਂਟਰ ਪ੍ਰਧਾਨ ਨਰੇਸ਼ ਕੁਮਾਰ, ਕੰਪਿਊਟਰ ਮਾਸਟਰ ਕਮਲਜੀਤ ਸਿੰਘ, ਮਾਸਟਰ ਅਰਸ਼ਵੀਰ ਤੇ ਹੈਡ ਟੀਚਰ ਤ੍ਰਿਪਤੀ, ਕਮੇਟੀ ਮੈਂਬਰ ਮਾਸਟਰ ਗੁਰਪ੍ਰੀਤ ਲਾਡੀ, ਮਾਸਟਰ ਹੁਸ਼ਿਆਰ ਸਿੰਘ, ਮਾਸਟਰ ਦੀਪਕ ਕੁਮਾਰ, ਮੈਡਮ ਜੋਤੀ ਕੌਸ਼ਲ ਤੇ ਮੈਡਮ ਪਰਮਜੀਤ ਕੌਰ ਆਦਿ ਦੀ ਚੋਣ ਕੀਤੀ ਗਈ। ਇਹਨਾਂ ਤੋਂ ਇਲਾਵਾ ਸਾਬਕਾ ਬਲਾਕ ਪ੍ਰਧਾਨ ਸ਼ਾਮ ਸੁੰਦਰ ਕਪੂਰ ਤੇ ਕੇਸ਼ਵ ਦਾਸ ਨੂੰ ਮਾਰਗ ਦਰਸ਼ਕ ਚੁਣਿਆ ਗਿਆ। ਅੱਜ ਦੀ ਚੋਣ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਤੋਂ ਜਿਲ੍ਹਾ ਪ੍ਰਧਾਨ ਸਾਥੀ ਮੱਖਣ ਸਿੰਘ ਵਾਹਿਦਪੁਰੀ, ਜੀਤ ਰਾਮ, ਸੁਰਜੀਤ ਸਿੰਘ, ਸ਼ਿੰਗਾਰਾ ਸਿੰਘ ਭੱਜਲ, ਮਾਸਟਰ ਬਲਵੰਤ ਰਾਮ, ਮਾਸਟਰ ਕੇਸ਼ਵ ਦਾਸ, ਮਾਸਟਰ ਨਰੇਸ਼ ਭੰਮੀਆ, ਮੁੱਖ ਅਧਿਆਪਕ ਸੰਦੀਪ ਕੁਮਾਰ, ਪੁਰਾਣੀ ਪੈਨਸ਼ਨ ਬਹਾਲੀ ਤੋਂ ਸੱਤਪਾਲ, ਰਮਨਦੀਪ ਲੈਕਚਰਾਰ, ਅਨੁਰਾਧਾ ਮੈਡਮ, ਸ਼ਸ਼ੀਕਾਂਤ ਅਤੇ ਹੋਰ ਅਧਿਆਪਕ ਵੀ ਮੌਜੂਦ ਸਨ। ਸਟੇਜ ਸਕੱਤਰ ਦੀ ਭੂਮਿਕਾ ਸੀਨੀਅਰ ਸਾਥੀ ਸ਼ਾਮ ਸੁੰਦਰ ਕਪੂਰ ਲੈਕਚਰਾਰ ਦੁਆਰਾ ਬਾਖ਼ੂਬੀ ਨਿਭਾਈ ਗਈ।



# ਪ੍ਰਵਾਸੀ ਸਿੱਖ ਦਾ ਪ੍ਰਵਾਸੀ ਸਿੱਖਾਂ ਪ੍ਰਤੀ ਸ਼ਿਕਵਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਗੈਰਾਂ ਨਾ.ਲ ਨਹੀਂ ਸਗੋਂ ਗਿਲੇ ਸ਼ਿਕਵੇ ਹਮੇਸ਼ਾਂ ਆਪਣਿਆਂ ਨਾ.ਲ ਹੀ ਹੁੰਦੇ ਨੇ ਜੀ।ਗੱਲ ਕਰਨ ਜਾ ਰਿਹਾ ਹਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਦੇਸ਼ੀ ਦੌਰਿਆਂ ਬਾਰੇ। ਜਦੋਂ ਤੋਂ ਪੰਥਕ ਕੇਂਦਰ(ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਉੱਤੇ ਬਾਦਲ ਪ੍ਰਵਾਰ (ਪਹਿਲਾਂ ਮਰਹੂਮ ਵੱਡੇ ਬਾਦਲ ਤੇ ਹੁਣ ਸੁਖਬੀਰ ਬਾਦਲ) ਦਾ ਕਬਜਾ ਹੋਇਆ ਹੋਇਆ ਹੈ, ਉਦੋਂ ਦਾ ਹੀ ਸਾਰਾ ਸਿੱਖ ਜਗਤ ਇਸ ਕਬਜੇ ਦੇ ਵਿਰੋਧ ਵਿੱਚ ਤੜਪਦਾ ਤੇ ਕ.ਲਪਦਾ ਆ ਰਿਹਾ ਹੈ। ਉਸੇ ਟੱਬਰ ਵਲੋਂ ਹੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਜਾਂ ਲੋੜਾਂ ਕਹਿ ਲਉ,ਨੂੰ ਮੁੱਖ ਰੱਖ ਕੇ ਕਈ ਦਹਾਕਿਆਂ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੀ ਅਦਲਾ-ਬਦਲੀ ਕੀਤੀ ਜਾ ਰਹੀ ਹੈ। ਜਿਸ ਨੂੰ ਪੰਥ ਬੇਬਸੀ ਨਾ.ਲ ਦੇਖਦਾ ਆ ਰਿਹਾ ਹੈ।

ਸੰਨ 1999 ਵਿਚ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਬਰੀ ਬਰਖਾਸਤ ਕਰਨ ਤੋਂ ਲੈ ਕੇ ਮੌਜੂਦਾ ਜਥੇਦਾਰ ਭਾਈ ਰਘਬੀਰ ਸਿੰਘ ਤੋਂ ਪਹਿਲੇ ਗਿਆਨੀ ਹਰਪ੍ਰੀਤ ਸਿੰਘ ਤੱਕ ਹਰੇਕ ਜਥੇਦਾਰ ਦੀ ਚੁੱਪ ਚੁਪੀਤੇ ਬਰਖਾਸਤਗੀ ਕਰਨ ਵੇਲੇ ਕਦੇ ਸਿੱਖ ਪੰਥ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਜਥੇਦਾਰ ਨੂੰ ਕਿਹੜੇ ਕਾਰਨਾਂ ਕਰਕੇ ਅਹੁਦਾ-ਮੁਕਤ ਕੀਤਾ ਗਿਆ



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿੱਚ ਕੀਤੀ ਸ਼ਮੂਲੀਅਤ

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਕਾਬਲ ਦੀਆਂ ਸਿੱਖ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿਖੇ ਸ਼ਿਰਕਤ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ। ਅਫਗਾਨ ਦੀਆਂ ਸਿੱਖ ਸੰਗਤਾਂ ਵੱਲੋਂ ਕਰਵਾਏ ਗਏ ਉਕਤ ਸਮਾਗਮ ਵਿੱਚ ਗੁਰਬਾਣੀ ਵਿਚਾਰਾਂ ਸਾਂਝੀਆਂ ਕੀਤੀਆਂ। ਅਫਗਾਨਿਸਤਾਨ ਤੋਂ ਆਏ ਅਤੇ ਯੂ ਕੇ ਰਹਿੰਦੇ ਸਿੱਖਾਂ ਦੇ ਇੱਕ ਵਫ਼ਦ ਨਾਲ ਵੀ ਜਥੇਦਾਰ ਗਜਿੰਦਰ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਪੰਥਕ ਵਿਚਾਰਾਂ ਸਾਂਝੀਆਂ

ਹੈ। ਇਸੇ ਤਰਾਂ ਨਵਾਂ ਜਥੇਦਾਰ ਥਾਪਣ ਵੇਲੇ ਕੁੱਝ ਨਹੀਂ ਦੱਸਿਆ ਜਾਂਦਾ ਕਿ ਉਸਨੂੰ ਕਿਹੜੀ ਕਿਹੜੀ ਸਿੱਖ ਜਥੇਬੰਦੀ ਨੇ ਨਿਯੁਕਤ ਕਰਨ ਲਈ ਸਹਿਮਤੀ ਦਿੱਤੀ ਹੈ! ਜਾਂ ਉਸਦੀ ਕਿਸ ਪ੍ਰਕਿਰਿਆ ਰਾਹੀਂ ਚੋਣ ਕੀਤੀ ਗਈ ਹੈ? ਜਾਣੀ ਕਿ ਕੁੱਲ ਮਿ.ਲਾ ਕੇ ਖਾਲਸਾ ਪੰਥ ਦੀ ਇਸ ਸਰਬੋਤਮ ਪਦਵੀ ਲਈ ਇੱਕੋ ਟੱਬਰ ਹੀ 'ਬੁੱਕ.ਲ ਵਿਚ ਗੁੜ ਭੋਰਦਾ' ਆ ਰਿਹਾ ਹੈ!

ਇੱਥੇ ਇਹ ਵੀ ਜੱਗ ਜਾਹਰ ਸੱਚ ਹੈ ਕਿ ਅਜਿਹੀ ਅਦਲਾ-ਬਦਲੀ ਵੇਲੇ ਦੇਸ ਵਿਦੇਸ਼ ਦੇ ਸਿੱਖਾਂ ਵਲੋਂ ਇਸ ਗੁਪਤੋ-ਗੁਪਤੀ ਦੀ ਕਾਰਵਾਈ ਵਿਰੁੱਧ ਤਕੜਾ ਵਿਰੋਧ ਪ੍ਰਗਟਾਇਆ ਜਾਂਦਾ ਹੈ। ਖਾਸ ਕਰਕੇ ਵਿਦੇਸ਼ਾਂ ਦੀਆਂ ਅਜ਼ਾਦ ਫਿਜ਼ਾਵਾਂ ਵਿਚ ਵਸਦੇ ਜਾਗਰੂਕ ਪ੍ਰਵਾਸੀ ਸਿੱਖਾਂ ਵਲੋਂ ਪੰਥਕ ਕੇਂਦਰ ਦੀ ਗੁਲਾਮੀ ਵਿਰੁੱਧ ਡਟ ਕੇ ਅਵਾਜ਼ ਬੁਲੰਦ ਕੀਤੀ ਜਾਂਦੀ ਹੈ! ਪਰ ਉਦੋਂ ਬਹੁਤ ਹੈਰਾਨੀ ਹੁੰਦੀ ਹੈ ਜਦ ਏਹੀ ਪ੍ਰਵਾਸੀ ਸਿੱਖ ਭਰਾ ਬਾਦਲੀ-ਗੁਲਾਮੀ ਵਾ.ਲੀ ਪ੍ਰਕਿਰਿਆ 'ਚੋਂ ਨਿਕ.ਲੇ ਹੋਏ 'ਜਥੇਦਾਰਾਂ' ਨੂੰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਆਦਿ ਬਾਹਰਲੇ ਦੇਸਾਂ ਵਿਖੇ ਹੋਣ ਵਾ.ਲੇ ਧਾਰਮਿਕ ਸਮਾਗਮਾਂ ਵਿਚ ਸੱਦ ਸੱਦ ਕੇ 'ਲਫਾਫੇ' ਅਤੇ ਸਿਰੋਪੇ ਭੇਂਟ ਕਰਦੇ ਹਨ!

ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਵਾਸੀ ਸਿੱਖ ਅਜਿਹਾ ਕਰਦਿਆਂ ਬਾਦਲੀ ਪ੍ਰਕਿਰਿਆ ਨੂੰ ਮਾਨਤਾ ਨਹੀਂ ਦੇ ਰਹੇ ਹੁੰਦੇ ?

ਇਕ ਪਾਸੇ 'ਹਾਏ ਪੰਥਕ ਕੇਂਦਰ ਗੁਲਾਮ!' ਦੀ ਦਰਦ ਭਰੀ ਪੁਕਾਰ ਪਰ ਨਾ.ਲ ਹੀ ਬਾਦਲਾਂ ਦੁਆਰਾ ਥਾਪਿਆ (ਅਸਲ ਵਿਚ ਥੋਪਿਆ) ਹੋਇਆ ਹਰੇਕ ਜਥੇਦਾਰ ਸਾਡਾ 'ਵਿਸ਼ੇਸ਼ ਮਹਿਮਾਨ' ਬਣਿਆਂ ਹੁੰਦਾ ਐ! ਜਿਸਨੂੰ ਸਮਾਗਮਾਂ ਦੀਆਂ ਖਬਰਾਂ/ਇਸ਼ਤਿਹਾਰਾਂ ਆਦਿ ਵਿਚ ਜਥੇਦਾਰ ਫਲਾਣਾ ਸਿੰਘ ਜੀ 'ਉਚੇਚੇ ਤੌਰ 'ਤੇ ਸ਼ਾਮਲ' ਹੋਇਆ ਲਿਖਿਆ ਹੁੰਦਾ ਹੈ! ਪਤਾ ਨਹੀਂ ਕਿਹੜੇ ਹੀਰੇ ਮੋਤੀਆਂ ਨਾ.ਲ ਸ਼ਿੰਗਾਰੇ ਹੋਏ ਹਾਥੀ ਦੀ ਸਵਾਰੀ ਕਰਕੇ ਉਹ ਵਿਦੇਸ਼ੀ ਇਕੱਠਾਂ ਵਿੱਚ 'ਉਚੇਚਾ' ਸ਼ਾਮਲ ਹੋਇਆ ਹੁੰਦਾ ਐ!! ਕੀ ਅਜਿਹੇ ਦੋਹਰੇ ਕਿਰਦਾਰ ਕਾਰਨ ਅਸੀਂ ਪ੍ਰਵਾਸੀ ਸਿੱਖ ਖੁਦ ਉੱਤੇ 'ਦੋਗਲੇ' ਹੋਣ ਦਾ ਠੱਪਾ ਨਹੀਂ ਲਗਵਾ ਰਹੇ ਹੁੰਦੇ ?

ਮਿਸਾਲ ਵਜੋਂ ਇੰਗਲੈਂਡ (ਡਰਬੀ) ਵਿਚ ਛਪਦੀ ਪੰਥਕ ਮੰਨੀ ਜਾਂਦੀ ਅਖਬਾਰ 'ਪੰਜਾਬ ਟਾਈਮਜ਼' (25th ਜੁਲਾਈ-1 ਅਗਸਤ 2024 ਸਫਾ 10) ਵਿਚ ਇਕ ਫੋਟੋ ਸਮੇਤ ਖਬਰ ਛਪੀ ਹੋਈ ਹੈ ਅਖੇ ਗਿਆਨੀ ਰਘਬੀਰ ਸਿੰਘ ਨੇ ਸਾਊਥਾਲ ਦੇ ਗੁਰਮਤਿ ਸਮਾਗਮ ਵਿਚ ਕੀਤੀ ਸ਼ਮੂਲੀਅਤ! ਇਸ ਖਬਰ ਵਿਚ ਵੀ 'ਉਚੇਚੇ ਤੌਰ ਤੇ ਪਹੁੰਚੇ' ਲਿਖਿਆ ਹੋਇਆ ਹੈ! ਵਾਹ !! ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਥ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪਦ-ਪਦਵੀ ਸਰਬੋਤਮ ਹੈ ਪਰ ਜਦੋਂ ਤੱਕ ਪੰਥਕ ਕੇਂਦਰ ਅਜ਼ਾਦ ਨਹੀਂ ਹੋ ਜਾਂਦਾ ਤਦ ਤੱਕ ਵਿਦੇਸ਼ੀ (ਦੇਸ ਵਿਚ ਵੀ)ਧਰਤੀ 'ਤੇ ਆਯੋਜਤ ਕੀਤੇ ਜਾਣ ਵਾ.ਲੇ ਧਾਰਮਿਕ ਸਮਾਗਮਾਂ ਦੇ ਮੁੱਖ ਬੁਲਾਰੇ ਵਾਸਤੇ, ਸਿੱਖੀ ਰਹੁਰੀਤਾਂ ਅਨੁਸਾਰ ਜੀਵਨ ਬਿਤਾ ਰਹੇ ਕਿਸੇ ਸਥਾਨਕ ਕਿਰਤੀ ਸਿੱਖ ਦੀ ਚੋਣ ਕਰ ਲੈਣੀ ਚਾਹੀਦੀ ਹੈ। ਜਾਂ ਫਿਰ ਵਿਦੇਸ਼ ਦੇ ਗੁਰਦੁਆਰਿਆਂ ਵਿਚ ਪੰਜਾਬ ਤੋਂ ਆਏ ਹੋਏ ਰਾਗੀਆਂ, ਕਥਾਵਾਚਕਾਂ ਜਾਂ ਪਾਠੀ ਸਿੰਘਾਂ ਵਿੱਚੋਂ ਹੀ ਕਿਸੇ ਇਕ ਤੋਂ ਇਹ ਸੇਵਾ ਲਈ ਜਾ ਸਕਦੀ ਹੈ।

ਮੱਤ ਕੋਈ ਸਮਝੇ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਕਿਸੇ ਖਾਸ ਸਿੱਖ ਸਖਸ਼ੀਅਤ ਜਾਂ ਕਿਸੇ ਜਥੇਦਾਰ ਨਾ.ਲ ਕੋਈ ਨਿੱਜੀ ਰੰਜਿਸ਼ ਹੈ! ਅਜਿਹਾ ਬਿਲਕੁਲ ਨਹੀਂ ਹੈ। ਸਿਰਫ ਤੇ ਸਿਰਫ ਪੰਥਕ ਕੇਂਦਰ ਖਾਸ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਦੀ ਨਿਰਾਲੀ ਸ਼ਾਨ ਅਤੇ ਪ੍ਰਭਤਾ ਦਾ ਮੁਤਲਾਸ਼ੀ ਹੋਣ ਸਦਕਾ ਇਹ ਵਿਚਾਰ ਪ੍ਰਗਟਾਏ ਹਨ!!

## ਵਿਸ਼ਵ ਪ੍ਰਸਿਧ ਸਥਾਨ

# ਵਾਟਰਟਨ ਲੇਕਸ ਨੈਸ਼ਨਲ ਪਾਰਕ, ਕਨੇਡਾ ਚਲੋਂ ਚੱਲੀਏ ਝੀਲ ਦੇ ਰਸਤੇ ਕਨੇਡਾ ਤੋਂ ਅਮਰੀਕਾ ਦੀ ਸਰਹੱਦ ਤੱਕ





ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਕਨੇਡਾ ਦੀ ਪ੍ਰਸਿੱਧ ਸਟੇਟ ਅਲਬਰਟਾ ਦੇ ਅੰਤਰਗਤ ਆਉਦਾ ਹੈ ਵਿਸ਼ਵ ਪ੍ਰਸਿੱਧ ਪਹਾੜੀ, ਝੀਲਾਂ, ਝਰਨਿਆਂ, ਜੰਗਲਾ, ਨਦ-ਨਦੀਆਂ ਦਾ ਅਦਭੁਤ, ਰਮਣੀਕ, ਅਲੌਕਿਕ 'ਵਾਟਰਟਨ ਲੇਕਸ ਨੈਸ਼ਨਲ ਪਾਰਕ'। ਇਸ ਸਥਾਨ ਵਿਖੇ ਪਹੁੰਚਣ ਲਈ ਐਡਮੰਟਨ ਤੋਂ ਛੇ ਘੰਟੇ ਅਤੇ ਕੈਲਗਰੀ ਤੋਂ ਤਿੰਨ ਘੰਟੇ ਲਗਦੇ ਹਨ। ਪਹੁੰਚ ਤੱਕ ਦਾ ਸਾਰਾ ਰਸਤਾ ਦਿਲਚਸਪ ਅਤੇ ਆਕਰਸ਼ਣ ਰਖਦਾ ਹੈ। ਨੀਮ ਪਹਾੜੀ ਰਸਤਾ। ਬਿਲਕੁਲ ਸਿੱਧੀਆਂ ਸੜਕਾਂ। ਕੋਈ ਅੰਨ੍ਹਾ ਮੋੜ ਹੀ ਨਹੀਂ। ਕਨੇਡਾ ਵਿਖੇ ਗੱਡੀ ਤੁਸੀਂ ਆਪਣੀ ਮਰਜੀ ਨਾਲ ਨਹੀਂ ਚਲਾ ਸਕਦੇ ਕਿਉਂਕਿ ਸੜਕ ਦੇ ਸੱਜੇ ਪਾਸੇ ਨਿਰਧਾਰਿਤ ਸਪੀਡ ਲਿਖੀ ਹੁੰਦੀ ਹੈ। ਨਿਰਧਾਰਿਤ ਸਪੀਡ ਬੋਰਡ ਦੇ ਨਿਰਦੇਸ਼ ਮੁਤਾਬਿਕ ਹੀ ਤੁਸੀਂ ਸਪੀਡ ਵੱਧ ਘੱਟ ਕਰ ਸਕਦੇ ਹੋ, ਆਪਣੀ ਮਰਜੀ ਨਾਲ ਨਹੀਂ। ਇੱਥੇ ਜੀ.ਪੀ.ਐਸ (ਗਲੋਬਿਲ ਪੋਜੀਸ਼ਨਿੰਗ ਸਿਸਟਮ) ਦੇ ਨਿਰਦੇਸ਼ ਨਾਲ ਗੱਡੀ ਚਲਾਉਣਾ ਹੋਰ ਵੀ ਆਸਾਨ ਹੋ ਜਾਂਦਾ ਹੈ । ਇਸ ਬਗੈਰ ਗੁਜਾਰਾ ਹੀ ਨਹੀਂ। ਜੰਗਲਾਂ ਵਿਚ ਵਸਾਇਆ ਇਹ ਸ਼ਹਿਰ ਪਹਾੜੀਆਂ ਨਾਲ ਤਾਲਮੇਲ ਬਣਾਉਦਾ ਹੋਇਆ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ। ਅਮਰੀਕਾ ਦੇ ਪਹਾੜੀ ਇਲਾਕੇ ਵਾਲੇ ਸ਼ਹਿਰ ਮੋਨਟਾਨਾ ਦੀ









ਸਰਹੱਦ ਨਾਲ ਸਾਂਝਾ ਤਾਲਮੇਲ ਬਣਾਉਦਾ ਹੈ। ਇਹ ਸਾਰਾ ਸ਼ਹਿਰ ਲਗਭਗ 140 ਕਿਲੋਮੀਟਰ ਦੇ ਘੇਰੇ ਵਿਚ ਵਸਾਇਆ ਹੋਇਆ ਹੈ। ਹਜ਼ਾਰਾਂ ਸਾਲ ਪਹਿਲਾਂ ਇਸ ਜੰਗਲੀ ਸਥਾਨ ਵਿਚ ਝੀਲਾਂ ਦੇ ਕਿਨਾਰੇ ਕੁਟੇਨਵੀ ਕਬੀਲੇ ਦੇ ਲੋਕ ਰਹਿੰਦੇ ਸਨ। ਉਸ ਸਮੇਂ ਇਸ ਝੀਲ ਨੂੰ ਕੁਟੀਨੇ ਲੇਕਸ ਕਹਿੰਦੇ ਸਨ। ਇਸ ਤਿੰਨ ਝੀਲਾਂ ਦੇ ਸੁਮੇਲ ਨੂੰ ਵਾਟਰਟਨ ਦਾ ਨਾਮ ਦਿੱਤਾ ਗਿਆ। ਇਹ ਤਿੰਨ ਝੀਲਾਂ ਆਪਸ ਵਿਚ ਇਕਮਿਕ ਹੋਈਆਂ ਪਈਆਂ ਹਨ, ਜੋ ਵਿਸ਼ਾਲ ਲੰਬੀ ਝੀਲ ਦਾ ਰੂਪ ਅਖਤਿਆਰ ਕਰਦੀਆਂ ਹਨ। ਇਸ ਝੀਲ ਦੀ ਲੰਬਾਈ ਲਗਭਗ 80 ਕਿਲੋਮੀਟਰ ਹੈ, ਜਿਸਦਾ ਇਕ ਸਿਰਾ ਵਾਟਰਟਨ ਸ਼ਹਿਰ ਨਾਲ ਤੇ ਦੂਸਰਾ ਸਿਰਾ ਅਮਰੀਕਾ ਦੀਆਂ ਪਹਾੜੀਆਂ ਵਿਚ ਜਾ ਖਤਮ ਹੁੰਦਾ ਹੈ। ਸੱਜੇ ਪਾਸੇ ਕਨੇਡਾ ਅਤੇ ਖੱਬੇ ਪਾਸੇ ਅਮਰੀਕਾ ਦੀਆਂ ਪਹਾੜੀਆਂ ਹਨ ਅਤੇ ਵਿਚਕਾਰ ਸਾਂਝੀ ਝੀਲ, ਸਾਂਝੀ ਸਰਹੱਦ ਦੀ ਹੋਂਦ ਨੂੰ ਮਾਨਵਤਾਵਾਦੀ ਦੇ ਚਿੰਨ੍ਹ ਪ੍ਰਦਾਨ ਕਰਦੀ ਹੋਈ ਸ਼ਾਤੀ ਅਤੇ ਵਿਸ਼ਵ ਭਾਈਚਾਰੇ ਦਾ ਸੰਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ। ਇਸ ਝੀਲ ਦਾ ਨਾਮ ਇਤਿਹਾਸਕਾਰ ਖੋਜੀ ਬਲੇਕਿਸਟਨ ਨੇ ਬ੍ਰਿਟਿਸ ਕੁਦਰਤੀ ਵਿਗਿਆਨੀ ਚਾਰਲਸ ਵਾਟਰਟਨ ਦੇ ਨਾਮ 'ਤੇ ਵਾਟਰਟਨ ਰੱਖਿਆ। ਸ਼ੁਰੂ ਵਿਚ ਇਹ ਸਥਾਨ ਕਨੇਡਾ ਦਾ ਪਹਿਲਾ ਰਾਸ਼ਟਰੀ ਪਾਰਕ ਸੀ ਪਰ ਸਮੇਂ ਦੀ ਕਰਵੱਟ ਅਤੇ ਨਵੇਂ ਸਿਰਜਨਾਤਮਿਕ ਅਦਭੁਤ ਹੋਰ ਸਥਾਨਾਂ ਦੀ ਹੋਂਦ ਕਰਕੇ ਅਜਕਲ ਵਾਟਰਟਨ ਸਥਾਨ ਕਨੇਡਾ ਦਾ ਚੌਥਾ ਰਾਸ਼ਟਰੀ ਪਾਰਕ ਨੇ ਬ੍ਰਿਟਿਸ ਕੁਦਰਤੀ ਵਿਗਿਆਨੀ ਚਾਰਲਸ ਵਾਟਰਟਨ ਦੇ ਨਾਮ 'ਤੇ ਵਾਟਰਟਨ ਰੱਖਿਆ। ਸ਼ੁਰੂ ਵਿਚ ਇਹ ਸਥਾਨ ਕਨੇਡਾ ਦਾ ਪਹਿਲਾ ਰਾਸ਼ਟਰੀ ਪਾਰਕ ਸੀ ਪਰ ਸਮੇਂ ਦੀ ਕਰਵੱਟ ਅਤੇ ਨਵੇਂ ਸਿਰਜਨਾਤਮਿਕ ਅਦਭੁਤ ਹੋਰ ਸਥਾਨਾਂ ਦੀ ਹ ੱਤ ਕਰਕੇ ਅਜਕਲ ਵਾਟਰਟਨ ਸਥਾਨ ਕਨੇਡਾ ਦਾ ਚੌਥਾ ਰਾਸ਼ਟਰੀ ਪਾਰਕ ਹੈ। ਅਮਰੀਕਾ ਕਨੇਡਾ ਦੀ ਇਹ ਪਹਾੜੀ ਝੀਲ ਨੁਮਾਂ ਸੁੰਦਰ ਸਰਹੱਦ ਸਭ ਤੋਂ ਵੱਡੀ ਹੈ। ਇਹ ਸਥਾਨ ਵਾਤਾਵਰਣ ਦਾ ਸਭ ਤੋਂ ਵੱਧ ਮਾਨਤਾ ਪ੍ਰਾਪਤ ਨਿਸ਼ਾਨ ਬਣਾਉਦਾ ਹੈ। ਦਸੰਬਰ 1995 ਨੂੰ ਵਾਟਰਟਨ ਗਲੇਸ਼ੀਅਰ ਇੰਟਰਨੈਸ਼ਨਲ ਪੀਸ ਪਾਰਕ ਨੂੰ ਅਧਿਕਾਰਿਤ ਤੌਰ 'ਤੇ ਇਕ ਯੂਨੈਸਕੋ ਵਰਲਡ ਹੈਰੀਟੇਜ ਸਾਈਟ ਨਾਮਜਦ ਕੀਤਾ ਗਿਆ। ਇਸ ਨੂੰ ਵਾਤਾਵਰਣ ਅਤੇ ਚੰਗੇ ਇੱਛਾ ਸ਼ਕਤੀ ਦੇ ਨਮੂਨੇ ਵਜੋਂ ਲਿਆ ਗਿਆ ਹੈ । ਇਹ ਇਕ ਅਨੋਖਾ ਵਿਸ਼ਵ ਵਿਆਪੀ ਖਜਾਨਾ ਹੈ। ਰੋਟਰੀ ਇੰਟਰਨੈਸ਼ਨਲ ਦੀ ਤਰਫੋਂ ਸਰ ਚਾਰਲਸ ਆਰਥਰ ਮੰਡੇਰ ਦੁਆਰਾ ਇਹ ਸਰਹੱਦੀ ਸਾਂਝੀਦਾਰੀ ਵਿਸ਼ਵ ਸਾਂਤੀ ਨੂੰ ਸਮਰਪਿਤ ਕੀਤੀ ਗਈ। ਅੱਜ ਇਹ ਸ਼ਹਿਰ ਸੰਯੁਕਤ ਰਾਜ ਅਤੇ ਕਨੇਡਾ ਦੇ ਲੋਕਾਂ ਦੇ ਦਰਮਿਆਨ ਸਾਂਤੀ ਅਤੇ ਦੋਸਤੀ ਦੇ ਬੰਧਨ ਦਾ ਖੂਬਸੂਰਤ ਪ੍ਰਤੀਕ ਹੈ। ਇਸ ਸਥਾਨ ਨੂੰ ਵਿਸ਼ਵ ਵਿਰਾਸਤ ਵਾਲੀ ਅਦਭੁਤ ਸੁੰਦਰ ਜਗ੍ਹਾ ਵਜੋਂ ਮਨੋਨੀਤ ਕੀਤਾ ਗਿਆ।

ਇਹ ਸਥਾਨ ਵਾਟਰਟਨ, ਕਨੇਡਾ ਦਾ ਦੂਜਾ ਬਾਇਓਸਫਿਅਰ ਰਿਜ਼ਰਵ ਅਤੇ ਯੂਨੈਸਕੋ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਾ ਪਹਿਲਾ ਕਨੇਡੀਅਨ ਰਾਸ਼ਟਰੀ ਪਾਰਕ ਵੀ ਹੈ। ਦੁਨੀਆਂ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਜਗ੍ਹਾ ਨਹੀਂ ਹੈ। ਸ਼ਹਿਰ ਦੀਆਂ ਆਪਣੀਆਂ ਸੀਮਾਵਾਂ ਦੇ ਅੰਦਰ ਦੋ ਰਾਸ਼ਟਰੀ ਇਤਿਹਾਸਿਕ ਸਾਈਟਾਂ ਪੱਛਮੀ ਕਨੇਡਾ ਵਿਚ ਪਹਿਲੇ ਤੇਲ ਖੂਹ ਵੀ ਪਾਏ ਜਾਂਦੇ ਹਨ। ਕਈ ਕੋਇਲੇ ਦੀਆਂ ਖਾਨਾਂ ਵੀ ਮੌਜੂਦ ਸਨ।

ਝੀਲ ਦੇ ਸ਼ੁਰੂਆਤੀ ਕੋਨੇ ਦੇ ਉਪੱਰ ਇਕ ਛੋਟੀ ਜਿਹੀ ਸੁੰਦਰ ਪਹਾੜੀ ਹੈ, ਜਿਸ ਦੇ ਪੈਰਾਂ ਵਿਚੋਂ ਝੀਲ ਦੀ ਆਮਦ ਬੇਗਾਨੇ ਵਾਤਾਵਰਣ ਨੂੰ ਆਪਣਾਪਨ ਦੇ ਕੇ ਸੁੰਦਰ ਦ੍ਰਿਸ਼ ਸਥਾਪਿਤ ਕਰਦੀ ਹੋਈ ਜੰਨਤ ਦੇ ਸਗੁਫਤਾ ਪਹਿਰਾਵੇ ਨੂੰ ਪ੍ਰਤੀਬਿੰਬਿਤ ਕਰਦੀ ਹੈ। ਇਸ ਪਹਾੜੀ ਉਪੱਰ ਸਭ ਤੋਂ ਪਹਿਲਾਂ 1927 ਵਿਚ ਪ੍ਰਿੰਸ ਆਫ ਵੇਲਜ ਹੋਟਲ ਖੋਲ੍ਹਿਆ ਗਿਆ ਅਤੇ ਗਲੇਸ਼ੀਅਰ ਨੈਸ਼ਨਲ ਪਾਰਕ (ਯੂ.ਐਸ.ਏ,) ਦੀ ਬੱਸ ਸੇਵਾ ਸ਼ੁਰੂ ਕੀਤੀ ਗਈ। ਇਹ ਸਥਾਨ ਕਨੇਡਾ ਅਤੇ ਯੂ.ਐਸ.ਏ. ਦੇ ਦਰਮਿਆਨ ਸ਼ਾਂਤੀ, ਸਦਭਾਵਨਾ, ਸਹਿਯੋਗ, ਵਿਸ਼ਵਵਿਆਪੀ ਪ੍ਰੇਮ, ਸਮਾਨਤਾ, ਮਾਨਵ ਕੀਮਤਾਂ ਦਾ ਵਿਕਾਸ, ਨੈਤਿਕ ਭਾਵਨਾ, ਦ੍ਰਿਸ਼ਟੀ ਦਰਸ਼ਨ ਅਤੇ ਦੇਸ਼-ਵਿਦੇਸ਼ ਦੀ ਮਾਨਵਤਾ ਦਾ ਮਿਲਣ ਉਤਸਵ ਬਣਾ ਕੇ ਇਕ ਸਰਵਉੱਚ ਜੀਵਨ ਭੌਤਿਕ ਸਮਰਿਧੀ ਦਾ ਸੰਦੇਸ਼ ਦਿੰਦਾ ਹੈ। ਇਹ ਦੋਵੇਂ ਹੱਦਾਂ ਪਾਰ ਵਿਰਾਸਤ ਪ੍ਰਬੰਧਨ ਵਿਚ ਸਾਕਾਰਤਮਿਕ ਸਹਿਯੋਗ ਦੀ ਪ੍ਰਤੀਕ ਕਾਰਜਸ਼ੀਲ ਮਿਸਾਲ ਹੈ।

ਇਸ ਸਥਾਨ ਵਿਖੇ ਜੀਵ ਵਿਗਿਆਨ ਦੇ ਭੰਡਾਰ, ਮਨੁੱਖੀ ਅਤੇ ਕੁਦਰਤੀ ਵਾਤਾਵਰਣ, ਪ੍ਰਮੁੱਖ ਟੀਚੇ ਦੀ ਜਾਣਕਾਰੀ ਦੇ ਆਦਾਨ-ਪ੍ਰਦਾਨ, ਖੋਜ, ਸਿੱਖਿਆ, ਸਿਖਲਾਈ, ਸੁਧਾਰ ਭੂਮੀ ਪ੍ਰਬੰਧਨ, ਸਥਾਨਕ ਪ੍ਰਾਈਵੇਟ ਜ਼ਿਮੀਦਾਰਾ, ਸਰਕਾਰੀ ਏਜੰਸੀਆਂ, ਵੱਡੇ ਆਕਾਰ ਦੇ ਸਾਂਝੇ ਪ੍ਰਾਜੈਕਟ, ਮਨੋਰੰਜਨ ਕਿਰਿਆਵਾਂ ਸਥਾਨ, ਖ਼ੂਬਸੂਰਤ ਹੋਟਲ, ਸਾਧਾਰਣ ਰੂਪ ਵਿਚ ਭਿੰਨ ਭਿੰਨ ਸ਼੍ਰੇਣੀ ਦੇ ਅਮੀਰ ਪੌਦੇ, ਅਦਭੁਤ ਖ਼ੂਬਸੂਰਤ ਵਿਗਿਆਨ ਵਿਧੀ ਦੀ ਲੈਂਡ ਸਕੇਪਿੰਗ, ਪਹਾੜੀਆਂ ਦੇ ਨਾਰੰਗੀ ਕਿਰਮਚੀ ਕਸੀਦਾਕਾਰੀ ਸਿਲਪ ਦੇ ਦ੍ਰਿਸ਼ ਆਪਣੀ ਹੋਂਦ ਨੂੰ ਪ੍ਰਮਾਣਿਕਤਾ ਦਿੰਦੇ ਪ੍ਰਤੀਤ ਹੁੰਦੇ ਹਨ।

ਪ੍ਰਿੰਸ ਆਫ਼ ਵੇਲਜ਼ ਹੋਟਲ ਦਾ ਇਕ ਸ਼ਾਨਦਾਰ ਡਿਜ਼ਾਇਨ ਅਤੇ ਨਾਟਕੀ ਦ੍ਰਿਸ਼ ਇਸ ਵਾਤਾਵਰਣ ਦਾ ਸਭ ਤੋਂ ਵੱਧ ਮਾਨਤਾ ਪ੍ਰਾਪਤ ਚਿੰਨ੍ਹ ਹੈ। ਇਹ ਸੁੰਦਰ ਹੋਟਲ ਇਸ ਇਲਾਕੇ ਦਾ ਸਭ ਤੋਂ ਵੱਧ ਆਕਰਸ਼ਣ ਦਾ ਕੇਂਦਰ ਹੈ ਅਤੇ ਬਹੁਤ ਮਹਿੰਗਾ ਹੋਟਲ ਹੈ। ਇਸ ਹੋਟਲ ਤੋਂ ਝੀਲ ਨਜ਼ਰ ਆਉਂਦਾ ਹੈ।

ਦੋਵਾਂ ਦੇਸ਼ਾਂ ਦੇ ਵਿਗਿਆਨੀਆਂ ਦੀ ਸੋਚ ਨੂੰ ਅਭਿਵਾਦਨ, ਸੱਜਦਾ ਕਰਨਾ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਝੀਲਾਂ ਦੀ ਵੰਡ ਨਹੀਂ ਹੋਣ ਦਿੱਤੀ ਕਿਉਂਕਿ ਅੱਧੀ ਝੀਲ ਅਮਰੀਕਾ ਵਿਚ ਅਤੇ ਅੱਧੀ ਝੀਲ ਕਨੇਡਾ ਵਿਚ ਆਉਂਦੀ ਸੀ ਪਰ ਦੋਵਾਂ ਦੇਸ਼ਾਂ ਦੇ ਵਿਗਿਆਨੀਆਂ ਨੇ ਸਾਂਝੀ ਸੋਚ ਅਪਣਾਉਂਦੇ ਹੋਏ ਕਿਹਾ, "ਜੀਉਲੋਜ਼ੀ ਕੋਈ ਸੀਮਾਵਾਂ ਨਹੀਂ ਪਛਾਣਦੀ ਅਤੇ ਜਿਵੇਂ ਕਿ ਝੀਲ ਪਈ ਹੈ, ਕੋਈ ਵੀ ਮਨੁੱਖ ਦੁਆਰਾ ਬਣਾਈ ਗਈ ਸੀਮਾ ਪਾਣੀ ਨੂੰ ਵੱਖ ਨਹੀਂ ਕਰ ਸਕਦੀ"।

ਇਸ ਝੀਲ ਦੇ ਰਸਦੇ ਅਮਰੀਕਾ ਦੀ ਹੱਦ ਮੋਨਟਾਨਾ ਵਿਖੇ ਪਹੁੰਚਣ ਲਈ ਇਕ ਸ਼ਾਨਦਾਰ ਇਕ ਮੰਜ਼ਿਲਾ ਕਰੂਜ਼ (ਛੋਟਾ ਸ਼ਿੱਪ) ਦੀ ਵਰਤੋਂ ਕੀਤੀ ਜਾਂਦੀ ਹੈ। ਵਾਟਰਟਨ ਦਾ ਪ੍ਰਮੁੱਖ ਖਿੱਚ ਦਾ ਕੇਂਦਰ ਅਤੇ ਵਿਸ਼ੇਸ਼ ਮਹੱਤਵਪੂਰਨ ਮਨੋਰੰਜਨ ਦਾ ਸਾਧਨ ਹੈ 'ਕਰੂਜ਼'। ਕਰੂਜ਼ ਦੇ ਵਿਚ ਬੈਠ ਕੇ ਹੀ ਝੀਲ ਦੇ ਖ਼ੂਬਸੂਰਤ ਵੱਖ-ਵੱਖ ਸ਼੍ਰੇਣੀਆਂ ਦੇ ਪਹਾੜਾਂ ਦਾ ਨਜ਼ਾਰਾ ਲਿਆ ਜਾ ਸਕਦਾ ਹੈ। ਕਰੂਜ਼ ਵਿਚ ਸਫ਼ਰ ਕਰਨ ਦੀ ਟਿਕਟ ਲਗਦੀ ਹੈ ਅਤੇ ਇਸਦਾ ਸਮਾਂ ਨਿਰਧਾਰਿਤ ਹੈ। ਸਵੇਰੇ ਦਸ ਵਜੇ, ਇਕ ਵਜੇ ਅਤੇ ਸ਼ਾਮੀ ਚਾਰ ਵਜੇ ਕਰੂਜ਼ ਚਲਦਾ ਹੈ। ਕਿਉਂਕਿ ਇਹ ਝੀਲ ਲਗਭਗ 80 ਕਿਲੋਮੀਟਰ ਲੰਬੀ ਹੈ ਅਤੇ ਕਰੂਜ਼ ਦੇ ਆਉਣ ਜਾਣ ਲਈ ਦੋ ਘੰਟੇ ਲਗਦੇ ਹਨ। ਕਰੂਜ਼ ਵਿਚ ਖਾਣ-ਪੀਣ ਦਾ ਸਮਾਂ ਨਹੀਂ ਮਿਲਦਾ। ਨਾ ਹੀ ਕੋਈ ਪਾਖਾਨਾ ਹੈ। ਖਾਣ-ਪੀਣ ਦਾ ਸਾਮਾਨ ਨਾਲ ਲੈ ਕੇ ਜਾ ਸਕਦੇ ਹੋ। ਕਰੂਜ਼ ਵਿਚ ਨਿਸ਼ਚਿਤ ਅਤੇ ਨਿਰਧਾਰਿਤ ਸੀਟਾਂ ਹੀ ਹੁੰਦੀਆਂ ਹਨ। ਬੁਕਿੰਗ ਇਕ ਦਿਨ ਪਹਿਲਾਂ ਹੀ ਕਰਵਾਉਣੀਂ ਪੈਂਦੀ ਹੈ।

ਕਰੂਜ਼ ਦਾ ਚਾਲਕ ਅਤੇ ਉਸ ਨਾਲ ਉਸਦਾ ਇਕ ਸਹਾਇਕ ਹੁੰਦਾ ਹੈ ਜੋ ਕਰੂਜ਼ ਦੇ ਚੱਲਣ ਦੇ ਨਾਲ ਨਾਲ ਝੀਲ, ਪਹਾੜਾਂ, ਪ੍ਰਾਚੀਨਤਾ ਅਤੇ ਆਧੁਨਿਕ ਇਤਿਹਾਸ ਦੀ ਜਾਣਕਾਰੀ ਸਪੀਕਰ (ਮਾਈਕ) 'ਤੇ ਦਿੰਦਾ ਰਹਿੰਦਾ ਹੈ ।

ਜਦ ਕਰੂਜ਼ ਚਲਦਾ ਹੈ ਕੁਝ ਦੇਰ ਬਾਅਦ ਹੀ ਸਰ-ਸਰ ਤੇਜ਼ ਹਵਾਵਾਂ ਪਿਛਾਂਹ ਨੂੰ ਪਿਛਾੜਦੀਆਂ ਹਨ। ਉਚੀਆਂ ਪਹਾੜੀਆਂ ਦੇ ਵਿਚਕਾਰ ਝੀਲ ਵਿਚ ਚਲਦਾ ਕਰੂਜ਼ ਕਿਸੇ ਵਰਗ ਤੋਂ ਘੱਟ ਪ੍ਰਤੀਤ ਨਹੀਂ ਹੁੰਦਾ। ਲਗਭਗ ਇਕ ਘੰਟੇ ਬਾਅਦ ਅਮਰੀਕਾ ਦਾ ਬਾਰਡਰ ਮੋਨਟਾਨਾ ਆ ਜਾਂਦਾ ਹੈ ਜਿੱਥੇ ਝੀਲ ਖ਼ਤਮ ਹੋ ਜਾਂਦੀ ਹੈ। ਕਰੂਜ਼ ਦੀ ਉਪਰਲੀ ਤੇ ਹੇਠਲੀ ਮੰਜ਼ਿਲ ਉਪਰ ਬੈਠਣ ਲਈ ਸੀਟਾਂ ਦਾ ਪ੍ਰਬੰਧ ਹੈ। ਫ਼ੋਟੋਗ੍ਰਾਫੀ ਕਰਨ ਦਾ ਇੱਥੇ ਆਪਣਾ ਹੀ ਲੁਤਫ਼ ਹੈ। ਸੱਜੇ ਖੱਬੇ ਪਹਾੜਾਂ ਵਿਚ ਕੀਤੀ ਗਈ ਵਿਗਿਆਨਕ ਤਰਤੀਬ ਨਾਲ ਲੈਂਡ ਸਕੇਪਿੰਗ ਜੰਨਤ ਦੇ ਬੂਹੇ ਖੋਲ੍ਹ ਦਿੰਦੀ ਹੈ। ਜਿੱਥੇ ਕਰੂਜ਼ ਰੁਕਦਾ ਹੈ ਉਸ਼ ਸਰਹੱਦ ਦੇ ਨਾਲ 1926 ਦੇ ਸਮੇਂ ਦੀਆਂ ਸ਼ੈਡਾਂ ਵੀ ਮੌਜੂਦ ਹਨ ।

ਇੱਥੋਂ ਦਾ ਵਾਤਾਵਰਣ, ਮਨੋਹਾਰੀ ਦ੍ਰਿਸ਼ ਆਪਣੀ ਸੰਸਕ੍ਰਿਤੀ ਸ਼ਿਲਪ ਦਾ ਨਿਰਮਾਣ ਕਰਦੇ ਨਜ਼ਰ ਆਉਂਦੇ ਹਨ। ਇਹ ਸਰਹੱਦ ਮਾਨਵੀ ਕੀਮਤਾਂ ਦੀ ਸੁੰਦਰਤਾ ਅਤੇ ਪ੍ਰੇਮ ਭਾਵਨਾ ਦੀ ਸੰਵੇਦਨਾ ਦਾ ਸੰਦੇਸ਼ ਦਿੰਦੀ ਹੈ। ਇੱਥੋਂ ਦਾ ਅਧਿਆਤਮਿਕ ਪਰ ਸਕੂਨ ਵਾਤਾਵਰਣ ਮਨੋਰੰਜਨ ਦੀ ਨੀਤੀ ਨੂੰ ਜੰਨਤ ਵਿਚ ਤਬਦੀਲ ਕਰ ਦਿੰਦਾ ਹੈ ।

ਇਥੋਂ ਦਾ ਪ੍ਰਸ਼ਾਸਨ ਸਮਾਜ ਦੇ, ਯਾਤਰੀਆਂ ਦੇ ਪ੍ਰਤੀ ਨਿਸ਼ਠਾ, ਕਰਤੱਵ ਭਾਵਨਾ ਨੂੰ ਸਦੈਵ ਅਰਪਿਤ ਕਰਨ ਦੀ ਉਮੰਗ ਵਿਚ ਰਹਿੰਦਾ ਹੈ। ਪ੍ਰਾਚੀਨਤਾ ਅਤੇ ਆਧੁਨਿਕਤਾ ਦਾ ਸੰਯੁਕਤ ਮਿਸ਼ਰਣ ਵੀ ਜੀਵਨ ਨੂੰ ਭੌਤਿਕ ਸਮਰਿਧੀ ਪ੍ਰਦਾਨ ਕਰਦਾ ਹੈ। ਝੀਲ ਦਾ ਨੀਲਾ ਗਹਿਰਾ ਪਾਣੀ ਜਗ੍ਹਾ ਜਗ੍ਹਾ 'ਤੇ ਰੰਗ ਬਦਲਦਾ ਸਾਫ਼ ਸ਼ੁੱਧਤਾ ਦਾ ਸੰਦੇਸ਼ ਦਿੰਦਾ ਹੋਇਆ ਆਪਣਾ ਪਖ ਆਪਣੇ ਆਪ ਖੋਲ੍ਹਦਾ ਹੈ।

ਜਦ ਕਰੂਜ਼ ਚਲਦਾ ਹੈ ਤਾਂ ਪਿਛਲੇ ਪਾਸੇ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਪਾਣੀ ਨੂੰ ਵੱਡੀ ਮਧਾਣੀ ਨਾਲ ਰਿੜਕਿਆ ਜਾ ਰਿਹਾ ਹੋਵੇ। ਪਾਣੀ ਦਾ ਰਿੜਕਣਾ ਕਈ ਤਰ੍ਹਾਂ ਦੇ ਰੰਗ ਬਣਾਉਂਦਾ ਹੈ ਜਿਵੇਂ ਪਾਣੀ ਉਪੱਰ ਮੱਖਣ ਤੈਰ ਰਿਹਾ ਹੋਵੇ। ਕਰੂਜ਼ ਦੇ ਸਹਿ ਯਾਤਰੀ ਨੀਤੀ-ਨਿਯਮਾਂ ਦੀ ਪ੍ਰਭੂਤਵ ਵਿਚ ਬੱਝੇ ਹੁੰਦੇ ਹਨ । ਕੋਈ ਵੀ ਉਲੰਘਣ ਨਹੀਂ ਕਰ ਸਕਦਾ। ਸਿਰਜਨਾਤਮਿਕ ਅਤੇ ਵਿਚਾਰ ਦੇ ਬਣਾਈ ਰੱਖਣਾ ਜ਼ਰੂਰੀ ਹੈ। ਕਰੂਜ਼ ਜਦੋਂ ਚਲਦਾ ਹੋਇਆ ਅੱਗੇ ਵਧਦਾ ਹੈ ਤਾਂ ਨਾਟਕੀਏ ਢੰਗ ਨਾਲ ਅੱਗੇ ਆਉਂਦੇ ਜਗਿਆਸਾਮਈ ਦ੍ਰਿਸ਼ ਪਰਿਵਰਤਨਾਂ ਦਾ ਸਵਾਗਤ ਕਰਦੇ ਹਨ। ਅਲਬੱਤਾ ਪਰਤ-ਦਰ-ਪਰਤ ਦ੍ਰਿਸ਼ ਖੁਲ੍ਹਦੇ ਜਾਂਦੇ ਹਨ। ਜਗਿਆਸਾ ਨੂੰ ਸੰਪੂਰਨਤਾ ਦੀ ਮਿਲਦੀ ਹੈ।

ਪਹਾੜਾਂ ਦੀ ਵੀ ਇਕ ਭਾਸ਼ਾ ਹੁੰਦੀ ਹੈ, ਜੋ ਪਹਾੜਾਂ ਦੇ ਪੈਰ੍ਹਾਂ ਵਿਚ ਸ਼ੁੱਧ ਜਲ ਅਰਚਨਾ ਪੂਜਾ ਕਰਦਾ ਹੋਇਆ ਆਸਥਾ ਨਿਰਮਾਣ ਕਰਦਾ ਹੈ, ਉਸ ਭਾਸ਼ਾ ਨੂੰ ਬਹਿਰੇ, ਸੂਰਦਾਸ, ਗੂੰਗੇ-ਬੋਲੇ ਵੀ ਸਮਝ ਸਕਦੇ ਹਾਂ। ਇਕ ਪਹਾੜ ਇਹ ਤਰ੍ਹਾਂ ਪ੍ਰੀਤ ਹੁੰਦੇ ਹਨ ਜਿਸ ਤਰ੍ਹਾਂ ਕੋਈ ਸਾਧੂ ਹੱਥ ਵਿਚ ਕੰਮਡਲ ਅਤੇ ਕਟੋਰੇ ਲੈ ਕੇ ਯਾਤਰਾਂ ਦਾ ਆਗਮਨ ਕਰ ਰਿਹਾ ਹੋਵੇ।

ਪੀਤਾਂਬਰੀ, ਨਾਰੰਗੀ, ਕਿਰਮਚੀ ਪੌਦਿਆਂ ਦੀ ਸੁੰਦਰਤਾ। ਕਰਘਾ ਦੀ ਤਰ੍ਹਾਂ ਪਾਣੀ ਦੀਆਂ ਲਹਿਰਾਂ ਚਾਦਰਾਂ ਬੁਣਦੀਆਂ ਪ੍ਰਤੀਤ ਹੁੰਦੀਆਂ ਹਨ। ਝੀਲ ਦੇ ਛਿਤਲੇ ਪਾਣੀ ਵਿਚ ਬੱਚੇ, ਨੌਜਵਾਨ ਸਭ ਫੋਟੋ ਖਿਚਵਾਣ ਦੀ ਰੁਚੀ ਰਖਦੇ ਹਨ। ਪਹਾੜ ਦੀਆਂ ਚੋਟੀਆਂ ਕਿਸੇ ਟਿਟਾਉਣੇ ਦਾ ਕਾਰਜ ਵੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਅੱਖਾਂ ਜਦ ਨਵੇਂ ਨਵੇਂ ਦ੍ਰਿਸ਼ ਵੇਖਦੀਆਂ ਹਨ ਹਿਰਦੇ ਵਿਚ ਖ਼ੂਬਸੂਰਤ ਪਲ ਅੰਕੁਰਿਤ ਹੋ ਜਾਂਦੇ ਹਨ। ਵਾਕਿਆ ਹੀ ਇਹ ਸਥਾਨ ਕਿਸੇ ਜੰਨਤ ਤੋਂ ਘੱਟ ਨਹੀਂ।

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਸਵੈਮਾਣ ਅਤੇ ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੰਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉੱਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕ ਬਾਗ ਪਹੁੰਚਣ ਲੱਗੇ। ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁੱਚੀ ਰਾਮ ਸਾਹਲੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼ ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਜਰ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਕਲਾਘਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਹਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲਤਾ ਇਤਿਹਾਸਕ ਮੋਰਚਾ ਹੋ ਨਿੱਬੜਿਆ।

# ਪੋਸਟ ਮਾਸਟਰ ਬਣਦਾ-ਬਣਦਾ ਡਰਾਇੰਗ ਮਾਸਟਰ ਬਣ ਗਿਆ ਕਮਲ ਸ਼ਰਮਾ

ਜ਼ਿੰਦਗੀ 'ਚ ਕੀਤਾ ਸੰਘਰਸ਼ ਜਰੂਰ ਇੱਕ ਦਿਨ ਸਫਲਤਾ ਨੂੰ ਜਨਮ ਦਿੰਦਾ ਹੈ। ਸਾਡੇ ਸਾਹਮਣੇ ਬਹੁਤ ਸਾਰੇ ਕਿੱਤੇ ਅਪਣਾਉਣ ਲਈ ਮੌਕੇ ਹੁੰਦੇ , ਜਿਨ੍ਹਾਂ ਨੂੰ ਗਵਾਉਣਾ ਨਹੀਂ ਚਾਹੀਦਾ। ਅਧਿਆਪਨ ਦਾ ਕਿੱਤਾ ਸਮਾਜ ਨੂੰ ਚੰਗੀ ਸੇਧ ਦੇਣ ਲਈ ਸਾਰਥਕ ਹੈ। ਅਧਿਆਪਕ ਕੌਮ ਦਾ ਨਿਰਮਾਤਾ ਹੋਣ ਕਾਰਨ ਸਮਾਜ ਵਿੱਚ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ ਭਾਵੇਂ ਕੁਝ ਕੁ ਅਵੇਸਲੇ ਅਧਿਆਪਕਾਂ ਕਰਕੇ ਅਧਿਆਪਕ ਦਾ ਸਤਿਕਾਰ ਘਟਿਆ ਹੈ ਫਿਰ ਵੀ ਅਜੇ ਬਹੁਤਾਤ ਅਧਿਆਪਕ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ ਜਿਨ੍ਹਾਂ 'ਚੋਂ ਹੀ ਇੱਕ ਸ਼੍ਰੀ ਕਮਲ ਸ਼ਰਮਾ ਹਨ।



ਜਿਨ੍ਹਾਂ ਦਾ ਜਨਮ 20 ਅਗਸਤ 1963 ਨੂੰ ਪਿੰਡ ਦੰਦਰਾਲਾ ਢੀਂਡਸਾ ਜ਼ਿਲਾ ਪਟਿਆਲਾ ਵਿਖੇ ਮਾਤਾ ਸਵ: ਸ਼੍ਰੀ ਮਤੀ ਦਿਆਵੰਤੀ ਦੀ ਕੁਖੋਂ ਪਿਤਾ ਸਵ: ਸ਼੍ਰੀ ਧਰਮ ਪਾਲ ਸ਼ਾਸਤਰੀ ਦੇ ਘਰ ਹੋਇਆ।ਇਨ੍ਹਾਂ ਦਾ ਪਾਲਣ-ਪੋਸ਼ਣ ਪਰਿਵਾਰ ਦੇ ਧਾਰਮਿਕ ਮਾਹੌਲ ਵਿੱਚ ਹੋਇਆ ਕਿਉਂ ਕਿ ਪਿਤਾ ਜੀ ਆਲੇ ਦੁਆਲੇ ਦੇ ਪਿੰਡਾਂ 'ਚ ਪਾਠ-ਕਥਾ ਕਰਿਆ ਕਰਦੇ ਸੀ ।ਇਹਨਾਂ ਨੇ ਮੁਢਲੀ ਸਿਖਿਆ ਪਿੰਡ ਦੇ ਹਾਈ ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਕਲਾਸ 1981 ਵਿੱਚ ਪਾਸ ਕੀਤੀ। ਫਿਰ ਇਹਨਾਂ ਨੇ ਡਰਾਇੰਗ ਅਧਿਆਪਕ ਬਣਨ ਦਾ ਸੁਪਨਾ ਲਿਆ। ਉਸ ਨੇ 1981 ਵਿੱਚ ਹੀ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ (ਪਟਿਆਲਾ) ਵਿਖੇ ਦਾਖਲਾ ਲੈ ਲਿਆ ਅਤੇ 1983 'ਚ ਦੋ ਸਾਲਾ ਟੀਚਰਜ਼ ਟ੍ਰੇਨਿੰਗ ਦਾ ਡਿਪਲੋਮਾ ਪ੍ਰਾਪਤ ਕਰ ਲਿਆ। ਉਸ ਨੇ 29 ਅਕਤੂਬਰ 1990 ਤੋਂ 2004 ਤੱਕ ਬਤੌਰ ਬਰਾਂਚ ਪੋਸਟ ਮਾਸਟਰ ਪਿੰਡ ਦੇ ਪੋਸਟ ਆਫਿਸ ਵਿੱਚ ਤਕਰੀਬਨ 14 ਸਾਲ ਇਮਾਨਦਾਰੀ ਨਾਲ ਸੇਵਾ ਨਿਭਾਈ। ਨਾਲੋ ਨਾਲ ਹੀ ਉਸ ਨੇ ਕਪੜਾ ਵੇਚਣ ਦਾ ਕੰਮ ਵੀ ਕੀਤਾ। ਪੰਜਾਬ ਅੰਦਰ ਨੌਕਰੀ ਨਾ ਮਿਲਣ ਕਾਰਨ ਉਸ ਨੇ ਗੁਆਂਢੀ ਰਾਜ ਹਰਿਆਣਾ ਵਿੱਚ ਅਪਲਾਈ ਕਰ ਦਿੱਤਾ ਅਤੇ ਉਸ ਦੀ ਬਤੌਰ ਡਰਾਇੰਗ ਅਧਿਆਪਕ ਨਿਯੁਕਤੀ ਹੋ ਗਈ। ਉਸ ਨੇ ਆਪਣੀ ਪਹਿਲੀ ਸੇਵਾ 10 ਸਤੰਬਰ 2004 ਤੋਂ ਬਤੌਰ ਡਰਾਇੰਗ ਅਧਿਆਪਕ ਸਰਕਾਰੀ ਮਿਡਲ ਸਕੂਲ ਪਿੰਡ ਪੂਰਨਮਾਜਰਾ ਜਿਲ੍ਹਾ ਫਤਿਆਬਾਦ (ਹਰਿਆਣਾ) ਤੋ ਸ਼ੁਰੂ ਕੀਤੀ। ਇਸ ਦੌਰਾਨ ਇਹਨਾਂ ਨੇ ਸਾਖਰਤਾ ਮੁਹਿੰਮ ਅਧੀਨ ਕੰਮ ਕੀਤਾ।ਇਹਨਾਂ ਨੇ ਸਾਰੇ ਪਿੰਡ ਨੂੰ ਲੋਕਾਂ ਦੇ ਸਹਿਯੋਗ ਨਾਲ ਪੂਰਨ ਸਾਖਰ ਬਣਾਇਆ। ਦੂਜੇ ਰਾਜ 'ਚ ਬੋਲੀ ਦੀ ਸਮੱਸਿਆ ਕਈ ਵਾਰੀ ਪ੍ਰੇਸ਼ਾਨ ਕਰਦੀ ਹੈ ਪਰ ਕਮਲ ਸ਼ਰਮਾ ਨੇ ਇਸ ਚੁਣੌਤੀ ਨੂੰ ਸਵੀਕਾਰਦਿਆਂ ਉਥੇ ਦੇ ਮਾਹੌਲ ਅਨੁਸਾਰ ਢਲ ਕੇ ਵਧੀਆ ਸੇਵਾਵਾਂ ਪ੍ਰਦਾਨ ਕਰਨ ਦਾ ਹਮੇਸ਼ਾ ਯਤਨ ਕੀਤਾ ਅਤੇ ਸਫਲਤਾ ਪੂਰਵਕ ਆਪਣੀ ਡਿਊਟੀ ਨਿਭਾਈ ਵੀ।ਉਸ ਦੇ ਇਸ ਵਧੀਆ ਕੰਮ ਬਦਲੇ ਜਿਲ੍ਹਾ ਸਿਖਿਆ ਅਧਿਕਾਰੀ ਤੋਂ ਸਨਮਾਨ ਪੱਤਰ ਮਿਲਿਆ। ਉਹ ਸਕੂਲ ਮਨੇਜਮੇਂਟ ਕਮੇਟੀ ਦਾ ਕੰਮ ਬੜੇ ਠਰ੍ਹੰਮੇ ਨਾਲ ਕਰਦੇ ਰਹੇ , ਸਕੂਲ ਦਾ ਵਿਕਾਸ ਸੁੱਚਜੇ ਢੰਗ ਨਾਲ ਕਰਾਉਂਦੇ ਰਹੇ। ਇਹਨਾਂ ਦੇ ਵੱਡੇ ਭਰਾ ਰਮਿੰਦਰ ਕੁਮਾਰ ਅਮਲੋਹ ਤਹਿਸੀਲ ਤੋਂ ਆਪਣੀ ਸੇਵਾ ਇਮਾਨਦਾਰੀ ਨਾਲ ਨਿਭਾ ਕੇ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਦੂਸਰੇ ਭਰਾ ਸ਼੍ਰੀ ਜਤਿੰਦਰ ਕੁਮਾਰ ਬਤੌਰ ਸ.ਸ. ਮਾਸਟਰ ਸਿੱਖਿਆ ਵਿਭਾਗ ਪੰਜਾਬ ਤੋਂ ਸੇਵਾ ਮੁਕਤ ਹੋ ਕੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਸਾਹਿਤ 'ਚ ਰੁਚੀ ਹੋਣ ਕਾਰਨ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਲਿਖੀਆਂ ਹਨ ਜੋ ਅਖਬਾਰਾਂ 'ਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਸਾਰਾ ਹੀ ਪਰਿਵਾਰ ਉਸਾਰੂ ਸੋਚ ਦਾ ਧਾਰਨੀ ਹੈ। ਸ਼੍ਰੀ ਕਮਲ ਸ਼ਰਮਾ ਦਾ ਵਿਆਹ ਸੰਨ 1992 ਵਿੱਚ ਸ਼੍ਰੀ ਮਤੀ ਚਰਨਜੀਤ ਕੌਰ ਨਾਲ ਹੋਇਆ। ਇਹਨਾਂ ਦੀਆ ਦੋ ਬੇਟੀਆਂ ਤੇ ਇੱਕ ਬੇਟਾ ਹੈ। ਵੱਡੀ ਬੇਟੀ ਚਾਂਦਨੀ ਨੇ ਈ.ਟੀ.ਟੀ ਅਤੇ ਐਮ.ਐਸ.ਸੀ (ਕੰਪਿਊਟਰ) ਦੀ ਪੜ੍ਹਾਈ ਪੂਰੀ ਕਰ ਲਈ ਹੈ। ਉਸਦਾ ਵਿਆਹ ਪਟਿਆਲਾ ਵਿਖੇ ਜੀਵਨ ਸ਼ਰਮਾ ਨਾਲ ਹੋਇਆ ਹੈ। ਛੋਟੀ ਬੇਟੀ ਭਾਵਨਾ ਅਤੇ ਬੇਟਾ ਤੁਸ਼ਾਰ ਪੜ੍ਹ ਰਹੇ ਹਨ।ਸ਼੍ਰੀ ਕਮਲ ਸ਼ਰਮਾ 31 ਅਗਸਤ 2021 ਨੂੰ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਚੁੱਕੇ ਹਨ। 'ਦਾਣਾ ਪਾਣੀ ਖਿਚ ਲਿਆਉਂਦਾ, ਕੌਣ ਕਿਸੇ ਦਾ ਖਾਂਦਾ ਏ' ਗੀਤ ਦੇ ਬੋਲ ਉਨ੍ਹਾਂ ਦੀ ਜ਼ਿੰਦਗੀ ਦੇ ਸਫਰ ਨਾਲ ਮੇਲ ਖਾਂਦੇ ਹਨ। ਉਨ੍ਹਾਂ ਨੇ ਸਰਵਿਸ 'ਚ ਆਉਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਹਰਿਆਣੇ ਦੇ ਇੱਕੋ ਸਕੂਲ ਸ.ਮਿ.ਸ. ਪੂਰਨਮਾਜਰਾ (ਫਤਿਆਬਾਦ) ਵਿੱਚ 16 ਸਾਲ 11 ਮਹੀਨੇ 20 ਦਿਨ ਇਮਾਨਦਾਰੀ ਨਾਲ ਬੇਦਾਗ ਸਰਵਿਸ ਕੀਤੀ ਹੈ ਜੋ ਉਨ੍ਹਾਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਗੁਆਂਢੀ ਰਾਜ 'ਚ ਨੋਕਰੀ ਕਰੇਗਾ। ਉਹ ਆਪਣੇ ਪਰਿਵਾਰ ਨਾਲ ਹੁਣ ਪਾਤੜਾਂ (ਪਟਿਆਲਾ) ਵਿਖੇ ਰਹਿ ਰਹੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।



ਮੇਜਰ ਸਿੰਘ ਨਾਭਾ
91-94635-53962

# ਪ੍ਰਸਿੱਧ ਗੀਤਕਾਰ ਮੰਗਲ ਹਠੂਰ ਦੀ ਨਿਊਯਾਰਕ ਵਿੱਚ "ਟਿਕਾਣਾ ਕੋਈ ਨਾ" ਕਿਤਾਬ ਰਿਲੀਜ਼



**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)**-ਅੱਜ ਨਿਊਯਾਰਕ ਅਮਰੀਕਾ ਵਿੱਚ ਪ੍ਰਸਿੱਧ ਗੀਤਕਾਰ ਦੇ ਨਾਵਲਕਾਰ ਮੰਗਲ ਹਠੂਰ ਦੀ 16 ਵੀਂ ਕਿਤਾਬ "ਟਿਕਾਣਾ ਕੋਈ ਨਾ" ਰਿਲੀਜ਼ ਕੀਤੀ ਗਈ। ਕਿਤਾਬ ਰਿਲੀਜ਼ ਤੋਂ ਬਾਅਦ ਦੇਰ ਤੱਕ ਸ਼ਇਰੋ ਸ਼ਾਇਰੀ ਦੀ ਮਹਿਫ਼ਲ ਚੱਲੀ। ਪ੍ਰੋਗਰਾਮ ਵਿੱਚ ਪ੍ਰੀਤਪਾਲ ਬਿੰਦਰਾ ਜੀ, ਭਗਵਾਨ ਦਾਸ ਗੁਪਤਾ ਜੀ, ਜੌਨੀ ਬੈਂਕਾਕ, ਸੁਖਦੇਵ ਸਿੰਘ ਗਰੇਵਾਲ ਸਾਨਫਰਾਂਸਿਸਕੋ, ਬਿਕਰਮਜੀਤ ਸਿੰਘ ਬ੍ਰਿਸਬੇਨ, ਬੰਟੀ ਜੀ ਮੈਲਬਰਨ , ਰਵੀ ਜੀ ਸਾਨਫਰਾਂਸਿਸਕੋ ਅਤੇ ਨਿਊਯਾਰਕ ਦੀਆਂ ਬਹੁਤ ਸਾਰੀਆਂ ਹਸਤੀਆਂ ਪਰਿਵਾਰਾਂ ਸਮੇਤ ਹਾਜ਼ਰ ਸਨ। ਅੰਤ ਵਿੱਚ ਮੇਜ਼ਬਾਨ ਮਹਿਮਾਨ ਮੰਗਲ ਹਠੂਰ ਨੇ ਆਈਆਂ ਸਭ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ ਤੇ 16ਵੀਂ ਕਿਤਾਬ "ਟਿਕਾਣਾ ਕੋਈ ਨਾ" ਨੂੰ ਰਿਲੀਜ਼ ਕਰਨ ਲਈ ਤਹਿ ਦਿਲ ਤੋਂ ਧੰਨਵਾਦ ਕੀਤਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕਿੱਕ-ਬਾਕਸਿੰਗ ਦੀ ਨੈਸ਼ਨਲ ਖਿਡਾਰੀ ਮੁਸਕਾਨ ਨੇ ਗੋਆ ਵਿੱਚ ਜਿੱਤਿਆ ਗੋਲਡ ਮੈਡਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਵਾਕੋ ਇੰਡੀਆ ਸੀਨੀਅਰ ਅਤੇ ਮਾਸਟਰਸ ਨੈਸ਼ਨਲ ਕਿੱਕ-ਬਾਕਿਸੰਗ ਚੈਂਪੀਅਨ 2024 ਮਾਪੂਸਾ ਗੋਆ 24 ਜੁਲਾਈ ਤੋਂ 28 ਜੁਲਾਈ ਤੱਕ ਹੋਈਆਂ ਖੇਡਾਂ ਵਿੱਚ ਸਾਡੀ ਧੀ ਨੇ ਫਿਰ ਇਲਾਕੇ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਇਹ ਵਿਚਾਰ ਪ੍ਰਗਟ ਕਰਦਿਆਂ ਕਿੱਕ-ਬਾਕਸਿੰਗ ਦੀ ਨੈਸ਼ਨਲ ਖਿਡਾਰਨ ਤੇ ਬੰਗਾ ਇਲਾਕੇ ਦੇ ਨਾਮਵਰ ਪੱਤਰਕਾਰ ਤੇ ਪਿੰਡ ਸੱਲ ਕਲਾਂ ਦੇ ਨੰਬਰਦਾਰ ਡਾਕਟਰ ਚਰਨਜੀਤ ਸੱਲ੍ਹਾਂ ਦੀ ਬੇਟੀ ਮੁਸਕਾਨ ਅੱਜ ਜਦੋਂ ਗੋਆ ਤੋਂ ਆਖਰੀ ਖੇਡ ਵਿਚ ਜਿੱਤ ਕੇ ਪਿੰਡ ਪਹੁੰਚੀ ਤਾਂ ਨਗਰ ਨਿਵਾਸੀਆਂ, ਵੱਖ ਵੱਖ ਧਾਰਮਿਕ ਆਗੂਆਂ, ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਜਥੇਬੰਦੀਆਂ ਦੇ ਆਗੂਆਂ ਵਲੋਂ ਸਵਾਗਤ ਕੀਤਾ ਗਿਆ। ਉਹਨਾਂ ਦੱਸਿਆ ਕਿ ਨੈਸ਼ਨਲ ਪੱਧਰ ਤੇ ਕਿੱਕ-ਬਾਕਸਿੰਗ ਵਿੱਚ ਨਾਮ ਕਮਾ ਚੁੱਕੀ ਖਿਡਾਰਨ ਮੁਸਕਾਨ ਨੇ ਮਹਾਂਰਾਸ਼ਟਰ, ਉੱਤਰ ਪ੍ਰਦੇਸ਼, ਕਰਨਾਟਕ, ਹਰਿਆਣਾ, ਸਿੱਕਮ ਸਮੇਤ ਹੋਰ ਸੂਬਿਆਂ ਦੀਆਂ ਖਿਡਾਰਨਾਂ ਨਾਲ ਮੈਦਾਨ ਵਿੱਚ ਦੋ-ਦੋ ਹੱਥ ਕਰਕੇ ਖੂਬ ਵਾਹ-ਵਾਹ ਖੱਟੀ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਇਹਨਾਂ ਖੇਡਾਂ ਵਿੱਚ ਮੁਸਕਾਨ ਨੇ ਆਪਣੀ ਵਧੀਆ ਖੇਡ ਤੇ ਕਾਬਲੀਅਤ ਨਾਲ ਸੋਨੇ ਦੇ ਮੈਡਲ ਤੇ ਕਬਜਾ ਕਰਕੇ ਆਪਣੀ ਲੈਅ ਨੂੰ ਬਰਕਰਾਰ ਰੱਖਿਆ। ਇਸ ਮੌਕੇ ਮੁਸਕਾਨ ਦੇ ਕੋਚ ਮਨਜੀਤ ਸਿੰਘ ਲੌਂਗੀਆ ਨੇ ਦੱਸਿਆ ਕਿ ਮੇਰੀ ਟੀਮ ਦਾ ਹਿੱਸਾ ਬਣੀ ਮੁਸਕਾਨ ਤੇ ਮੈਨੂੰ ਬਹੁਤ ਹੀ ਆਸਾਂ







ਤੇ ਉਮੀਦਾਂ ਹਨ, ਇਹ ਧੀ ਇਕ ਦਿਨ ਅਸਮਾਨ ਦੀਆਂ ਬੁਲੰਦੀਆਂ ਜਰੂਰ ਜਿੱਤ ਲਵੇਗੀ। ਇਸ ਵਿੱਚ ਹੁਨਰ ਤੇ ਮਿਹਨਤ ਦੀ ਕੋਈ ਕਮੀ ਨਹੀਂ ਹੈ। ਬੱਸ ਪਰਿਵਾਰ ਦਾ ਗਰੀਬ ਹੋਣਾ ਕਈ ਵਾਰ ਤਕਲੀਫ ਜਰੂਰ ਪਹੁੰਚਾ ਦਿੰਦਾ ਹੈ, ਜਦੋਂ ਕਿ ਸਰਕਾਰ ਦੀ ਤਰਫੋਂ ਵੀ ਕੋਈ ਮੱਦਦ ਨਾ ਮਿਲਣਾ ਵੀ ਸਾਡੀ ਰੂਹ ਨੂੰ ਬਹੁਤ ਝੰਜੋੜਦਾ ਹੈ। ਪਰ ਫਿਰ ਵੀ ਇਲਾਕੇ ਦੇ ਐਨ ਆਰ ਆਈ ਤੇ ਹੋਰ ਬੇਸ਼ੁਮਾਰ ਲੋਕਾਂ ਦੇ ਪਿਆਰ ਦਾ ਮੁੱਲ ਇਹ ਧੀ ਮੈਡਲ ਜਿੱਤ ਕੇ ਜਰੂਰ ਮੋੜ ਰਹੀ ਹੈ। ਸਰਕਾਰ ਨੂੰ ਵੀ ਇਸ ਬੱਚੀ ਦੀ ਹੌਂਸਲਾ ਅਫਜਾਈ ਕਰਦਿਆਂ ਮਾਲੀ ਮੱਦਦ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਕੋਚ ਨੇ ਦੱਸਿਆ ਕਿ ਮੁਸਕਾਨ ਨੇ ਮਹਾਂਰਾਸ਼ਟਰ ਤੇ ਉੱਤਰ ਪ੍ਰਦੇਸ਼ ਦੇ ਖਿਡਾਰੀਆਂ ਨੂੰ ਕਿੱਕ-ਬਾਕਸਿੰਗ ਤੇ ਆਪਣੀ ਮਜਬੂਤ ਪਕੜ ਨਾੜ ਮੂਧੇ ਮੂੰਹ ਪਟਕਾ ਮਾਰਿਆ ਤੇ ਤਕੜੀ ਜਿੱਤ ਦਰਜ ਕਰਵਾਈ। ਇਸ ਮੌਕੇ ਮੁਸਕਾਨ ਦਾ ਸਵਾਗਤ ਤੇ ਵਧਾਈ ਦੇਣ ਪਹੁੰਚੇ ਪਿੰਡ ਦੇ ਸਰਪੰਚ ਸੁਖਦੀਪ ਸਿੰਘ ਖਾਲਸਾ ਤੇ ਹੋਰ ਪਤਵੰਤਿਆਂ ਨੇ ਵੀ ਦੱਸਿਆ ਕਿ ਇਸ ਹੋਣਹਾਰ ਬੱਚੀ ਨੇ ਸਾਡੇ ਪਿੰਡ ਦਾ ਨਾਮ ਚਮਕਾਇਆ ਹੈ। ਸਾਨੂੰ ਇਸ ਤੋਂ ਹੋਰ ਵੀ ਬਹੁਤ ਉਮੀਦਾਂ ਹਨ। ਸਾਡੀ ਸਰਕਾਰ ਨੂੰ ਵੀ ਬੇਨਤੀ ਹੈ ਕਿ ਇਸ ਬੱਚੀ ਦੀ ਬਾਂਹ ਜਰੂਰ ਫੜੀ ਜਾਵੇ, ਤਾਂ ਜੋ ਇਹ ਬੱਚੀ ਹੋਰ ਮੰਜਿਲਾਂ ਤਹਿ ਕਰ ਸਕੇ। ਇਸ ਮੌਕੇ ਵਧਾਈ ਦੇਣ ਵਾਲਿਆਂ ਵਿੱਚ ਸਰਪੰਚ ਸੁਖਦੀਪ ਸਿੰਘ ਖਾਲਸਾ, ਪਰਮਿੰਦਰ ਸਿੰਘ ਨੰਬਰਦਾਰ, ਸੁਰਜੀਤ ਕੁਮਾਰ ਵਾਲੀਆਂ, ਕੁਲਦੀਪ ਸਿੰਘ ਵਾਲੀਆ, ਜਸਵੀਰ ਸਿੰਘ, ਸਤਨਾਮ ਸਿੰਘ ਵਾਲੀਆ, ਰਾਜਵਿੰਦਰ ਕੌਰ ਪੰਚ, ਗੁਰਮੀਤ ਕੌਰ, ਅਵਤਾਰ ਭੱਟੀ, ਜਸਪ੍ਰੀਤ ਭੱਟੀ, ਰਾਹੁਲ ਬੰਗਾ, ਅੰਕੁਸ਼ ਭੱਟੀ, ਸੋਮ ਨਾਥ ਭੱਟੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਪੁਸਤਕ ਸਮੀਖਿਆ

### ਪੁਸਤਕ ਦਾ ਵੇਰਵਾ
### ਨੁਕਤਾ ਦੇ ਸਫ਼ਰਾਂ ਪਰ ਫਰੋਲਦੇ ਨਿਬੰਧਾਂ ਦੀ ਪੁਸਤਕ 'ਸਫ਼ਰ ਦਰ ਸਫ਼ਰ'

ਡਾ. ਅਕਬਰ ਸਿੰਘ ਭੱਲਾ ਇੱਕ ਪ੍ਰਯੁਧ ਨਿਬੰਧਕਾਰ। ਪ੍ਰਮੁੱਖ ਨਿਬੰਧਾਂ ਦੀ ਸਿਰਜਣਾ ਕਰਕੇ ਪੰਜਾਬੀ ਸਾਹਿਤ ਜਗਤ ਨੂੰ ਪਛਾਣਦਾ ਹੈ। ਸਾਲ 2024 ਵਿੱਚ ਦਾ ਦੂਸਰਾ ਨਿਬੰਧ ਸੰਗ੍ਰਹਿ 'ਸਫਰ ਦਰ ਸਫ਼ਰ' 65 ਨਿਵੇਕਲੇ, ਦਿਲ ਟੁੰਬਵੇਂ ਅਜੋਕੀ ਜੀਵਨੀ ਅਤੇ ਸੁਖੀ ਨਾਲ ਢੱਕ ਬੰਨ੍ਹਾਂ ਦਾ ਗੁਲਦਸਤਾਨ ਹੈ, ਜਿੰਨ੍ਹਾਂ ਵਿੱਚ ਕਈ ਸਫ਼ਰਾਂ ਦੀਆਂ ਕਈ ਪਰ ਖੁਸ਼ਬੋ ਸਹੇਲੀਆਂ ਹੋਈਆਂ ਹਨ। ਡਾ। ਅਣਜਾਣ ਸਿੰਘ ਬਹੁਤ ਦਾਨਿਸ਼ਵਰ ਯਾਦਾਂ ਵਿੱਚ ਭੁੱਲ ਦੇ ਅਤੇ ਘੜੇ ਰਹੱਸਾਂ, ਗੁੰਡਾਂਦਾਰ ਪਹੇਲੀਆਂ, ਗੁੰਡੇ ਸੁਲਝੀਆਂ ਤੰਦਾਂ ਨੂੰ ਦਰਬਾਨ ਖੋਲਦੇ ਸੁਣੇ ਜਾਂਦੇ ਹਨ। ਲੀ ਦੀ ਰਵਾਨਗੀ, ਢੁਕਵੀਂ ਭਾਸ਼ਾ ਚੋਣ ਅਤੇ ਸ਼ਾਇਰਾਂ, ਫਿਫਰਲ ਗੁਰੂਆਂ, ਅਧਿਆਤਮਿਕ ਸ਼ਸੀਅਤਾਂ ਤੇ ਬੁਧੀਜੀਵ ਦੇ ਕਥਨ, ਸ਼ੇਅਰਾਂ ਤੇ ਤੁਕਾਂ ਨੂੰ ਨਿਬੰਧਾਂ ਦੇ ਸਿਰਲੇਖ ਬਣਾਉਣ ਲਈ ਸਿਰਲੇਖ ਬਣਾਉਣ, ਚੋਣ, ਸੰਤੁਲਿਤ ਅਤੇ ਸਕਾਰਾਤਮਕ ਵਿਵਹਾਰ ਦਾ ਪ੍ਰਚਨਨ ਪਾਠਕ ਸਰਸ਼ਾਰ ਕਰਨਾ। ਹੈ। ਡਾ। ਇਕ ਸਿੰਘ ਆਪਣੇ ਗਿਆਨ ਖਜ਼ਾਨ ਬਰਾਂਡ, ਦੀਪ ਦੇ ਅਮਲੇ ਲਿਖਾਰੀ ਅਤੇ ਡੂੰਘੇ ਤਬਕਿਆਂ ਨੂੰ ਇਕ ਵਾਰ ਵਿਚ ਪਰੋ ਕੇ ਪਾਠਕਾਂ ਦੇ ਸਾਹਮਣੇ ਪੇਸ਼ ਕਰਦੇ ਹਨ ਕਿ ਨਿਬੰਧ ਇਕ-ਇਕ-ਇਕ-ਇਕ-ਵਾਕ,-ਇਕਰਾਕ ਕੁਠਾਲੀ ਤਬਕੇ। ਨਿਖਰੇ ਦਾ ਜਵਾਬ ਪ੍ਰਤੀਤ ਹੁੰਦਾ ਹੈ। ਭੇਦ ਨਿਬੰਧਾਂ ਵਿੱਚ ਉਸਦੇ ਸਫ਼ਰ ਪ੍ਰਭਾਸ਼ਿਤ ਰੂਪ ਵਿੱਚ ਹੀ ਕੋਈ ਇੱਕ ਨਾਲ, ਇੱਕ ਰੋਸ਼ਨੀ ਪਰਤਪਾਲ ਮਰਹਲਾ, ਇੱਕ ਰਲ-ਰਹੱਸ ਲੀਲਾ, ਆਪਣੇ ਆਪ ਨੂੰ ਆਪਣੇ ਕਲਮ ਦੀ ਸ਼ਕਤੀ ਨਾ ਪਾਈ। ਇਹ ਰੋਸ਼ਨੀ ਪਾਠਕਾਂ ਦੇ ਵੀ ਉੱਚੇ ਖੰਭਾਂ ਨੂੰ ਰੋਸ਼ਨ ਕਰਨ ਵਿੱਚ ਮਨ ਹੀ ਹੁੰਦਾ ਹੈ। ਛੁਪ ਦੇ ਘੁੱਪ ਹਨੇਰੇ, ਕੰਡਿਆਲੇ, ਅੰਗਿਆਰ ਭਰੇ, ਉਡੜ - ਖਾਬੜ ਰਸਾਇਣ ਉੱਤੇ ਰਾਹ ਦਸੇਰੇ ਦਾ ਕੰਮ ਦੱਸਦਾ ਹੈ। ਨਿਬੰਧ ਮਹਿਜ਼ ਨਿਬੰਧ ਨਾ ਹੋਕੇ ਦੇ ਮੁਸੱਲਸਲ ਸਫ਼ਰ ਦੀ ਅੰਤਰੀਵ ਖ਼ਾਜ਼ ਹਨ। ਇਹ ਖਜ਼ਾਨਾ ਹੀ ਉਹ ਪ੍ਰੀਕ੍ਰਿਆ ਹੈ, ਸਾਡੇ ਗੁਰੂ ਸਾਹਿਬਾਨ, ਪੀਰ-ਪੈਗ ਬਰਬਰ, ਫਿਕਸਫਰਦੇ ਨੇ ਤੇ ਕੁਲ ਨੂੰ ਪਹੁੰਚਾਉਣ ਲਈ ਆਪਣੇ ਕਾਰਨਾਂ ਤੋਂ ਬਹੁਤ ਦੂਰ ਹੀ ਮੋਤੀ ਦਾ ਛੱਟਾ ਲਿਆ ਜਾਂਦਾ ਹੈ। ਡਾ. ਹਨੇਰ ਵੀ ਰਾਹਾਂ ਦੇ ਪਾਂਧੀ ਜਾਪਦੇ ਹਨ।




'ਸਫ਼ਰ ਦਰ ਸਫ਼ਰ' ਦਾ ਪਾਠ ਪੜ੍ਹਨਾ ਮਨ ਨੂੰ ਕਈ ਵਾਰਾਂ ਦੇ ਜਵਾਬ ਆਪ ਮੁਹਾਰੇ ਮਿਲ ਜਾਂਦੇ ਹਨ। ਸੂਚਨਾ ਸਫ਼ਰ ਦਾ ਸਬੱਬ ਕੀ ਹੈ? ਵਿਕਾਰ ਕੀ ਹਨ ਵਿਕਾਰ ਦਾ ਗੁਲਾਮ ਪਦਾਰਥ ਅਤੇ ਵਿਰੋਧੀ ਹੈ? ਸੋਚਾਂ ਅਤੇ ਵਿਚਾਰਾਂ ਦੇ ਵਿਚਾਰਾਂ ਨੂੰ ਮੰਨਣ ਵਾਲੇ ਲੋਕਾਂ ਦਾ ਹਰਮਨ ਕੀ ਹੈ? ਨੀਯਤ ਨੂੰਰਾਦ ਦਾ ਅਰਥ 'ਤੇ ਅੰਤਰ ਦਾ ਅੰਤਰ ਮੂਲ ਕੀ ਹੈ? ਸਵੈਬ ਦੀ ਦਲਦਲ ਵਿਚ ਧਸਦਾ ਜਾ ਰਿਹਾ ਹੈ? ਕ੍ਰੋਧ, ਤਕਰਾਰ ਤੇ ਉਸ ਤੋਂ ਉਪਜੇ ਪਛਤਾਵੇ ਨੂੰ ਸਪਸ਼ਟੀਕਰਨ ਪਾਈ ਜਾ ਸਕਦੀ ਹੈ? ਦੇ ਤਲਖ਼ ਹਕੀਕਤਾਂ, ਦੀਆਂ ਕੌਲੀਆਂ ਯਾਦਾਂ ਤੋਂ ਬਾਹਰ ਨਿਕਲਣਾ ਹੈ? ਬਦਲਾਵ ਦਾ ਚਲਾਕ, ਦਸ਼ਾ ਤੇ ਅਨੁਭਵ ਨੂੰ ਪਛਾਣ ਕੇ ਬਦਲਾਵ ਦਾ ਨਿਰਮਾਣ ਕੀਤਾ ਜਾ ਸਕਦਾ ਹੈ? ਕੀ ਜ਼ਲਾਲਤ ਦਾ ਇੰਤਕਾਮ ਸੁਧਾਰਾਤਮਕ ਹੈ? ਰਿਸ਼ਿਊਜ਼ ਦੇ ਸੰਸਾਰ ਦੀ ਹਕੀਕਤ ਕੀ ਹੈ? ਗਰੂਰ ਦੀ ਨਦੀ ਕੀ ਧੌਣ ਦਾ ਹੈ? ਤਣਾਅ ਹਸਤੀ ਦਾ ਕਸ਼ਿਸ਼, ਰਾਖਸ਼ ਖੋਜਾਂ ਦੀ ਖੋਜ ਅਤੇ ਖੋਜ ਖੋਜ ਨੂੰ ਹੱਲ ਕਰਨ ਲਈ? ਚੋਣ ਦੀ ਮੰਝਧਾਰ ਤੋਂ ਸਾਹਿਲ ਤੱਕ ਅਪੜੀਏ? ਕਦੇ ਨਾ ਪੂਰਾ ਹੋਣ ਵਾਲਾ ਅਧੂਰਾਪਨ ਅਤੇ ਸ਼ਖ਼ਸੀਅਤ ਵਿੱਚ ਜ਼ਰਦਾ ਮਹਤਵ। ਇਕ ਪੁੰਦੀ ਪੁਜ ਕੇ ਅੱਲੜਤਾ ਹੰਢ ਅਟਕਣਾ। ਸਮਝਦਾਰੀ ਹੀ ਭਾਵਨਾ ਨਿਬੇੜਾ ਕਰਨਾ? ਪਲਕਾਂ ਦਾ ਆਤਮਕ ਦ੍ਰਿੜਤਾ ਪ੍ਰਬੰਧ ਵਿਵਸਥਾ ਕਾਇਮ ਹੈ? ਕਰਮ ਕੇ ਕਿਸਮ ਨੂੰ ਝੂਰਦਾ ਹੈ ਤੁਹਾਡੇ ਮਨਾਂ ਵਿੱਚ ਬਦਲਾਭਾਸ ਦਾ ਹੋਣਾ। ਝੂਠੇ ਦਾਅਵਿਆਂ ਦੇ ਚਰਚਿਤ ਝੂਠੇ ਇਬਰਤ ਦਾ ਕਾਇਮ, ਦੂਸਰਿਆਂ ਦੇ ਹਾਵੀ ਹਾਉਕੇ ਦਾ ਬੇਸਬਰਾਪਨ ਆਦਿਕ ਅਜੋਕੇ ਲੋਕਾਂ ਦੇ ਸਮਰਥਕ ਢੁਕਵੇਂ ਅਤੇ ਵਿਚਾਰਧਾਰਕ ਹਨ। ਸਾਰੇ ਨਿਬੰਧਾਂ ਦੇ ਅੰਦਰ ਝਾਤ ਮਾਰ ਕੇ ਆਪਣੀ ਮਜ਼ਬੂਤੀ ਨੂੰ ਪਛਾਣਿਆ ਜਾਂਦਾ ਹੈ ਅਤੇ ਨਿਜ਼ਾਤ ਕਰਨ ਦਾ ਵਿਵਹਾਰ ਹੀ ਗਿਆਨ ਹੁੰਦਾ ਹੈ। ਇੱਕ ਰਚਨਾ ਲਈ ਸਬਰ ਸੰਤੋਖ ਨਾਲ ਰੱਬ ਦੀ ਰਜ਼ਾ ਵਿੱਚ ਰਹਿ ਕੇ ਸਹਿਜ, ਸਰਲ ਤੇ ਸਿਦਕ ਉਤਪਾਦਕ ਜੀਵਨ ਜਿਉਣ ਲਈ ਅੱਗੇ ਵਧਦਾ ਹੈ। ਇੰਨਾ ਨਿਬੰਧਾਂ ਵਿਚ ਦਾ ਆਰਜਿਤ ਤਾਂ ਝਲਕਦਾ ਹੀ ਹੈ ਉਸ ਲਈ ਸਾਰੇ ਦਾ ਨਿਜੀ ਜੰਗ ਵੀ ਬਹੁਤ ਮਸਲਿਆ ਨੂੰ ਸੁਲਝਾਉਣ ਦਾ ਆਧਾਰ ਹੈ। ਅਲਾਮਤ ਨਿਬੰਧਕ ਪਾਠਕ ਸਾਕਾਰਾ ਨਿਕਟਿਯਾ ਰੱਖਾਂ, ਉਸ ਦੀ ਸੋਚ, ਆਸ਼ਾਵਾਦੀ ਵਿਚਾਰਧਾਰਾ ਨੂੰ ਪ੍ਰਗਟ ਕਰਨ ਲਈ ਪ੍ਰੇਰਣਾ। ਜੀਵਨ ਜਾਚ ਦੇ ਮੂਲੇ ਨਿਸ਼ਾਨ ਨੂੰ ਵੀ ਉਜਾਗਰ ਕਰਨ ਦਾ ਅਭਿਆਸ ਕਰਨਾ।

ਡਾ. ਵਿਅਕਤੀਗਤ ਸਿੰਘ ਦੀ ਭਾਸ਼ਾ ਉਤਮ ਨਿਬੰਧਾਂ ਦੇ ਅਨਕੂਲ ਹਨ। ਸੂਚਨਾ ਅਤੇ ਇਸ ਦੇ ਹੜ੍ਹ ਦੇ ਵਿਕਾਸ ਜੇਈ ਕੋਸ਼ਲ ਜਾਣਕਾਰੀ ਪੈਦਾ ਕਰਦੇ ਹਨ ਰੋਚਕਤਾ ਹੋਵੇਗੀ ਕਈ ਵਾਰ ਬੋਰੀਅਤਾਂ ਦੀਆਂ ਸਥਿਤੀਆਂ ਨਿਯੰਤਰਣ ਸਥਾਨਾਂ ਦੇ ਨਿਯੰਤਰਣ ਲੱਗਦੇ ਹਨ, ਘਟਨਾ ਵਾਪਰਦੀ ਹੈ। ਜੀਵਨਰ ਸਿੰਘ ਇਸਤੋਂ ਸੁਚੇਤ ਹਨ। ਇਸ ਲਈ ਉਹ ਭਾਸ਼ਾਵਾਂ ਵਿੱਚ ਉਰਦੂ ਫ਼ਾਰਸੀ, ਹਿੰਦੀ ਭਾਸ਼ਾ, ਅਤੇ ਪੰਜਾਬੀ ਦੇ ਭਾਸ਼ਾ ਦੀ ਵਰਤੋਂ ਕਰਕੇ ਵੰਨਸੁਵੰਨਤਾ ਪੈਦਾ ਕਰਦੇ ਹਨ। ਮਕਬੂਲ ਸ਼ਿਅਰਾਂ ਤੇ ਕਾਵਿ ਟੋਟੀਆਂ ਦੀ ਵਰਤੋਂ ਨਿਬੰਧਾਂ ਨੂੰ ਰਵਾਨੀ ਨਾਲ ਕਾਵਿਕਤਾ ਪ੍ਰਦਾਨ ਕਰਦੇ ਹਨ। ਨਿਬੰਧ ਨੂੰ ਡੂੰਘੇ ਅਰਥ ਰੱਖਦਾ ਹੈ। ਨਿਬੰਧਾਂ ਦੀ ਇਕ ਖੂਬੀ ਵੀ ਇਹ ਪੁਸਤਕ ਹੈ ਜਿਸ ਦੇ ਹੇਠਾਂ ਨਿਬੰਧਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਕਿਸੇ ਨੇ ਕੁੱਜੇ ਵਿਚ ਸਮੁੰਦਰ ਨੂੰ ਭਰਨ ਦਾ ਕੰਮ ਕੀਤਾ ਹੈ। ਇਸ ਲਈ ਨਿਬੰਧਾਂ ਦਾ ਪ੍ਰਭਾਵ ਅਤੇ ਪ੍ਰਚੰਡ ਪ੍ਰਚੰਡ ਹੈ। ਕਿਧਰੇ ਵੀ ਮੇਰੇ ਮਨਾਂ, ਭਾਵਨਾਵਾਂ ਨੂੰ ਜਾਂ ਪਰਾਂ ਦਾ ਪੇਤਲਾ ਨਿਸ਼ਾਨ ਨਹੀਂ ਸਮਝਦਾ। ਡਾ ਨੇ ਵਾਕਾਂ ਨੂੰ ਡੂੰਘੇ ਅਰਥ ਦੇਕੇ ਨਿੰਦਕ ਨੂੰ ਸੁਧਾਰਿਆ ਗਿਆ ਹੈ। ਇਸ ਨੂੰ ਸਮਝਣਾ ਚਾਹੀਦਾ ਹੈ ਕਿ ਨਿਬੰਧਕ ਹੀ ਆਮ ਸਧਾਰਨ ਪਾਠਕਾਂ ਅਤੇ ਸਾਹਿਤ ਦੇ ਗੰਭੀਰ ਸੂਝਵਾਨ ਪਾਠ ਦੀ ਸਾਹਿਤਕ ਖੋਜ ਨੂੰ ਸਮਝਦੇ ਹਨ।

ਡਾ. ਮਨਰ ਸਿੰਘ ਫਲਾ ਦੇ ਮਨ "ਸੱਤਿਅਮ ਸ਼ਿਵਮ ਸੁੰਦਰਮ" ਸੁਪਨ ਸੰਸਾਰ ਵਸਦਾ ਹੈ। ਜਿਸ ਦਾ ਕਲਪਨਾ ਫ਼ਰਕ ਮਹੱਤਵਪੂਰਨ ਨੇਨਾ ਸਾਹਿਬਾਂ ਦੀ ਪਵਿੱਤਰ ਬਾਣੀ ਦਾ ਰਾਮ ਕਰਨਾ ਅਤੇ ਵਿਸ਼ਵ ਭਰ ਦੀਆਂ ਤਮਪਿ ਫ਼ਰਕਾਂ ਤੇ ਬੁਜੀਵੀਆਂ ਪੁਸਤਕਾਂ ਪੜ੍ਹ ਕੇ, ਵਿਚਾਰਾਂ ਨੂੰ ਸਮਝਣਾ, ਸਮਝਣਾ ਅਤੇ ਪਛਾਣਨਾ ਹੈ। ਉਹ "ਜ਼ਿੰਦਗੀ ਦੇ ਵਿਚਾਰ ਨਹੀਂ" ਦੀ ਤਰਜ਼ ਨੂੰ ਪਸੰਦ ਕਰਦੇ ਹਨ।

ਜਿਸ ਵਿੱਚ ਆਪਣੇ ਆਪ ਦਾ ਸਮਾਜ ਦਾ ਵੀ ਭਲਾ ਹੁੰਦਾ ਹੈ। ਜੋ, ਜੈ ਹੈ, ਉਸ ਨੂੰ ਹੀ ਸਜਾ ਸੰਵਾਰ ਕੇ ਮਾਣਨ ਅਤੇ ਪ੍ਰਚਾਰਨ ਦੀ ਜੀਵਨੀ ਤੇ ਜਿਉਣ ਦੀ ਕਲਾਸਾ ਸਿਖਰ ਪੁਸਤਕ 'ਸਫ਼ਰ ਦਰ ਸਫ਼ਰ' ਇਕ ਸ਼ਾਹਕਾਰ ਕਿਰਤ ਹੈ। ਜਿਸ ਲਈ ਡਾ. ਜਵਾਨਰ ਸਿੰਘ ਢੇਰ ਪ੍ਰਧਾਨ ਮੇਰੇ ਸੁੰਦਰ ਸਰਵਰਕ ਅਤੇ ਪ੍ਰਕਾਸ਼ਨ ਇਹ ਪੁਸਤਕ ਪੜ੍ਹਨਾ, ਮਾਨਤਾ ਅਤੇ ਚੋਣ ਪ੍ਰਕਾਸ਼ਨ ਪੁਸਤਕ ਹੈ।

**- ਡਾ. ਰੂਪਪਾਲ ਸਾਹਿਲ**
**91-98761-56964**

# ਕੁਦਰਤ ਧੜਕਦੀ ਹੈ 'ਕੁਦਰਤ ਦੀ ਗੋਦ ਵਿੱਚ'

**ਡਾ. ਧਰਮਪਾਲ ਸਾਹਿਲ**

ਦੁਆਬੇ ਦੀ ਸ਼ਾਨ-ਬਲਜਿੰਦਰ ਮਾਨ ਇੱਕ ਬਹੁਪੱਖੀ ਸ਼ਖਸੀਅਤ ਵਾਲਾ ਬਹੁਵਿਧਾਈ ਲੇਖਕ ਹੈ। ਬੇਸ਼ੱਕ ਉਸਨੇ ਆਪਣੀ ਪਛਾਣ ਇੱਕ ਉੱਘੇ ਬਾਲ ਸਾਹਿਤ ਲੇਖਕ ਅਤੇ ਬਾਲ ਸਾਹਿਤਕ ਪਤ੍ਰਕਾ 'ਨਿੱਕੀਆਂ ਕਰੂੰਬਲਾਂ' ਦੇ ਸੰਪਾਦਕ ਵਜੋਂ ਬਣਾਈ ਹੈ। ਲੇਕਿਨ ਇਸ ਦੇ ਨਾਲ-ਨਾਲ ਉਸਦੇ ਸਸੰਮਰਣ, ਜੀਵਨੀ ਮੂਲਕ ਲੇਖ ਅਤੇ ਸਫ਼ਰਨਾਮਾ ਆਦਿ ਵਿਧਾਵਾਂ ਵਿੱਚ ਵੀ ਬੇਜੋੜ ਕਾਰਜ ਕੀਤਾ ਹੈ। ਬਲਜਿੰਦਰ ਮਾਨ ਦੀ ਹਥਲੀ ਪੁਸਤਕ 'ਕੁਦਰਤ ਦੀ ਗੋਦ ਵਿੱਚ" (ਸੈਰ ਸਫ਼ਰ) ਰਾਹੀਂ ਲੇਖਕ ਨੇ ਸਮੇਂ-ਸਮੇਂ ਤੇ ਕੀਤੀਆਂ ਯਾਤਰਾਵਾਂ ਨੂੰ ਬਹੁਤ ਹੀ ਜਾਣਕਾਰੀ ਭਰਪੂਰ ਬਣਾ ਕੇ ਰੋਚਕ ਜਦੋਂ ਬਲਜਿੰਦਰ ਮਾਨ ਵਰਗਾ ਬਿਰਤਾਂਤ ਕਾਰ ਬੈਜਨਾਥ, ਪਪਰੋਲਾ, ਪਾਲਮਪੁਰ, ਸੋਭਾ ਸਿੰਘ ਦੀ ਆਰਟ ਗੈਲਰੀ, ਰਿਚਰਡ ਨੋਰਾ ਦੇ ਓਪਨ ਏਅਰ ਥਿਏਟਰ, ਪਾਲਮਪੁਰ ਦੇ ਚਾਹ ਦੇ ਬਾਗਾਂ-ਨਿਉਗਲ ਖੱਡ, ਭੁਆਣਾ ਪਿੰਡ ਦੀ ਹਾਈਕਿੰਗ-ਟਰੈਕਿੰਗ, ਨਰਦੇਸ਼ਵਰ ਮੰਦਿਰ, ਗੁਰੂਦਵਾਰਾ ਦਸ਼ਮੇਸ਼ ਨਦੌਨ, ਰਾਸ਼ਟਰਪਤੀ ਭਵਨ ਦੀ ਵਿਸ਼ਾਲਤਾ ਤੇ ਵਿਲੱਖਣਤਾ, ਡਲ ਲੇਕ, ਚੰਬਾ-ਸੋਲਨ, ਦਾਰਜੀਲਿੰਗ ਦੀ ਟੁਆਏ ਟਰੇਨ ਦੇ ਨਜ਼ਾਰੇ, ਮਾਉਂਟ ਆਬੂ, ਚਿਤੌੜਗੜ੍ਹ ਕਿਲ੍ਹਾ, ਪੰਚਮੜ੍ਹੀ, ਹੇਮਕੁੰਟ ਸਾਹਿਬ, ਬਦਰੀ ਨਾਥ, ਪਾਉਂਟਾ ਸਾਹਿਬ, ਲਛਮਣ ਝੂਲਾ, ਸਹਸਤਰਧਾਰਾ (ਗੰਧਕ ਦਾ ਝਰਨਾ), ਸਰਹਿੰਦ, ਨਾਨਕਸਰ, ਬੇਰ ਸਾਹਿਬ, ਬੇਬੇ



ਸ਼ੈਲੀ ਵਿੱਚ ਪੇਸ਼ ਕੀਤਾ ਹੈ। ਸੱਤ ਸਿਰਲੇਖਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਧਰਤੀ ਤੇ, ਕੁਦਰਤ ਦੀ ਗੋਦੀ ਦਾ ਨਿੱਘ, ਬੜੀ ਬਦਲ ਚੁੱਕੀ ਹੈ ਅੰਦਰੇਟੇ ਦੀ ਨੁਹਾਰ, ਦਿੱਲੀ ਦਰਸ਼ਨ, ਜੰਮੂ-ਕਸ਼ਮੀਰ, ਜਿੱਥੇ ਜਾਣ ਨੂੰ ਕਰੇ ਸਭ ਦਾ ਜੀਅ, ਪਾਲਮਪੁਰ ਦੇ ਚਾਹ ਦੇ ਬਾਗਾਂ ਵਿੱਚ, ਉੱਚੇ ਪਰਬਤ ਲੰਮੀਆਂ ਲਾਟਾਂ ਅਤੇ ਪੰਜਾਬ ਦੇ ਕੁਝ ਇਤਿਹਾਸਕ ਸਥਾਨ।

ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਪਾਠਕ ਇੰਜ ਮਹਿਸੂਸ ਕਰਦਾ ਹੈ ਜਿਵੇਂ ਉਹ ਆਪ ਉਸ ਥਾਂ ਤੇ ਵਿਚਰ ਰਿਹਾ ਹੋਵੇ। ਲੇਖਕ ਜਿਵੇਂ ਪਾਠਕ ਦੀ ਉਂਗਲ ਫੜ ਕੇ ਉਸਨੂੰ ਕੁਦਰਤ ਦੀਆਂ ਇਨ੍ਹਾਂ ਮਨੋਹਾਰੀ ਥਾਵਾਂ ਤੇ ਇਕ ਗਾਈਡ ਬਣ ਕੇ ਮੰਜ਼ਰਕਸ਼ੀ ਕਰ ਰਿਹਾ ਹੋਵੇ। ਬੇਸ਼ੱਕ ਅਸੀਂ ਕਿਤਾਬਾਂ 'ਚ ਟੀ.ਵੀ. ਕੰਪਿਊਟਰ ਜਾਂ ਸੋਸ਼ਲ ਮੀਡੀਆ 'ਚ ਦੁਨੀਆ ਭਰ ਦੀਆਂ ਦੁਰਲਭ ਥਾਵਾਂ ਦੇਖ ਲਈਏ, ਉਸ ਬਾਰੇ ਬਿਰਤਾਂਤ ਪੜ੍ਹ ਲਈਏ, ਉਸ ਦੇ ਸੰਬੰਧ 'ਚ ਤਬਸਰਾ ਸੁਣ ਲਈਏ, ਲੇਕਿਨ ਜੋ ਸੂਖ਼ਮਤਾ, ਭਰਿਆ ਗਿਆਨ, ਜਿਹੜਾ ਅੱਖਾਂ ਦੇ ਰੂਬਰੂ ਹੋ ਕੇ ਅਸਲ ਨੂੰ ਨਿਹਾਰਨਾ, ਉਥੋਂ ਤੀਕ ਦੇ ਪਹੁੰਚ ਮਾਰਗ ਬਾਰੇ ਜਾਣਨਾ, ਉਸ ਸਥਾਨ ਦਾ ਜਲਵਾਯੂ, ਇਤਿਹਾਸ, ਭੁਗੋਲ, ਧਾਰਮਿਕ, ਸਾਂਸਕ੍ਰਿਤਕ- ਸਭਿਆਚਾਰ, ਲੋਕਾਂ ਦਾ ਰਹਿਣ-ਸਹਿਣ, ਲੋਕ ਬੋਲੀ, ਮੌਸਮ, ਫ਼ੳਮਪ;ਸਲਾਂ, ਬਨਸਪਤੀ, ਕਾਰ-ਵਿਹਾਰ, ਰਸਮੋ-ਰਿਵਾਜ, ਪਰੰਪਰਾਵਾਂ, ਮਰਿਆਦਾਵਾਂ, ਲੋਕ ਖੇਡਾਂ,ਲੋਕ ਕਥਾਵਾਂ, ਲੋਕ ਨਿਰਤਾਂ, ਲੋਕ ਬੋਲੀਆਂ, ਲੋਕ ਗੀਤਾਂ, ਵਸਤੂ ਕਲਾ ਪਹਿਰਾਵੇ ਗਹਿਣੇ ਆਦਿ ਸੰਬੰਧੀ ਗਿਆਨ ਦੇਖ ਸੁਣਕੇ ਹਾਸਿਲ ਹੁੰਦਾ ਹੈ। ਉਹ ਨਾ ਭੁਲਣਯੋਗ ਹੁੰਦਾ ਹੈ। ਵਿਸ਼ੇਸ਼ ਕਰਕੇ ਵਿਦਿਆਰਥੀ ਅਜਿਹੇ ਸੈਰ ਸਪਾਟੇ ਮਗਰੋਂ ਪੜ੍ਹੋ ਅਤੇ ਅਰਜਿਤ ਗਿਆਨ ਵਿਚਲੇ ਅੰਤਰ ਨੂੰ ਸਮਝਣ ਦੇ ਕਾਬਲ ਹੋ ਜਾਂਦੇ ਹਨ। ਨਾਨਕੀ ਦਾ ਘਰ, ਨੂਰ ਮਹਿਲ ਦੀ ਸਰਾਂ, ਪੀਰ ਲਾਡੀ ਸ਼ਾਹ ਦਰਬਾਰ, ਜਹੂਰਾ ਪੰਡਵਾਂ ਦੀ ਧਰਤੀ ਆਦਿ ਪਹਾੜੀ, ਧਾਰਮਿਕ, ਇਤਿਹਾਸਕ, ਪੁਰਾਤਤਵ ਦੇ ਮਹੱਤਵ ਵਾਲੀਆਂ ਥਾਵਾਂ ਦੀ ਸੈਰ ਕਰਾਉਂਦਾ ਹੈ, ਨਾਲ ਦੀ ਨਾਲ ਉਸ ਥਾਂ ਦੀਆਂ ਤਸਵੀਰਾਂ ਇਸ ਵਰਨਣ ਨੂੰ ਸਜੀਵ ਬਣਾ ਦਿੰਦੀਆਂ ਹਨ। 'ਕੁਦਰਤ ਦੀ ਗੋਦ ਵਿਚ' ਪੜ੍ਹਦਿਆਂ ਪਾਠਕ ਇੱਕੋ ਸਮੇਂ ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ, ਮੱਧ ਪ੍ਰਦੇਸ਼, ਦਿੱਲੀ ਅਤੇ ਪੰਜਾਬ ਵਰਗੇ ਪ੍ਰਸਿੱਧ ਰਾਜਾਂ ਦੀ ਸੈਰ ਕਰ ਲੈਂਦਾ ਹੈ ਅਤੇ ਇਸ ਤੋਤਾ ਚਸ਼ਮੀ ਝਾਤ ਰਾਹੀਂ ਉਹ ਸਕੂਲੀ ਪਾਠਕ੍ਰਮ ਤੋਂ ਵੱਖਰਾ ਤੇ ਵਿਲੱਖਣ ਗਿਆਨ ਹਾਸਿਲ ਕਰ ਲੈਂਦਾ ਹੈ।

ਲੇਖਕ ਦੀ ਭਾਸ਼ਾ ਸਰਲ ਤੇ ਸਫ਼ਰਨਾਮਾ ਲਈ ਢੁਕਵੀਂ ਸ਼ਬਦਾਵਲੀ ਵਾਲੀ ਹੈ। ਸਹਿਜਤਾ ਤੇ ਸਪਸ਼ਟਤਾ, ਆਂਕੜੇ ਤੇ ਤੱਥ ਬਿਰਤਾਂਤ ਦੀ ਪ੍ਰਮਾਣਕਤਾ ਵਿੱਚ ਵਾਧਾ ਕਰਦੇ ਹਨ। ਇਸ ਲਈ ਲੇਖਕ ਵਲੋਂ ਵੱਖਰੀ ਮਿਹਨਤ ਕੀਤੀ ਗਈ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਇੱਕ ਗੱਲ ਜਿਹੜੀ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ ਕਿ ਭਾਰਤ ਵਿੱਚ ਹੀ ਇੰਨਾ ਕੁ ਸੈਰ ਸਪਾਟੇ ਲਈ ਦੇਖਣ-ਸੁਣਨ ਤੇ ਸਮਝਣ ਵਾਲੇ ਸਪਾਟ ਹਨ, ਜਿਨ੍ਹਾਂ ਨੂੰ ਆਦਮੀ ਦਾ ਸਮੂਚਾ ਜੀਵਨ ਵੀ ਥੋੜਾ ਹੈ। ਪੁਸਤਕ ਨੂੰ ਪੜ੍ਹਣ ਉਪਰੰਤ ਪਾਠਕ ਪਹਾੜਾਂ, ਮੈਦਾਨਾਂ, ਰੇਗਿਸਤਾਨ, ਝੀਲਾਂ, ਬਾਗਾਂ, ਝਰਨਿਆਂ, ਖੇਤਾਂ-ਜੰਗਲਾਂ 'ਚੋਂ ਵਿਚਰਦਾ ਹੋਇਆ, ਸੱਚਮੁੱਚ ਆਪਣੇ ਆਪ ਨੂੰ ਨਾਲ ਹੀ ਉਨ੍ਹਾਂ ਥਾਵਾਂ ਤੇ ਘੁੰਮਣ ਦੀ ਜਿਗਿਆਸਾ ਵੀ ਪੈਦਾ ਹੁੰਦੀ ਹੈ।

'ਕੁਦਰਤ ਦੀ ਗੋਦ' ਦਾ ਨਿੱਘ ਮਾਣਦਾ ਮਹਿਸੂਸ ਕਰਦਾ ਹੈ। ਇੱਕ ਇਸ ਸਫ਼ਰਨਾਮੇ ਦੀ ਉਥਲੱਬਧੀ ਵੀ ਕਿਹਾ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਗੁਰੂਘਰ ਪਿਟਸਬਰਗ (ਕੈਲੀਫੋਰਨੀਆ) ਵਿਖੇ ਸਵੈਨ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ














ਤਸਵੀਰਾਂ- 'ਦੇਸ਼ ਦੁਆਬਾ'




**ਪਿਟਸਬਰਗ (ਡੀਡੀਬੀ)–** ਲੰਘੇ ਐਤਵਾਰ 4 ਅਗਸਤ ਨੂੰ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਖੇ ਗੁਰੂਘਰ ਦੇ ਅਨਿਨ ਸੇਵਕ ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਵਜੋਤ ਸਵੈਨ ਵਲੋਂ ਪਰਿਵਾਰ ਦੀ ਚੜ੍ਹਦੀਕਲਾ ਅਤੇ ਵਾਹਿਗੁਰੂ ਦੇ ਸ਼ੁਕਰਾਨਾ ਵਜੋਂ 2 ਅਗਸਤ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 4 ਅਗਸਤ 2024 ਨੂੰ ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੁਰਾਨ ਗੁਰੂਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਨਾਮਵਰ ਰਾਗੀ ਜਥਾ ਭਾਈ ਸਾਹਿਬ ਭਾਈ ਉਂਕਾਰ ਸਿੰਘ ਜੀ ਊਨੇ ਵਾਲੇ ਅਤੇ ਬੀਬੀ ਕਮਲਜੀਤ ਕੌਰ ਭਾਟੀਆ ਨੇ ਗੁਰਬਾਣੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜੋ ਪਹਿਲਾਂ ਵੀ ਕਈ ਵਾਰ ਗੁਰੂ ਘਰ ਪਧਾਰ ਚੁੱਕੇ ਹਨ ਤੇ ਸੰਗਤਾਂ ਵਲੋਂ ਬਹੁਤ ਪਿਆਰ ਸਤਿਕਾਰ ਪਾਇਆ ਹੈ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਨੇ ਸਵੈਨ ਪਰਿਵਾਰ ਦੀ ਚੜ੍ਹਦੀਕਲਾ, ਖੁਸ਼ਹਾਲੀ ਅਤੇ ਪਰਿਵਾਰ ਦੇ ਕਾਰੋਬਾਰ ਵਿਚ ਵਾਧੇ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰਬਾਣੀ ਦਾ ਲਾਹਾ ਲਿਆ। ਗੁਰੂ ਘਰ ਦੇ ਚੇਅਰਮੈਨ ਸ੍ਰੀ ਰਮੇਸ਼ ਸੁੰਮਨ ਅਤੇ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਨੇ ਸੰਗਤਾਂ ਦਾ ਹਾਜ਼ਰੀਆਂ ਭਰਨ ਤੇ ਧੰਨਵਾਦ ਕੀਤਾ ਅਤੇ ਗੁਰੂ ਘਰ ਦੇ ਅਨਿਨ ਸੇਵਕ ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਸਮੂਹ ਸਵੈਨ ਪਰਿਵਾਰ ਦਾ ਧੰਨਵਾਦ ਕੀਤਾ, ਜਿਹਨਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਅਤੇ ਅੱਜ ਦੇ ਦੀਵਾਨਾਂ ਅਤੇ ਲੰਗਰ ਦੀ ਸੇਵਾ ਕੀਤੀ। ਇਸ ਉਪਰੰਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸਵੈਨ ਪਰਿਵਾਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਉਪਰੰਤ ਗੁਰੂ ਕੇ ਕੜਾਹ ਪ੍ਰਸ਼ਾਦ ਅਤੇ ਲੰਗਰ ਅਤੁੱਟ ਵਰਤਾਏ ਗਏ।

# ਸ੍ਰੀ ਗੁਰੂ ਰਵਿਦਾਸ ਗੁਰੂਘਰ ਪਿਟਸਬਰਗ (ਕੈਲੀਫੋਰਨੀਆ) ਵਿਖੇ ਸਵੈਨ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ










ਤਸਵੀਰਾਂ- 'ਦੇਸ਼ ਦੁਆਬਾ'











ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਆ ਰਹੀ ਹੈ



ਦੇਵੀ ਸ਼ਰਮਾ ਅੱਜ ਦੀ ਤਰੀਕ ਵਿੱਚ ਪੰਜਾਬੀ ਫ਼ਿਲਮਾਂ ਦਾ ਸਫ਼ਲ ਨਿਰਦੇਸ਼ਕ ਹੈ ਤੇ ਓਸ ਨੇ ਨਵੀਂ ਫ਼ਿਲਮ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਮਲਟੀ ਸਟਾਰ ਕਾਸਟ ਨਾਲ ਤਿਆਰ ਕਰ ਲਈ ਹੈ। ਫ਼ਿਲਮ ਦੀ ਕਹਾਣੀ ਵਿੱਚ ਖੁਸਬੂ ਭਰੀ ਏ ਖੁਸਬੂ ਸ਼ਰਮਾ ਨੇ ਤੇ ਤਿੰਨ ਸੰਗੀਤਕਾਰਾਂ ਨੇ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਲਈ ਸੰਗੀਤ ਤਿਆਰ ਕੀਤਾ ਹੈ। ਇਹਨਾਂ ਵਿੱਚ ਗੁਰਮੀਤ ਸਿੰਘ ਤੇ ਹਰਿੰਦਰ ਸ਼ਾਮਿਲ ਹਨ। ਲੋਕ ਪ੍ਰਿਅ ਅਦਾਕਾਰਾ ਗੁਗਨੀ ਗਿੱਲ ਇਸ ਫ਼ਿਲਮ ਵਿੱਚ ਨਾਇਕਾ ਬਣ ਆਰੀਆ ਬੱਬਰ ਨਾਲ ਆ ਰਹੀ ਹੈ। ਗੁੱਗਨੀ ਦੀ ਸੁੰਦਰਤਾ ਦੇ ਨਾਲ ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ ਦੇ ਕਿਰਦਾਰ ਵੀ ਫ਼ਿਲਮ ਵਿੱਚ ਅਹਿਮ ਹੈ।ਦੇਵੀ ਸ਼ਰਮਾ ਨੇ ਫ਼ਿਲਮ ਦੀ ਫੋਟੋਗ੍ਰਾਫੀ ਵੀ ਆਪ ਕੀਤੀ ਹੈ। ਗੁਗਨੀ ਗਿੱਲ ਇਸ ਫ਼ਿਲਮ ਨਾਲ ਪਾਲੀਵੁੱਡ ਵਿੱਚ ਫ਼ਿਰ ਸ਼ਾਨਦਾਰ ਕੰਮ ਕਰੇਗੀ ਇਹੀ ਉਮੀਦ ਸਾਰਿਆਂ ਨੂੰ ਹੈ।

## ਨਿਰਮਲ ਰਿਸ਼ੀ ਹੁਣ ਪਦਮ ਸ੍ਰੀ ਹੋ ਗਈ



ਕਿਸਮਤ ਚਮਕਦੀ ਏ ਤਾਂ ਉਮਰ ਨਹੀਂ ਵਿਹੰਦੀ ਤੇ ਜਿਸ ਉਮਰ ਵਿੱਚ ਕਹਿੰਦੇ ਨੇ ਸ਼ੁੱਧ ਬੁੱਧ ਨਹੀਂ ਰਹਿੰਦੀ ਓਸ ਉਮਰ ਵਿੱਚ ਨਿਰਮਲ ਰਿਸ਼ੀ ਪੰਜਾਬੀ ਫ਼ਿਲਮਾਂ ਦੀ ਸਟਾਰ ਚਰਿਤ੍ਰ ਕਲਾਕਾਰ ਹੈ। ਅਹਿਮ ਪ੍ਰਾਪਤੀ ਮੈਡਮ ਰਿਸ਼ੀ ਤੇ ਸਾਰੀ ਪਾਲੀਵੁੱਡ ਲਈ ਕਿ ਨਿਰਮਲ ਰਿਸ਼ੀ ਨੂੰ "ਪਦਮ ਸ਼੍ਰੀ"; ਮਿਲਿਆ ਹੈ। ਇਸ ਸਨਮਾਨ ਨੂੰ ਅਜੇ ਤੱਕ ਪੰਜਾਬੀ ਫ਼ਿਲਮ ਨਗਰੀ ਵਿੱਚ ਕਿਸੇ ਨੇ ਘੱਟ ਹੀ ਦੇਖਿਆ ਸੁਣਿਆ ਹੈ।ਨਿਰਮਲ ਰਿਸ਼ੀ ਨੂੰ "ਪਦਮ ਸ਼੍ਰੀ" ਮਿਲਣ ਤੇ ਦਰਸ਼ਨ ਔਲਖ, ਹੋਬੀ ਧਾਲੀਵਾਲ ਤੇ ਗਿੱਪੀ ਗਰੇਵਾਲ ਨੇ ਮੁਬਾਰਕਾਂ ਦਿੱਤੀਆਂ ਹਨ।

## ਅਮਰੀਕ ਰੰਧਾਵਾ ਨੂੰ ਪਛਤਾਵਾ ਤਾਂ ਹੈ




ਭਈਆ ਬਣ ਦੂਰ-ਦਰਸ਼ਨ ਜਲੰਧਰ ਤੇ ਅਜਿਹਾ ਅਮਰੀਕ ਰੰਧਾਵਾ ਆਇਆ ਕਿ ਓਸ ਦੇ ਚੇਹਰੇ ਦੀ ਪਹਿਚਾਣ ਫ਼ਿਲਮ ਨਗਰੀ ਨੂੰ ਵੀ ਹੋਈ ਤੇ ਓਸ ਨੂੰ ਗੁਰਦੀਪ ਸੰਧੂ ਨੇ "ਇਸ਼ਕ ਮੁਹੱਬਤ" ਵਿੱਚ ਲਿਆ। ਇਸ ਤੋਂ ਬਾਅਦ ਨੀਰੂ ਬਾਜਵਾ ਤੋਂ ਯੋਗਰਾਜ ਸਿੰਘ ਤੇ ਰਣਜੀਤ ਬਾਵਾ ਨਾਲ ਵੀ ਓਸ ਨੇ ਫ਼ਿਲਮਾਂ ਕਰ ਕਿ ਆਪਣਾ ਨਾਂ ਚਮਕਾ ਲਿਆ =। ਨਾਲ ਹੀ ਮੇਕ ਅੱਪ ਨਿਰਦੇਸ਼ਕ ਬਣ ਵੀ ਕੰਮ ਕੀਤਾ। ਅਮਰੀਕ ਰੰਧਾਵਾ ਨੂੰ ਪਛਤਾਵਾ ਇਸ ਗੱਲ ਦਾ ਹੈ ਕਿ ਓਹ ਜਦ ਸੁਦੇਸ਼ ਲਹਿਰੀ ਤੇ ਕਪਿਲ ਸ਼ਰਮਾ ਮੁੰਬਈ ਗਏ ਸਨ ਤਦ ਪੱਕਾ ਮੁੰਬਈ ਰਹਿੰਦਾ ਤਾਂ ਅੱਜ ਬਾਲੀਵੁੱਡ ਦਾ ਚਰਚਿਤ ਨਿਰਦੇਸ਼ਕ ਹੁੰਦਾ। ਖ਼ੈਰ ਅੱਜ ਓਹ ਲਘੂ ਫਿਲਮਾਂ ਵੀ ਕਰ ਰਿਹਾ ਹੈ ਤੇ ਪੰਜਾਬੀ ਫ਼ਿਲਮਾਂ ਵੀ ਓਸ ਨੂੰ ਮਿਲ ਰਹੀਆਂ ਹਨ। ਫਿਰ ਵੀ ਇਨਸਾਨ ਨੂੰ "ਪਛਤਾਵਾ" ਰਹਿੰਦਾ ਹੈ ਤੇ ਜੇਕਰ ਘੁੱਗੀ ਤੇ ਬੀਨੂੰ ਢਿੱਲੋਂ ਦੀ ਤਰਾਂ ਅਮਰੀਕ ਰੰਧਾਵਾ ਨੂੰ ਵੱਡੇ ਕਿਰਦਾਰ ਤੇ ਬੈਨਰ ਮਿਲ ਗਏ ਤਾਂ ਇਹ ਪਛਤਾਵਾ ਖ਼ਤਮ ਹੋ ਜਾਏਗਾ।

## "ਕਿਸ ਮੀ ਕਰਸ" ਪੰਜਾਬੀ ਇੰਦਰ ਦੀ ਹਾਲੀਵੁੱਡ ਫ਼ਿਲਮ



ਇੰਦਰ ਕੁਮਾਰ ਇਸ ਵੇਲੇ 160 ਹਾਲੀਵੁੱਡ ਫ਼ਿਲਮਾਂ ਕਰ ਕਿ ਭਾਰਤੀ ਅਦਾਕਾਰ ਸਭ ਤੋਂ ਜਿਆਦਾ ਹਾਲੀਵੁੱਡ ਫ਼ਿਲਮਾਂ ਕਰਨ ਵਾਲਾ ਬਣ ਗਿਆ ਹੈ। ਇਹ ਵੀ ਮਜ਼ੇਦਾਰ ਗੱਲ ਹੈ ਕਿ ਇੰਦਰ ਨੇ ਕੋਈ ਪੰਜਾਬੀ ਜਾਂ ਹਿੰਦੀ ਫ਼ਿਲਮ ਨਹੀਂ ਕੀਤੀ। ਇੰਦਰ ਕੁਮਾਰ ਨੇ ਹੁਣ ਹਾਲੀਵੁੱਡ ਫਿਲਮ ਨਿਰਮਾਤਾ ਬਣ 2024 ਵਿੱਚ ਆਪਣੀ ਅਮਰੀਕਨ ਫ਼ਿਲਮ "ਕਿਸ ਮੀ ਕਰਸ" ਸ਼ੁਰੂ ਕੀਤੀ ਹੈ। ਇਸ ਫ਼ਿਲਮ ਲਈ ਇੰਦਰ ਨੂੰ ਹਾਲੀਵੁੱਡ ਹੀਰੋ ਵਿਨ ਮਰਾਲੇਂ, ਵਿਨ ਡੀਜ਼ਲ, ਐਮਾ ਵਾਟਸਨ, ਸਕਾਰਲੇਟ ਸਮੇਤ ਹੋਰ ਸਟਾਰ ਕਲਾਕਾਰਾਂ ਨੇ ਮੁਬਾਰਕ ਦਿੱਤੀ ਹੈ। ਮਜ਼ਾ ਆ ਜਾਏ ਜੇਕਰ ਇਹ ਫ਼ਿਲਮ ਪੰਜਾਬੀ ਵਿੱਚ ਵੀ ਰਿਮੇਕ ਬਣ ਆਏ।

## ਦਲੇਰ ਮਹਿਤਾ ਅਨੁਸਾਰ ਡੇਰਵਾਦ "ਤਬਾਹੀ" ਹੈ



ਪੰਜਾਬੀ ਫ਼ਿਲਮਾਂ ਦਾ ਸ਼ਾਨਦਾਰ ਸਿਤਾਰਾ ਹੈ ਦਲੇਰ ਮਹਿਤਾ ਜਿਸ ਦਾ ਕੰਮ ਆ ਰਹੀ ਫਿਲਮ "ਤਬਾਹੀ ਰੀਲੋਡੋਡ" ਵਿੱਚ ਕਾਫ਼ੀ ਹੈ ਤੇ ਉਸ ਨੇ ਇਸ ਲਈ ਨਾਰਵੇ ਰਹਿੰਦੇ ਫ਼ਿਲਮ ਦੇ ਨਿਰਮਾਤਾ ਬਲਬੀਰ ਟਾਂਡਾ ਤੇ ਇਕਬਾਲ ਢਿੱਲੋਂ ਨੂੰ ਧੰਨਵਾਦ ਦਿੱਤਾ ਹੈ। ਦਲੇਰ ਨੇ ਕਿਹਾ ਕਿ ਪੰਜਾਬ ਵਿੱਚ "ਡੇਰਾਵਾਦ" ਦੀ ਬਿਮਾਰੀ ਨੇ ਸਾਰੇ ਧਰਮਾਂ ਨੂੰ ਢਾਹ ਲਾਈ ਹੈ ਤੇ ਇਹੀ ਇਸ ਫ਼ਿਲਮ ਵਿੱਚ ਦਿਖਾਇਆ ਗਿਆ ਹੈ। ਡੇਰੇ ਦੇ ਅਸਰਾਂ ਦੇ ਨਾਲ ਪੰਜਾਬ ਵਿੱਚ ਗੈਰ ਮੁਲਕੀ ਔਰਤ ਵੱਲੋਂ ਪ੍ਰਸਾਸ਼ਨ ਚਲਾਉਣ ਦਾ ਸੱਚ ਵੀ "ਤਬਾਹੀ" ਜਿਹੜੀ ਮਾਰਚ ਮਹੀਨੇ ਆ ਰਹੀ ਹੈ ਵਿੱਚ ਦਿਖਾਇਆ ਗਿਆ ਹੈ। ਪੂਜਾ ਗਾਬਾ ਤੇ ਸਵਰਨ ਸਿੰਘ ਇਸ ਫ਼ਿਲਮ ਵਿੱਚ ਦਲੇਰ ਮਹਿਤਾ ਦੇ ਨਾਲ ਹਨ। ਬਾਕੀ ਦਲੇਰ ਮਹਿਤਾ ਇਸ ਫ਼ਿਲਮ ਨਾਲ ਇੰਡਸਟਰੀ ਦਾ ਨਾਮਵਰ ਕਲਾਕਾਰ ਬਣ ਜਾਏਗਾ।

## ਸ਼ਿਲਪਾ ਸ਼ੈਟੀ ਨੇ ਕਿਹਾ ਸੀ "ਰਾਮ" ਚਮਕਾਏਗਾ "ਭੋਗਪੁਰ" ਦਾ ਨਾਮ




ਕਿਸੇ ਵੇਲੇ ਕਹਿ ਦਿੱਤੀ ਤੇ ਸਿਆਣਿਆਂ ਅਨੁਸਾਰ ਕਿਸੇ ਵੇਲੇ ਮੂੰਹੋਂ ਕਢ ਦਿੱਤੀ ਗੱਲ ਸਹੀ ਹੋ ਜਾਂਦੀ ਹੈ। ਫ਼ਿਲਮੀ ਸਟਾਰ ਨਾਇਕਾ ਸ਼ਿਲਪਾ ਸ਼ੈਟੀ ਅਮਰੀਕਾ ਵਿਖੇ ਸ਼ੋ ਦੌਰਾਨ ਰਾਮ ਭੋਗ ਪੁਰੀਆ ਨੂੰ ਮਿਲੀ ਸੀ ਤੇ ਤਦ ਰਾਮ ਫ਼ਿਲਮੀ ਸਟਾਰ ਤੇ ਕਲਾਕਾਰਾਂ ਦੇ ਸ਼ੋ ਕਰਵਾਉਂਦੇ ਸਨ ਯੂ ਐਸ ਏ ਵਿੱਚ ਤਾਂ ਕਿਹਾ ਸੀ ਕਿ ਤੁਸੀਂ ਰਾਮ ਇੱਕ ਦਿਨ ਪੰਜਾਬੀ ਹੀ ਨਹੀਂ ਬਲ ਕਿ ਬਾਲੀਵੁੱਡ ਦੇ ਵੀ ਰਿਸ਼ਮਾਂ ਵਾਂਗ ਚਮਕਦੇ ਸਿਤਾਰੇ ਹੋਵੋਗੇ। ਅੱਜ ਰਾਮ ਭੋਗਪੁਰ ਅਨੁਰਾਧਾ ਪੌਡਵਾਲ ਤੋ ਫਿਰੋਜ਼ ਖਾਨ ਤੇ ਜਸਪਿੰਦਰ ਨਰੂਲਾ ਤੋਂ ਪੰਮਾ ਮੱਲ੍ਹੀ ਤੱਕ ਹਿੰਦੀ ਪੰਜਾਬੀ ਕਲਾਕਾਰਾਂ ਦੇ ਸੰਗੀਤ ਪੇਸ਼ਕਾਰ ਬਣ ਚਰਚਿਤ ਹਨ। ਸ਼ਿਲਪਾ ਦੇ ਕਥਨ ਅਨੁਸਾਰ ਜਲਦੀ ਰਾਮ ਹੁਣ ਫ਼ਿਲਮ ਨਿਰਮਾਣ ਵੱਲ ਹੋਣਗੇ ਤੇ ਸਭ ਤੋਂ ਜਿਆਦਾ ਖੁਸ਼ੀ ਕਸਬਾ ਭੋਗਪੁਰ ਨੂੰ ਹੋਏਗੀ।

## ਇਤਿਹਾਸਕ ਪੰਜਾਬੀ ਫ਼ਿਲਮਾਂ ਵੱਲ "ਬੀਬੀ ਰਜਨੀ" ਬਹੁਤ ਵੱਡੀ ਤੇ ਔਰਤਾਂ ਲਈ ਸਿੱਖਿਆਦਾਇਕ ਫ਼ਿਲਮ ਹੈ, ਸਾਰੇ ਦੇਖਣ- ਯੋਗਰਾਜ ਸਿੰਘ

ਅਸੀਂ ਅੱਜ ਇਹ ਸੋਚ ਕਿ ਸਿੱਖੀ ਤੇ ਜਾਂ ਇਸ ਦੇ ਅਹਿਮ ਪੱਖ ਦੱਸਦੀ ਫ਼ਿਲਮ ਬਣਾਈ ਤਾਂ ਓਹ ਹੋਊ ਡਰਦੇ ਰਹੇ ਤਾਂ ਮਸੰਦ ਜਿੱਤ ਜਾਣਗੇ। ਇਹ ਗੱਲ ਸਦਾਬਹਾਰ ਅਭਿਨੇਤਾ ਯੋਗਰਾਜ ਸਿੰਘ ਨੇ ਆਖੀ ਜਦ ਓਹਨਾਂ ਨਾਲ ਓਹਨਾਂ ਦੀ ਇਸ ਮਹੀਨੇ ਦੇ ਆਖ਼ਿਰ ਵਿੱਚ ਆ ਰਹੀ ਇਤਿਹਾਸਕ ਫ਼ਿਲਮ "ਬੀਬੀ ਰਜਨੀ"ਦੇ ਸੰਬੰਧ ਵਿੱਚ ਗੱਲਾਂ ਕਰਨ ਤੋਂ ਪਹਿਲਾਂ ਕਹੀ। ਯੋਗਰਾਜ ਸਿੰਘ ਦ੍ਰਿੜ ਸੰਕਲਪ ਤੇ ਓਸ ਗੁਰੂ ਅਕਾਲ ਪੁਰਖ ਤੋਂ ਡਰਦੇ ਹਨ ਤੇ ਆਖਦੇ ਨੇ ਕਿ ਅੱਜ ਦੀਆਂ ਧੀਆਂ ਜਿਹਨਾਂ ਕਲ ਪਤਨੀਆਂ ਬਣ ਜਾਣਾ ਨੂੰ ਪਤਾ ਚਲੇ ਕਿ ਪਤੀ ਪਰਮੇਸ਼ਵਰ ਹੁੰਦਾ ਹੈ। ਜਿਸ ਤਰਾਂ ਦਾ ਵਰ ਮਾਪੇ ਲੱਭ ਦੇਣ ਕਬੂਲ ਕਰੋ।ਯੋਗਰਾਜ ਸਿੰਘ ਹਮੇਸ਼ਾ ਆਪਣੀ ਬੇਬਾਕ ਗੱਲਬਾਤ ਲਈ ਮਸ਼ਹੂਰ ਰਹੇ ਹਨ। ਫ਼ਿਲਮ "ਬੀਬੀ ਰਜਨੀ" ਬਾਬਤ ਓਹਨਾਂ ਨਾਲ ਹੋਈ ਗੱਲਬਾਤ ਦੇ ਅੰਸ਼ : ਪਹਿਲਾ ਸਵਾਲ "ਬੀਬੀ ਰਜਨੀ" ਇਤਿਹਾਸਕ ਫ਼ਿਲਮ ਤੁਸੀਂ ਕੀਤੀ ਹੈ, ਨਿਰਮਾਤਾ ਡਰ ਨਹੀਂ ਗਏ ਕਿ ਧਰਮ ਦੇ ਠੇਕੇਦਾਰ ਨੇ ਰੋਕ ਲਾਉਣ ਦਾ ਫੁਰਮਾਨ ਜਾਰੀ ਨਾ ਕਰਨ? ਪਹਿਲਾ ਜਵਾਬ : ਡਰ ਗਿਆ ਮਰ ਗਿਆ। ਪਿੰਕੀ ਧਾਲੀਵਾਲ ਮਹਾਨ ਇਨਸਾਨ ਏ ਓਹ ਰਗ ਰਗ ਮਿਊਜ਼ਿਕ ਇੰਡਸਟਰੀ ਦੀ ਜਾਣਦੇ ਹਨ।ਇਹਨਾਂ ਨੇ ਮੇਰੇ ਨਾਲ ਗੱਲ ਕੀਤੀ ਕਿ ਆਪਾਂ ਆਪਣੇ ਇਤਹਾਸਕ ਵਿਰਸੇ ਤੋਂ ਭਜਦੇ ਰਹੇ ਤਾਂ ਕੀ ਫਿਰ ਕੋਈ ਮਹੇਸ਼ਵਰੀ ਹੀ ਆ ਫ਼ਿਲਮ ਕਰਨਗੇ। ਇਸ ਲਈ ਵਾਹਿਗੁਰੂ ਦਾ ਨਾਮ ਲੈਣ ਬਾਅਦ ਫ਼ਿਲਮ ਬਣੀ। ਦੂਜਾ ਸਵਾਲ: ਯੋਗਰਾਜ ਸਿੰਘ ਨੇ ਇਸ ਫਿਲਮ ਵਿੱਚ ਕਿਹਦਾ ਕਿਰਦਾਰ ਅਦਾ ਕੀਤਾ ਹੈ ਤੇ ਕਿਰਦਾਰ ਕਰਦੇ ਸਮੇਂ ਕੋਈ ਖਾਸ ਗੱਲ? ਦੂਜਾ ਜਵਾਬ: ਮੈ ਰਾਜਾ ਦੂਣੀ ਚੰਦ ਬਣਿਆ ਹਾਂ,ਇਹ ਕਹਾਣੀ ਬਚਪਨ ਵਿੱਚ ਮੇਰੀ ਮਾਂ ਨੇ ਸੁਣਾਈ ਸੀ। ਕਿਰਦਾਰ ਕਰਦੇ ਮੈਂ ਆਪਣੇ ਆਪ ਨੂੰ ਜ਼ਾਲਿਮ ਰਾਜੇ ਵਜੋਂ ਲਿਆ ਤੇ ਕਿਰਦਾਰ ਸਹਿਜ ਅਵਸਥਾ ਵਿੱਚ ਹੋਇਆ। ਤੀਜਾ ਸਵਾਲ: "ਬੀਬੀ ਰਜਨੀ" ਦੇ ਬਾਕੀ ਸਟਾਰ ਕਿਹੜੇ ਹਨ ਤੇ ਸਾਰਿਆਂ ਦਾ ਫ਼ਿਲਮ ਬਾਬਤ ਨਜ਼ਰੀਆ? ਤੀਸਰਾ ਜਵਾਬ: ਰੂਪੀ ਗਿੱਲ ਪੰਜਾਬ ਦੀ ਹੋਣਹਾਰ ਧੀ ਤੇ ਵਧੀਆ ਐਕਟ੍ਰੈਸ ਹੈ ਓਸ ਨੇ "ਬੀਬੀ ਰਜਨੀ" ਬਣ ਜਾਣ ਲਈ ਕਈ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ। ਓਸ ਨੇ ਹੱਸ ਕਿ ਪਰ ਗੰਭੀਰ ਹੋ ਕਿ ਕਿਹਾ ਕਿ ਓਹ ਹਮੇਸ਼ਾ ਪਤੀਵਰਤਾ ਔਰਤ ਤੌਰ ਤੇ ਵਿਆਹ ਬਾਅਦ ਵਿਚਰੇਗੀ। ਰੂਪੀ ਨੇ ਕਿਰਦਾਰ ਵਿੱਚ ਜਾਨ ਪਾਈ ਹੈ। ਚੋਥਾ ਸਵਾਲ: ਜੱਸ ਬਾਜਵਾ ਨਾਲ ਕੰਮ ਕਿਵੇਂ ਦਾ ਰਿਹਾ?






ਚੋਥਾ ਜਵਾਬ: ਜੱਸ ਬਾਜਵਾ ਤੇ ਰੂਪੀ ਮੇਰੇ ਲਈ ਬੱਚਿਆਂ ਵਾਂਗ ਹਨ। ਅਸੀਂ ਇੱਕ ਦੂਜੇ ਦੀ ਹੈਲਪ ਕੀਤੀ ਤੇ ਫ਼ਿਲਮ ਨੂੰ ਵਧੀਆ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਪੰਜਵਾਂ ਸਵਾਲ "ਫ਼ਿਲਮ ਬਾਬਤ ਹੋਰ ਕੀ ਕਹੋਗੇ? ਪੰਜਵਾਂ ਜਵਾਬ: ਅਮਰ ਹੁੰਦਲ ਨੇ ਬਹੁਤ ਮਿਹਨਤ ਕੀਤੀ ਹੈ।ਓਸ ਵੇਲੇ ਅਨੁਸਾਰ ਫ਼ਿਲਮ ਨੂੰ ਢਾਲਿਆ ਹੈ। ਮੈ ਸਾਰੇ ਪੰਜਾਬੀਆਂ ਨੂੰ ਕਹਾਂਗਾ ਕਿ ਇਹ ਫਿਲਮ ਜਰੂਰੀ ਦੇਖਣ। ਇਸ ਨਾਲ ਸਮਾਜਿਕ ਰਿਸ਼ਤੇ ਸਹੀ ਹੋਣਗੇ।ਇਤਿਹਾਸਕ ਪੰਜਾਬੀ ਸਿਨੇਮਾ ਬਣਿਆ ਹੀ ਨਹੀਂ। ਇਸ ਤੋਂ ਇਹ ਸ਼ੁਰੂ ਹੋਏ ਤੇ "ਬੀਬੀ ਰਜਨੀ" ਰਿਕਾਰਡ ਤੋੜ ਕਾਮਯਾਬੀ ਲਏ। ਛੇਵਾਂ ਸਵਾਲ : ਕ੍ਰਿਕਟ ਚਲਦੀ ਹੈ, ਐਕਟਿੰਗ ਅਲੱਗ ਹੈ, ਇੱਕ ਪਾਸੇ ਬੀਬੀ ਰਜਨੀ ਦੂਜੇ ਪੈਸੇ ਮੈਦਾਨ ਕਿਸ ਤਰਾਂ ਤਾਲਮੇਲ ਬੈਠਦਾ ਹੈ? ਛੇਵਾਂ ਜਵਾਬ: "ਬੀਬੀ ਰਜਨੀ" ਕਰਨ ਦੇ ਨਾਲ ਚੰਡੀਗੜ ਸੀ ਤਾਂ ਡੀ ਏ ਵੀ ਕਾਲਜ ਜਾ ਕਿ ਬੱਚਿਆਂ ਨੂੰ ਖੇਡ ਦੀ ਟ੍ਰੇਨਿੰਗ ਦਿੰਦਾ ਹਾਂ। ਕ੍ਰਿਕਟ ਬੀ ਮੇਰਾ ਧਰਮ ਹੈ। ਮੈਂ ਖਿਡਾਰੀਆਂ ਨੂੰ ਵੀ ਕਿਹਾ ਹੈ ਕਿ ਓਹ "ਬੀਬੀ ਰਜਨੀ" ਜਰੂਰ ਦੇਖਣ। ਇਹ ਫ਼ਿਲਮ ਰੱਬ ਨਾਲ ਜੋੜਦੀ ਹੈ। ਸੱਤਵਾਂ ਸਵਾਲ : ਤੁਸੀ ਆਪਣੀ ਰੂਪ ਰੇਖਾ ਕਾਫੀ ਧਾਰਮਿਕ ਰੰਗਤ ਵਾਲੀ ਬਣਾ ਲਈ ਹੈ? ਸੱਤਵਾਂ ਜਵਾਬ : ਮੈ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਪੁੱਤਰ ਹਾਂ, ਮੈਂ ਬਾਬਾ ਦਰਸ਼ਨ ਸਿੰਘ ਜੀ ਕੋਲ ਟਾਹਲਾ ਸਾਹਿਬ ਅਕਸਰ ਜਾਂਦਾ ਹਾਂ, ਮੈਨੂੰ ਪਾਠ ਕਰਨ, ਭਗਤੀ ਕਰਨ ਵਿੱਚ ਅਲੌਕਿਕ ਅਨੰਦ ਆਉਂਦਾ ਹੈ।" ਬੀਬੀ ਰਜਨੀ" ਫ਼ਿਲਮ ਕਰਨ ਨਾਲ ਮਨ ਕੁਦਰਤੀ ਹੋਰ ਰੱਬ ਨਾਲ ਜੁੜਿਆ ਰਿਹਾ। ਅੱਠਵਾਂ ਸਵਾਲ : ਤੁਹਾਡੇ ਘਰ ਪਰਿਵਾਰ ਬਾਬਤ ਵੀ ਕੋਈ ਗੱਲ ਹੋ ਜਾਏ? ਅੱਠਵਾਂ ਜਵਾਬ : ਸਰਦਾਰਨੀ ਨੀਨਾ ਬੁੰਦੇਲ ਮੇਰੀ ਸਰਦਾਰਨੀ ਦੋਨੋ ਬੱਚੇ ਵਿਕਟਰ ਤੇ ਐਮੀ ਨੂੰ ਪਰਵਰਿਸ਼ ਦਿੰਦੀ ਹੈ, ਮੈ ਬਾਪ ਦੇ ਫ਼ਰਜ਼ ਨਿਭਾ ਰਿਹਾ ਹਾਂ। ਯੁਵਰਾਜ ਸਿੰਘ ਦਾ ਫਿਰ ਕ੍ਰਿਕਟ ਦਾ ਵਕਤ ਆ ਰਿਹਾ ਹੈ। ਵੈਸੇ ਵ ਸੀ ਐਲ ਖਿਤਾਬ ਓਸ ਦੀ ਕਪਤਾਨੀ ਵਿੱਚ ਮਿਲਿਆ ਹੈ। ਇਸ ਦੇ ਨਾਲ ਯੋਗਰਾਜ ਸਿੰਘ ਨੇ ਕਿਹਾ ਕਿ ਅੱਜ ਵਕਤ ਸਿਨੇਮਾ ਦਾ ਮੀਡੀਆ ਦਾ ਹੈ, ਅਸੀਂ ਇਤਿਹਾਸ ਛੁਪਿਆ ਨਾ ਰਹਿਣ ਦੇਈਏ ਬਲ ਕਿ "ਬੀਬੀ ਰਜਨੀ" ਜਿਹੀਆਂ ਫ਼ਿਲਮਾਂ ਬਣਾ ਕਿ ਦੁਨੀਆਂ ਨੂੰ ਔਰਤ ਦੀ ਮਹਾਨਤਾ ਤੋਂ ਜਾਣੂ ਕਰਵਾਈਏ।

ਬਹੁਤ ਖੁਸ਼ੀ ਹੋਈ ਯੋਗਰਾਜ ਸਿੰਘ ਨਾਲ ਗੱਲ ਬਾਤ ਕਰ ਕਿ ਜਨਤਾ ਨੂੰ ਵੀ ਚਾਹੀਦਾ ਹੈ ਕਿ ਪੁੱਠੇ ਪਾਸੇ ਬਹੁਤ ਜਾਂਦੇ ਹਾਂ, ਆਪਣੇ ਇਤਿਹਾਸਕ ਵਿਰਸੇ ਦੀ ਕਦਰ ਕਰੀਏ ਤੇ "ਬੀਬੀ ਰਜਨੀ" ਜਿਹੀਆਂ ਫ਼ਿਲਮਾਂ ਵੱਧ ਤੋਂ ਵੱਧ ਬਣਨ ਤੇ ਦੇਖੀਏ।

# ਰਫ਼ਲਾਂ" ਟਰੈਕ ਨਾਲ 'ਛੱਲੇ ਮੁੰਦੀਆਂ' ਫੇਮ ਲੋਕ ਗਾਇਕ ਸੁਖਵਿੰਦਰ ਪੰਛੀ ਹੋਇਆ ਹਾਜ਼ਰ

## ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਹੈ ਟਰੈਕ




**ਵੈਨਕੂਵਰ - (ਕੁਲਦੀਪ ਚੁੰਬਰ )-** ਸ਼ਹੀਦ ਊਧਮ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਛੱਲੇ ਮੁੰਦੀਆਂ ਫੇਮ ਲੋਕ ਗਾਇਕ ਸੁਖਵਿੰਦਰ ਪੰਛੀ ਇੱਕ ਨਵਾਂ ਗੀਤ ਲੈ ਕੇ ਹਾਜ਼ਰ ਹੋਇਆ ਹੈ। ਜਿਸ ਗੀਤ ਦਾ ਟਾਈਟਲ ਹੈ "ਰਫ਼ਲਾਂ"। ਜਿਸ ਤਰ੍ਹਾਂ ਤੁਸੀਂ ਉਹਨਾਂ ਦੇ ਪਹਿਲੇ ਮਾਰਕੀਟ ਵਿੱਚ ਚੱਲ ਰਹੇ ਬਹੁਤ ਸਾਰੇ ਸੁਪਰਹਿੱਟ ਗੀਤਾਂ ਨੂੰ ਪਿਆਰ ਦਿੱਤਾ, ਛੱਲੇ ਮੁੰਦੀਆਂ, ਦਿੱਲੀ ਦੇ ਹਵਾਈ ਅੱਡੇ ਤੇ, ਭਾਨੀ ਮਾਰ, ਤੇਰੇ ਕਰਕੇ, ਸ਼ਾਹਾਂ ਦੀਏ ਕੁੜੀਏ ਬਹੁਤ ਸਾਰੇ ਹਿੱਟ ਗੀਤਾਂ ਨੂੰ ਤੁਸੀਂ ਮਣਾਂ ਮੂੰਹੀਂ ਪਿਆਰ ਦਿੱਤਾ। ਸੁਖਵਿੰਦਰ ਪੰਛੀ ਜੀ ਨੇ ਆਪਣੇ ਨਵੇਂ ਗੀਤ ਵਿੱਚ ਜ਼ਿਲਿਆਂ ਵਾਲੇ ਬਾਗ ਦੀ ਗੱਲ ਕੀਤੀ ਅਤੇ ਸਰਦਾਰ ਊਧਮ ਸਿੰਘ ਦੀ ਸ਼ਹੀਦੀ ਨੂੰ ਇਸ ਗੀਤ ਰਾਹੀਂ ਯਾਦ ਕੀਤਾ। ਇਸ ਗੀਤ ਨੂੰ ਲਿਖਿਆ ਹੈ ਪ੍ਰਸਿੱਧ ਗੀਤਕਾਰ ਬਿੱਟੂ ਕਾਂਜਲੀ ਵਾਲੇ ਨੇ ਅਤੇ ਇਸ ਗੀਤ ਦਾ ਸੰਗੀਤ ਤਿਆਰ ਕੀਤਾ ਹੈ ਕਮਲ ਸੁਰਮਾ ਯੂ ਕੇ ਨੇ ਅਤੇ ਇਸ ਗੀਤ ਨੂੰ ਐਸ ਪੀ ਟਰੈਕ ਕੰਪਨੀ ਵਲੋਂ ਬੜੇ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਸੁਖਵਿੰਦਰ ਪੰਛੀ ਵਲੋਂ ਸਾਰੇ ਸਰੋਤਿਆਂ ਨੂੰ ਅਪੀਲ ਹੈ ਕਿ ਜਿੰਦਾਂ ਤੁਸੀਂ ਮੇਰੇ ਪਹਿਲੇ ਗੀਤਾਂ ਨੂੰ ਪਿਆਰ ਦਿੱਤਾ ਇਸ ਗੀਤ ਨੂੰ ਵੀ ਪਿਆਰ ਦਿਓ ਜੀ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
facebook rajasweetsandcatering
Twitter rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

